
ਬਗੀਚਾ



ਪਿਆਰਾ ਸਿੰਘ ਪਦਮ

ਬਗੀਚਾ

ਲੇਖਕ :

ਪ੍ਰੋ. ਪਿਆਰਾ ਸਿੰਘ ਪਦਮ

ਸੰਪਾਦਕ :

ਹਰਿੰਦਰ ਕੌਰ, ਰਵਿੰਦਰ ਕੌਰ

©
ਲੇਖਕ

ਪ੍ਰੋ. ਪਿਆਰਾ ਸਿੰਘ ਪਦਮ

ਸੰਪਾਦਕ

ਹਰਿੰਦਰ ਕੌਰ, ਰਵਿੰਦਰ ਕੌਰ

ਪਹਿਲੀ ਵਾਰ

2003

ਕਾਪੀਆਂ

500

ਛਾਪਕ

ਇੰਡੋ ਪ੍ਰਿੰਟਰਜ਼
ਫੈਕਟਰੀ ਏਰੀਆ, ਪਟਿਆਲਾ
ਫੋਨ : 0175-2356313
98142-20571

ਪ੍ਰਕਾਸ਼ਕ

ਕਲਗੀਧਰ ਕਲਮ ਫਾਊਂਡੇਸ਼ਨ
ਕਲਮ ਮੰਦਰ, ਪਟਿਆਲਾ
ਫੋਨ : 0175-2211258

ਮੁੱਲ :

125 ਰੁਪਏ

ਤਤਕਰਾ

ਬਾਗ ਤੇਰਾ ਬਗੀਚਾ ਤੇਰਾ
ਮੈਂ ਬੁਲਬੁਲ ਬਾਗ ਤਿਹਾਰੇ ਦੀ।

(ਸ਼ਾਹ ਹੁਸੈਨ)

ਆਦਿ ਕਥਨ - ਕਲਮ ਮੰਦਰ ਦਾ ਬ.ਗੀਚਾ

ਸਵਰਗਵਾਸੀ ਪ੍ਰੋ. ਪਿਆਰਾ ਸਿੰਘ ਪਦਮ ਪੰਜਾਬੀ ਦੇ ਸਿਰਮੌਰ ਸਾਹਿੱਤਕਾਰ ਸਨ ਜਿਨ੍ਹਾਂ ਨੇ ਅੱਧੀ ਸਦੀ ਤੋਂ ਵਧੇਰੇ ਆਪਣੀ ਸਾਹਿੱਤਕ ਘਾਲਣਾ ਨੂੰ ਨਿਰੰਤਰ ਜਾਰੀ ਰੱਖਿਆ ਅਤੇ ਲੱਗਭੱਗ 80 ਤੋਂ ਵੀ ਵਧੇਰੇ ਪੁਸਤਕਾਂ ਪੰਜਾਬੀ ਮਾਤ ਭਾਸ਼ਾ ਦੀ ਝੋਲੀ ਪਾਈਆਂ। ਉਹ ਮੇਰੀ ਪੀੜ੍ਹੀ ਦੇ ਲੇਖਕਾਂ ਵਿਚੋਂ ਸਨ ਜਿਨ੍ਹਾਂ ਨੇ ਉਦਾਰ ਤੇ ਉਦਾਤ ਦ੍ਰਿਸ਼ਟੀ ਤੋਂ ਸਾਹਿੱਤ ਰਚਨਾ ਕੀਤੀ ਹੈ। ਇਸ ਪੀੜ੍ਹੀ ਦੇ ਬਹੁਤ ਸਾਰੇ ਲੇਖਕਾਂ ਤੇ ਸਾਹਿੱਤਕਾਰਾਂ ਨੇ ਆਪਣੇ ਮਨ ਨੂੰ ਖੁਲ੍ਹੀ ਪੁਸਤਕ ਸਮਾਨ ਸਦਾ ਖੋਲ੍ਹ ਕੇ ਰੱਖਿਆ ਹੈ ਅਤੇ ਆਪਣੇ ਸਮੇਂ ਦੇ ਵਿਚਾਰਾਂ ਤੇ ਹਾਲਾਤਾਂ ਨੂੰ ਉਦਾਰ ਚਿੱਤ ਦ੍ਰਿਸ਼ਟੀ ਤੋਂ ਆਪਣੀਆਂ ਰਚਨਾਵਾਂ ਵਿੱਚ ਅਭਿਵਿਅਕਤ ਕੀਤਾ ਹੈ। ਪ੍ਰੋ. ਪਦਮ ਸਰਬਾਂਗੀ ਲੇਖਕ ਸਨ। ਗੱਦ ਤੇ ਪਦ ਦੋਹਾਂ ਸਾਹਿੱਤਕ ਰੂਪਾਂ ਵਿੱਚ ਉਨ੍ਹਾਂ ਦਾ ਅਧਿਕਾਰ ਸੰਪੂਰਨ ਅਤੇ ਵਿਅਕਤੀਗਤ ਵਸ਼ਿਸ਼ਟਤਾ ਮੌਜੂਦ ਸੀ, ਇਹੋ ਕਾਰਨ ਹੈ ਕਿ ਭਾਸ਼ਾ ਦੇ ਪੱਖ ਤੋਂ ਉਨ੍ਹਾਂ ਨੇ ਜਨ ਸਾਧਾਰਣ ਦੀ ਭਾਸ਼ਾ ਨੂੰ ਹੀ ਸੁਨੱਖੇ ਸਾਹਿੱਤਕ ਸਰੂਪ ਵਿਚ ਪ੍ਰਸਤੁਤ ਕਰਨ ਦਾ ਸਫਲ ਯਤਨ ਕੀਤਾ ਹੈ। ਭਾਵੇਂ ਉਨ੍ਹਾਂ ਦੀ ਰਚਨਾ ਦਾ ਮੁੱਖ ਅੰਗ ਗੁਰਮੱਤ ਸਾਹਿੱਤ ਸੀ, ਜਿਸ ਦੀ ਖੋਜ ਵਿਚ ਉਹ ਲਗਾਤਾਰ ਆਪਣੇ ਜੀਵਨ ਭਰ ਲੱਗੇ ਰਹੇ ਅਤੇ ਇਸ ਪੱਖ ਤੋਂ ਉਨ੍ਹਾਂ ਨੇ ਬਹੁਤ ਸਾਰੇ ਸਾਹਿੱਤਕਾਰਾਂ ਵਿਦਵਾਨਾਂ ਤੇ ਖੋਜੀਆਂ ਦਾ ਸਫਲ ਮਾਰਗ ਦਰਸ਼ਨ ਵੀ ਕੀਤਾ। ਗੁਰੂ ਰਾਮਦਾਸ ਕਾਲਜ ਅੰਮ੍ਰਿਤਸਰ ਜਿਸ ਦੇ ਸੰਸਥਾਪਕ ਪ੍ਰੋ ਸ. ਸ. ਅਮੋਲ ਸਨ, ਦੀ ਸ਼ਗਿਰਦੀ ਕਰਕੇ ਉਨ੍ਹਾਂ ਨੇ ਗਿਆਨੀ ਦੀ ਪ੍ਰੀਖਿਆ ਕੇਵਲ ਪਾਸ ਹੀ ਨਹੀਂ ਕੀਤੀ ਸਗੋਂ ਅਮੋਲ ਜੀ ਦੇ ਸਾਹਿੱਤਕ ਗੁਣਾਂ ਨੂੰ ਵੀ ਸਹਿਜ ਰੂਪ ਵਿੱਚ ਹੀ ਗ੍ਰਹਿਣ ਕਰ ਲਿਆ ਸੀ। ਉਨ੍ਹਾਂ ਦੀ ਵਰਤੀ ਗਈ ਪੰਜਾਬੀ ਭਾਸ਼ਾ ਵਿੱਚ ਜਿਹੜੀ ਸਰਲਤਾ, ਸਰਸਤਾ ਤੇ ਸਾਹਿੱਤਕ ਸੂਹਜ ਵਿਦਮਾਨ ਹੈ ਉਸ ਵਿੱਚ ਅਮੋਲ ਜੀ ਦੀ ਵਿਅਕਤੀਤੱਵ ਤੇ ਸਾਹਿੱਤਕ ਪ੍ਰਵਿਰਤੀਆਂ ਦੇ ਨੈਣ-ਨਕਸ਼ ਵੀ ਲੱਭ ਪੈਂਦੇ ਹਨ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿੱਚ ਇਕ ਅਧਿਆਪਕ ਵਜੋਂ ਜਿਸ ਸੇਵਾ ਨੂੰ ਉਨ੍ਹਾਂ ਨੇ ਮਿਸ਼ਨਰੀ ਰੂਪ ਵਿਚ ਨਿਭਾਇਆ ਉਸ ਦਾ ਵੀ ਉਨ੍ਹਾਂ ਦੇ ਸਮਾਜਕ ਤੇ ਦਾਰਸ਼ਨਿਕ ਚਿੰਤਨ ਵਿਚ ਕਾਫੀ ਵੱਡਾ ਯੋਗਦਾਨ ਹੈ ਕਿਉਂ ਜੋ ਉਥੇ ਉਨ੍ਹਾਂ ਨੂੰ ਪ੍ਰਿੰ. ਗੰਗਾ ਸਿੰਘ ਜੀ ਵਰਗੇ ਉੱਚ ਕੋਟੀ ਦੇ ਭਾਸ਼ਨਕਾਰ ਦੀ ਅਗਵਾਈ ਪ੍ਰਾਪਤ ਹੋਈ, ਜੋ ਆਪਣੇ ਸਮੇਂ ਦੇ ਉੱਘੇ ਬੁਲਾਰੇ ਮੰਨੇ ਜਾਂਦੇ ਸਨ। ਪਦਮ ਜੀ ਦੀ ਭਾਸ਼ਨ ਕਲਾ ਵੀ ਨਿਵੇਕਲੇ ਹੀ ਰੰਗ ਦੀ ਸੀ ਅਤੇ ਇਸ ਸੰਬੰਧ ਵਿਚ ਨਾ ਹੀ ਕਦੇ ਉਨ੍ਹਾਂ ਨੂੰ ਵਿਸ਼ੇ ਵਸਤੂ ਦੀ ਤੋਟ ਨਾ ਹੀ ਪ੍ਰਗਟਾਓ ਵਿਚ ਕੋਈ ਤਰੁੱਟੀ ਆਉਂਦੀ ਸੀ ਸਗੋਂ ਇੰਜ ਪ੍ਰਤੀਤ ਹੁੰਦਾ ਸੀ ਜਿਵੇਂ ਸਰਸਵਤੀ ਆਪ ਆ ਕੇ ਉਨ੍ਹਾਂ ਦੇ ਮਨ ਮਸਤਕ ਵਿੱਚ ਲਹਿਰ ਜਿਹੀ ਤੇ ਰਸਨਾ ਵਿਚ ਮਧੁਰਤਾ ਭਰ ਰਹੀ ਹੁੰਦੀ ਹੈ।

ਮੂਲ ਰੂਪ ਵਿਚ ਪਦਮ ਜੀ ਪੰਜਾਬੀ ਦੇ ਸ਼ਿਰੋਮਣੀ ਗੱਦਕਾਰਾਂ ਵਿੱਚੋਂ ਸਨ। ਉਨ੍ਹਾਂ ਦੀ ਗੱਦ ਰਚਨਾ ਨੇ ਹੀ ਪੰਜਾਬੀ ਸਾਹਿੱਤਕ ਮੰਡਲ ਦਾ ਵਧੇਰੇ ਧਿਆਨ ਖਿੱਚਿਆ ਹੈ। ਇਸੇ ਤਰ੍ਹਾਂ ਜੇ ਆਪ ਜੀ ਨੂੰ ਆਪਣੇ ਸਮੇਂ ਦਾ ਸਿਰੇਸ਼ਠ ਗੁਰਮਤਿ ਅਚਾਰੀਯਾ ਕਹਿ ਦਿੱਤਾ ਜਾਵੇ ਤਾਂ ਇਸ ਵਿੱਚ ਕੋਈ ਅੱਤਕਥਨੀ ਨਹੀਂ। ਪੁਸਤਕ 'ਕਲਮ ਦੇ ਧਨੀ' ਵਿਚ ਉਨ੍ਹਾਂ ਦੀ ਵਿਲੱਖਣ ਗੱਦ ਸ਼ੈਲੀ ਦੇ ਸਹਿਜ ਰੂਪ ਵਿਚ ਦਰਸ਼ਨ ਹੋ ਜਾਂਦੇ ਹਨ। ਪੰਜਾਬੀ ਵਾਰਤਕ ਸਾਹਿੱਤ ਵਿੱਚ ਅਜੇਹੇ ਲੇਖਕ ਉਂਗਲਾਂ ਤੇ ਗਿਣਨ ਜੋਗੇ ਹਨ ਜਿਨ੍ਹਾਂ ਦੀ ਵਾਰਤਕ ਸਰਲ ਤੇ ਲੋਕ ਮੁਹਾਵਰੇ ਦੇ ਨੇੜੇ ਹੁੰਦੀ ਹੋਈ ਵੀ ਸਾਹਿੱਤਕ ਗੁਣਾਂ ਨਾਲ ਭਰਪੂਰ ਹੈ। ਵੀਹਵੀਂ ਸਦੀ ਦੇ ਪ੍ਰਮੁੱਖ ਗੱਦ ਲੇਖਕਾਂ ਵਿੱਚ ਪਦਮ ਜੀ ਦਾ ਸਥਾਨ ਨਿਵੇਕਲਾ ਤੇ ਵਿਲੱਖਣ ਹੈ। ਆਪ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਇਸ ਦੇ ਨਿਕਾਸ ਦੇ ਪ੍ਰਮੁੱਖ ਸ੍ਰੋਤਾਂ ਤੋਂ ਭਲੀ ਪ੍ਰਕਾਰ ਜਾਣੂ ਸਨ ਅਤੇ ਉਨ੍ਹਾਂ ਨੇ ਇਸ ਸਬੰਧ ਵਿੱਚ ਵੀ ਮੌਲਿਕ ਦ੍ਰਿਸ਼ਟੀਕੋਣ ਦਾ ਪ੍ਰਮਾਣ ਦਿੱਤਾ ਹੈ। ਉਨ੍ਹਾਂ ਦੀ ਪੁਸਤਕਾਂ 'ਪੰਜਾਬੀ ਬੋਲੀ ਦਾ ਇਤਿਹਾਸ' ਤੇ 'ਗੁਰਮੁੱਖੀ ਲਿੱਪੀ' ਆਪਣੇ ਆਪ ਵਿੱਚ ਉੱਚ ਕੋਟੀ ਦੀ ਦੀਰਘ ਖੋਜ ਤੇ ਵਿਸ਼ੇਸ਼ ਭਾਸ਼ਾ ਵਿਗਿਆਨਕ ਮਨੋਬਿਰਤੀ ਦੀ ਸੂਝ ਕਰਵਾਉਂਦੀਆਂ ਹਨ। ਉਨ੍ਹਾਂ ਨੇ 'ਪੰਜਾਬੀ ਬਾਰਾਂਮਾਹ', 'ਪੰਜਾਬੀ ਵਾਰਾਂ', 'ਪੰਜਾਬੀ ਮਾਝਾਂ ਤੇ ਆਸਾਵਰੀਆਂ', 'ਪੰਜਾਬੀ ਜੰਢਾਂ', 'ਪੰਜਾਬੀ ਝਗੜੇ' ਆਦਿ ਦੇ ਸੰਬੰਧ ਵਿਚ ਜੋ ਲੋਕ ਸਭਿਆਚਾਰ ਦੇ ਅਮੋਲਕ ਰਤਨ ਸੰਗ੍ਰਹਿ ਰੂਪ ਵਿਚ ਇਕੱਤਰ ਕਰਕੇ ਵੱਖ ਵੱਖ ਸਾਹਿੱਤਕ ਥਾਲਾਂ ਵਿਚ ਪਰੋਸਿਆ, ਇਹ ਉਨ੍ਹਾਂ ਦਾ ਇਕ ਹੋਰ ਵਿਲੱਖਣ ਖੇਤਰ ਸੀ। ਪੰਜਾਬੀ ਸਮਾਲੋਚਨਾ ਦੇ ਖੇਤਰ ਵਿਚ ਇਕ ਸੰਪਾਦਨ ਤੇ ਖੋਜੀ ਵਿਦਵਾਨ ਵਜੋਂ ਉਨ੍ਹਾਂ ਦਾ ਯੋਗਦਾਨ ਬਹੁਮੁੱਲਾ ਤੇ ਅਭੁੱਲ ਹੈ। ਇਕ ਹੋਰ ਗੱਲ ਜੋ ਬੜੀ ਵਚਿੱਤਰ ਤੇ ਹੈਰਾਨ ਕਰ ਦੇਣ ਵਾਲੀ ਹੈ ਉਹ ਇਹ ਕਿ ਪ੍ਰੋ. ਪਦਮ ਜੀ ਡਿਗਰੀਧਾਰੀ ਲੇਖਕਾਂ ਵਿਚੋਂ ਨਹੀਂ ਸਨ, ਫਿਰ ਵੀ ਉਨ੍ਹਾਂ ਨੇ ਜਿਹੜਾ ਸਾਹਿੱਤ ਖੋਜ ਦਾ ਕਾਰਜ ਨੇਪਰੇ ਚਾੜ੍ਹਿਆ ਹੈ ਉਹ ਇਕ ਵੱਖਰਾ ਤੇ ਵੱਡਮੁੱਲਾ ਯੋਗਦਾਨ ਹੈ ਜਿਸ ਤੋਂ ਪੰਜਾਬੀ ਸਾਹਿੱਤ ਦੇ ਵਿਦਵਾਨ ਤੇ ਖੋਜੀ ਇਸ ਆਧਾਰ ਭੂਤ ਸਮੱਗਰੀ ਤੋਂ ਵੱਡਾ ਲਾਭ ਉਠਾ ਕੇ ਨਵੀਆਂ ਦਿਸ਼ਾਵਾਂ ਵਿਚ ਖੋਜ ਕਰ ਸਕਦੇ ਹਨ। ਗੱਲ ਕੀ ਉਨ੍ਹਾਂ ਦੀ ਸਾਹਿੱਤਕ ਘਾਲਣਾ ਦੀ ਕਿਸੇ ਵੀ ਖੇਤਰ ਵਲ ਝਾਤੀ ਮਾਰਿਆਂ ਇਹ ਬੋਧ ਹੋ ਜਾਂਦਾ ਹੈ ਕਿ ਇਕ ਵਿਅਕਤੀ ਨਾਲੋਂ ਉਹ ਇਕ ਵਿਸ਼ਾਲ ਤੇ ਬਹੁਤ ਅਯਾਮੀ ਸੰਸਥਾ ਦੇ ਸੁਆਮੀ ਸਨ।

ਪ੍ਰੋ. ਪਦਮ ਜੀ ਦੀ ਬੇਟੀ ਡਾ. ਹਰਿੰਦਰ ਕੌਰ ਨੇ ਮੈਨੂੰ ਪ੍ਰੋ. ਪਦਮ ਜੀ ਦੀਆਂ ਲਿਖੀਆਂ ਕਵਿਤਾਵਾਂ ਤੋਂ ਵੀ ਪ੍ਰੀਚਤ ਕਰਵਾਇਆ ਹੈ ਜਿਸ ਵਿੱਚ ਪ੍ਰੋ. ਪਦਮ ਜੀ ਦੇ ਅੱਧੀ ਸਦੀ ਤੋਂ ਵਧੀਕ ਸਮੇਂ ਦੇ ਅਨੁਭਵਾਂ ਤੇ ਵਿਚਾਰਾਂ ਨੂੰ ਰਸਭਿੰਨੀ ਮੌਲਿਕ ਕਵਿਤਾ ਦੇ ਰੂਪ ਵਿਚ ਪ੍ਰਗਟਾਇਆ ਗਿਆ ਹੈ। ਪ੍ਰੋ. ਪਦਮ ਕਿਉਂ ਜੋ ਲੋਕਾਂ ਵਿਚੋਂ ਉੱਠੇ ਤੇ ਲੋਕਾਂ ਦੇ ਸਾਹਿਤਕਾਰ ਸਨ ਇਸ ਲਈ ਇਨ੍ਹਾਂ ਕਵਿਤਾਵਾਂ ਦੀ ਸ਼ੈਲੀ ਤੇ ਸਰੂਪ ਭਾਵੇਂ ਪਰੰਪਰਾਵਾਦੀ ਕਵਿਤਾ ਵਾਲਾ ਹੈ, ਪਰ ਆਪਣੇ ਅਨੁਭਵਾਂ ਦੇ ਪ੍ਰਗਟਾ ਵਜੋਂ ਇਹ

ਕਾਵਿ ਸੰਗ੍ਰਹਿ ਉਨ੍ਹਾਂ ਦੇ ਵਿਅਕਤੀਤੱਵ ਦਾ ਸੱਚਾ ਸੁੱਚਾ ਪ੍ਰਤਿਬਿੰਬ ਹੈ। ਆਪ ਨੇ ਆਪਣੇ ਹੀ ਸਿਰਜੇ ਕਲਮ ਮੰਦਰ ਵਿੱਚ ਬੈਠ ਕੇ ਪਦਮ ਬ੍ਰਿਛ ਦੀ ਉਦਾਸੀ ਰਹਿਤ ਬਹਾਰ ਦੇ ਰੰਗ ਵਿਚ ਇਸੇ ਸਾਹਿੱਤਕ ਮੰਦਰ ਵਿਚ ਕਵਿਤਾ ਦਾ ਸੁੰਦਰ ਬਗੀਚਾ ਰਚ ਦਿੱਤਾ। ਆਪਣੇ ਕਾਵਿ ਸੰਗ੍ਰਹਿ ਨੂੰ ਇਹ ਨਾਂ ਉਨ੍ਹਾਂ ਦਾ ਆਪਣਾ ਹੀ ਦਿੱਤਾ ਹੋਇਆ ਹੈ। ਬਾਗ ਵਿਚ ਤਾਂ ਵਧੇਰੇ ਕਰਕੇ ਇਕੋ ਤਰ੍ਹਾਂ ਦੇ ਬ੍ਰਿਛ ਲਾਏ ਜਾਂਦੇ ਹਨ ਪਰ ਬਗੀਚਾ ਅਨੇਕ ਤਰ੍ਹਾਂ ਦੇ ਰੰਗ ਬਿਰੰਗੇ ਫੁੱਲਾਂ ਦਾ ਸੁਮੇਲ ਹੁੰਦਾ ਹੈ-ਅਜੇਹਾ ਹੀ ਕਾਵਿ ਗੁਲਦਸਤਾ ਉਨ੍ਹਾਂ ਦੇ ਇਸ ਕਾਵਿ ਸੰਗ੍ਰਹਿ ਵਿੱਚ ਪੇਸ਼ ਕੀਤਾ ਗਿਆ ਹੈ।

ਇਸ ਕਾਵਿ ਬਗੀਚੇ ਵਿੱਚ ਅਨੇਕ ਵਿਸ਼ਿਆਂ ਨਾਲ ਸੰਬੰਧਤ ਸੁਰਾਂਗਲੇ ਫੁੱਲ ਟਹਿਕ ਰਹੇ ਹਨ, ਜਿਨ੍ਹਾਂ ਦੀ ਮਹਿਕ ਬੜੀ ਪਿਆਰੀ ਅਤੇ ਪਦਮ ਜੀ ਦੀ ਸਖ਼ਸ਼ੀਅਤ ਸਮਾਨ ਨਿਆਰੀ ਹੈ। ਪ੍ਰਭੂ ਪ੍ਰੀਤਮ ਅੱਗੇ ਅਰਜ਼ੋਈ ਤੋਂ ਲੈ ਕੇ ਜਿਸ ਵਿੱਚ ਕਵਿਤਾ ਨੂੰ ਇਕ ਰੱਬੀ ਦਾਤ ਵਜੋਂ ਪ੍ਰਾਪਤ ਕਰਨ ਲਈ ਯਾਚਨਾ ਕੀਤੀ ਗਈ ਹੈ, ਆਪਣੇ ਕਾਵਿ ਅਨੁਭਵ ਵਿੱਚ ਪ੍ਰੀਤ ਰੁਮਾਂਸ, ਪਰਕਿਰਤੀ ਦੀ ਵੰਨ-ਸੁਵੰਨਤਾ ਅਤੇ ਕੁਝ ਸਮਕਾਲੀ ਜੀਵਨ ਯਥਾਰਥ ਦੇ ਦਰਦ ਭਿੰਨੇ ਤੇ ਸੰਵੇਦਨਸ਼ੀਲ ਮਨੋਵੇਦਨਾ ਨਾਲ ਭਰਪੂਰ ਉਦਗਾਰ ਵੀ ਗੁੰਦ ਦਿੱਤੇ ਗਏ ਹਨ।

ਸ਼ੁਰੂ ਸ਼ੁਰੂ ਵਿਚ ਆਪ ਦੀਨ ਨਾਂ ਦੇ ਉਪਨਾਮ ਹੇਠ ਕਵਿਤਾ ਰਚਦੇ ਰਹੇ ਹਨ। ਇਹ ਦੀਨ ਪਦ ਉਨ੍ਹਾਂ ਦੀ ਗਰੀਬੀ ਦਾ ਲਖਾਇਕ ਨਹੀਂ ਸਗੋਂ ਮਾਨਸਿਕ ਤੌਰ ਤੇ ਉਨ੍ਹਾਂ ਲੱਖਾਂ ਕਰੋੜਾਂ ਹਿੰਦੁਸਤਾਨੀਆਂ ਨਾਲ ਜੋੜਦਾ ਹੈ ਜੋ ਇਸ ਅਮੀਰ ਦੇਸ਼ ਦੇ ਗਰੀਬ ਵਾਸੀ ਸਨ। ਉਸ ਸਮੇਂ ਅਰਥ ਸ਼ਾਸਤਰ ਵਿੱਚ ਇਹ ਪਦ ਬੜਾ ਸੁਵਖਿਆਤ ਸੀ ਕਿ ਹਿੰਦੁਸਤਾਨ ਹੈ ਤਾਂ ਅਮੀਰ ਦੇਸ਼ ਪਰ ਇਸ ਦੇ ਵਾਸੀ ਗਰੀਬ ਹਨ।

ਪ੍ਰੋ. ਪਦਮ ਜੀ ਦੀਆਂ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਉਨ੍ਹਾਂ ਦੇ ਜੀਵਨ ਦਾ ਸਾਧਾਰਣ ਅਨੁਭਵ ਹੁੰਦੀਆਂ ਹੋਈਆਂ ਵੀ ਉਨ੍ਹਾਂ ਨੂੰ ਉਨ੍ਹਾਂ ਕਰੋੜਾਂ ਲੋਕਾਂ ਦਾ ਪ੍ਰਤੀਨਿਧ ਬਣਾ ਦਿੰਦੀਆਂ ਹਨ ਜਿਨ੍ਹਾਂ ਨੂੰ ਉਸ ਸਮੇਂ ਦੀ ਜਨਤਾ ਮੰਨਿਆ ਜਾ ਸਕਦਾ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਆਪਣੀ ਕਵਿਤਾ ਲਈ ਜੋ ਸਰੂਪ ਚੁਣਿਆ ਉਹ ਜਨ ਸਾਧਾਰਣ ਦੀ ਪਰੰਪਰਾਗਤ ਕਵਿਤਾ ਵਾਲਾ ਹੈ ਪਰ ਉਨ੍ਹਾਂ ਦਾ ਅਨੁਭਵ ਤੇ ਮੌਲਿਕ ਦ੍ਰਿਸ਼ਟੀਕੋਣ ਜਿਸ ਦਾ ਪ੍ਰਗਟਾ ਉਹ ਥਾਂ ਪੁਰ ਥਾਂ ਇਨ੍ਹਾਂ ਕਵਿਤਾਵਾਂ ਵਿਚ ਕਰਦੇ ਹਨ ਉਨ੍ਹਾਂ ਦੇ ਕਾਵਿ ਮਈ ਬੋਲਾਂ ਨੂੰ ਜਨਤਕ ਵਿਚਾਰਧਾਰਾ ਦਾ ਪ੍ਰਤਿਨਿਧ ਕਵੀ ਹੋਣ ਦੀ ਸਰੇਸ਼ਤਾ ਨਾਲ ਜੋੜ ਦਿੰਦਾ ਹੈ। ਭਾਵੇਂ ਉਹ ਸਾਧਾਰਣ ਲੋਕ ਬੋਧ ਦਾ ਵਰਣਨ ਕਰ ਰਹੇ ਹੋਣ ਜਾਂ ਦੇਸ਼ ਵੰਡ ਦੇ ਕਰੁਣਾਮਈ ਸਮਾਚਾਰਾਂ ਦਾ, ਇਸ ਵਿੱਚ ਸਿੱਧੇ ਤੌਰ ਤੇ ਉਹ ਆਪਣੇ ਅਨੁਭਵ ਦਾ ਖੁਲ੍ਹਾ ਡੁਲ੍ਹਾ ਤੇ ਸਹਿਜ ਰੂਪ ਦਾ ਪ੍ਰਗਟਾ ਕਰ ਦਿੰਦੇ ਹਨ। ਕਈ ਥਾਵਾਂ ਤੇ ਤਾਂ ਉਨ੍ਹਾਂ ਨੇ ਪ੍ਰਕ੍ਰਿਤੀ ਦੀ ਨਿੱਕੀ ਤੋਂ ਨਿੱਕੀ ਵਸਤੂ ਜਿਵੇਂ ਚਾਹ ਦੇ ਪੱਤੇ, ਟਾਹਲੀ ਦੇ ਪੱਤੇ, ਸਣ ਦੇ ਖੇਤ ਵਿੱਚ, ਮੁਟਿਆਰ ਸਰ੍ਹੋਂ, ਜੰਗਲ ਦੇ ਫੁੱਲ ਆਦਿ ਕਵਿਤਾਵਾਂ ਵਿੱਚ ਕੁਦਰਤ ਦੇ ਏਨੇ ਨੇੜੇ ਹਨ ਕਿ ਇਕ ਦੋ ਕਲਮਛੁਹਾਂ ਨਾਲ ਹੀ ਸਮੁੱਚਾ ਕਾਵਿ ਬਿੰਬ

ਸਿਰਜ ਦਿੰਦੇ ਹਨ।

(1) ਕਿਸੇ ਦਾ ਫੁੱਲ ਕਿਸੇ ਦਾ ਫਲ ਹੀ ਦਿਲ ਨੂੰ ਸੋਹਣਾ ਲੱਗੇ
ਪਰ ਹੇ ਟਾਲ੍ਹੀ ਤਿਰੇ ਪੱਤੇ ਨੱਚਦੇ ਸੋਹਣੇ ਲੱਗੇ
ਤੱਕ ਸਫਾਈ ਅਤੇ ਗੋਲਾਈ ਦਿਲ ਮੇਰਾ ਗਿਆ ਮੋਹਿਆ
ਤੱਕ ਨ੍ਰਿਤਕਾਰੀ ਨਾਚ ਪਰੀਆਂ ਦਾ, ਆਉਂਦਾ ਦੀਨ ਮੈਂ ਅੱਗੇ।

(ਟਾਹਲੀ ਦੇ ਪੱਤੇ)

(2) ਨਾ ਇਨ੍ਹਾਂ ਕਿਸੇ ਨੂੰ ਛੋਹਿਆ,
ਨਾ ਇਹ ਹੀ ਕਿਸੇ ਨੂੰ ਛੋਹੇ
ਇਹ ਅਣਛੋਹੇ ਬੇਚਾਰੇ ਸੁੱਕ ਗਏ ਨੇ
ਨਾ ਇਨ੍ਹਾਂ ਨੂੰ ਕਿਸੇ ਗਲ ਲਾਇਆ,
ਨਾ ਇਹ ਹੀ ਜਾ ਲੱਗੇ
ਇਹ ਅਣਲੱਗੇ ਮੌਤ ਅੱਗੇ ਝੁਕ ਗਏ ਨੇ
ਹਾਂ ਜੀ ਇਹ ਜੰਗਲ ਦੇ ਫੁੱਲ, ਜੰਗਲ ਵਿੱਚ ਸਨ ਉੱਗੇ
ਅੱਜ ਜੰਗਲ ਵਿੱਚ ਹੀ ਮੁੱਕ ਗਏ ਨੇ।

(ਜੰਗਲ ਦੇ ਫੁੱਲ)

(3) ਖੱਟਿਆ ਕੀ ਸ਼ੁਦੈਣੇ ਤੈਂ ਇਹ, ਨਾਲ ਫੁੱਲਾਂ ਧ੍ਰੋਹ ਕਮਾਇਆ
ਨਾਜ਼ਕ ਧੁੱਪਾਂ ਵਿੱਚ ਸੁਕਾ ਕੇ, ਆਪਣਾ ਰੂਪ ਗਵਾਇਆ
ਖੜ੍ਹੀ ਏਂ ਹੁਣ ਉਦਾਸ ਚੁੱਪ ਕੀਤੀ, ਗਰਦਨ ਹੇਠ ਝੁਕਾਈ
ਜਾਇ ਲਤਾੜੀ, ਕੋਹਲੂ ਪੀੜੀ, ਕੱਢਣ ਖ਼ੂਨ ਸਵਾਇਆ।

(ਸੁੱਕੀ ਸਰ੍ਹੋਂ)

(4) ਵਾਹ ਰਾਤ ਦੀ ਰਾਣੀ, ਵਾਹ ਰਾਤ ਦੀ ਰਾਣੀ
ਤੇਰੀ ਛਲਕੇ ਜਵਾਨੀ, ਵਾਹ ਰਾਤ ਦੀ ਰਾਣੀ
ਸੰਸਾਰ ਹੈ ਸੌਂਦਾ, ਜਦੋਂ ਚਾਦਰ ਤਾਣੀ
ਤੂੰ ਜਾਗ ਹੈਂ ਉਠਦੀ, ਦੇਖ ਆਪਣੇ ਹਾਣੀ
ਤੇਰਾ ਮਹਿਕ ਹੈ ਉਠਦਾ, ਹਰ ਪੱਤਾ ਤੇ ਟਾਹਣੀ
ਵਾਹ ਰਾਤ ਦੀ ਰਾਣੀ, ਵਾਹ ਰਾਤ ਦੀ ਰਾਣੀ।

(ਰਾਤ ਦੀ ਰਾਣੀ)

(5) ਆਈ ਅਨ੍ਹੇਰੀ ਸ਼ੂਕ ਮਾਰਦੀ ਦਿੱਤੇ ਬ੍ਰਿਛ ਭੰਨ ਤੋੜ
ਕੰਕਰ ਪੱਥਰ ਮਿੱਟੀ ਘੱਟਾ, ਉਡਦੇ ਜਾਂਦੇ ਤੋੜ
ਧਰਤੀ ਨਾ ਅਕਾਸ਼ ਹੀ ਦਿੱਸੇ, ਚਾਨਣ ਪਾ ਗਏ ਮੋੜ
ਇੱਕ ਨਿੱਕੀ ਜਿਹੀ ਝਾੜੀ ਝੂਮੇ ਖਲੀ ਇਹ 'ਪਦਮ' ਅਮੋੜ।

(ਨਿੱਕੀ ਝਾੜੀ)

(6) ਨਿੱਕੀ ਨਿੱਕੀ ਵਾਸਨਾ ਤੇ ਨਿੱਕੇ ਨਿੱਕੇ ਘੁੰਗਰੂ
ਝੂਲਦੀ ਜੁਆਨੀ ਛਣਕਾਟੇ ਪਈ ਘੁੰਗਰੂ
ਪਤਲੀ ਤੇ ਲੰਮੀ ਨਾਜ਼ੋ ਨਾਰ ਚੰਬੇ ਧਾਰ ਦੀ
ਸੋਨੇ ਰੰਗ ਫੁੱਲਾਂ ਨਾਲ ਰੂਪ ਨੂੰ ਸ਼ਿੰਗਾਰਦੀ।

(ਸਣ ਦੇ ਖੇਤ ਵਿੱਚ)

ਆਪਣੀਆਂ ਕੁਝ ਹੋਰ ਕਵਿਤਾਵਾਂ ਵਿੱਚ ਝਨਾਂ ਦੇ ਨਾਲ ਸੰਯੁਕਤ, ਹੀਰ ਰਾਂਝੇ, ਸੋਹਣੀ ਮਹੀਵਾਲ, ਸੱਸੀ ਪੰਨੂੰ ਅਤੇ ਮਿਰਜਾ ਸਾਹਿਬਾ ਦੀ ਪ੍ਰੇਮ ਕਥਾਵਾਂ ਨੂੰ ਆਪਣੀ ਮੌਲਕ ਅਨੁਭਵ ਵਿਚ ਸਫਲ ਭਾਂਤ ਪੇਸ਼ ਕੀਤਾ ਹੈ। ਅਨੁਭਵ ਤੇ ਵਿਚਾਰ ਭਾਵੇਂ ਜਨ ਸਾਧਾਰਣ ਦੇ ਦ੍ਰਿਸ਼ਟੀਕੋਣ ਦੀ ਤਰਜ਼ਮਾਨੀ ਕਰਦੇ ਹਨ ਪਰ ਇਨ੍ਹਾਂ ਵਿੱਚ ਕੋਈ ਸਾਹਿੱਤਕ ਕਜ ਦਿਖਾਈ ਨਹੀਂ ਦਿੰਦਾ। ਦੇਸ਼ ਵੰਡ ਸਮੇਂ ਜਿਹੜੀਆਂ ਕਵਿਤਾਵਾਂ ਰਚੀਆਂ ਗਈਆਂ ਵਿਸ਼ੇਸ਼ ਕਰਕੇ 'ਰਫਿਊਜੀ' ਤੇ 'ਲਾਲੋ ਨਾਲ ਗੱਲਾਂ' ਆਪਣੇ ਆਪ ਵਿੱਚ ਬਲਵਾਨ ਢੰਗ ਦੀਆਂ ਸੁੰਦਰ ਰਚਨਾਵਾਂ ਹਨ। ਉਨ੍ਹਾਂ ਦੀਆਂ ਕੁਝ ਕਵਿਤਾਵਾਂ ਜਿਥੇ ਪਹਾੜੀ ਜੀਵਨ ਦੇ ਅਮੀਰ ਵਿਰਸੇ ਵਲ ਸੰਕੇਤ ਕਰਦੀਆਂ ਹਨ ਉਥੇ ਕਸ਼ਮੀਰੀ ਹਾਤੋ ਦੀ ਕਰੁਣਾਮਈ ਤਸਵੀਰ ਨੂੰ ਗਰੀਬੀ ਦਾ ਚਿੱਤਰਨ ਇਕ ਸੁੰਦਰ ਸਾਹਿੱਤਕ ਟਕਰਾਓ ਦੇ ਚਿੱਤਰ ਨੂੰ ਆਪਣੇ ਆਪ ਵਿੱਚ ਸਮੋਈ ਬੈਠਾ ਹੈ। ਉਨ੍ਹਾਂ ਦੀ ਕਵਿਤਾ ਦੇ ਕੁਝ ਹੋਰ ਸੁੰਦਰ ਨਮੂਨੇ ਇਸ ਤਰ੍ਹਾਂ ਹਨ;

(1) ਮੈਂ ਆਇਆ ਪਾਕਿਸਤਾਨ ਤੋਂ, ਮੈਨੂੰ ਆਖਣ ਲੋਕ ਸ਼ੈਤਾਨ
ਮੈਂ ਆਪ ਬੜਾ ਪਰੇਸ਼ਾਨ ਹਾਂ, ਤੇ ਲੋਕ ਵੀ ਨੇ ਪਸ਼ੇਮਾਨ
ਮੈਥੋਂ ਵਿਛੜਿਆ, ਮੇਰਾ ਵਤਨ ਓ, ਮੇਰੀਆਂ ਬਾਰਾਂ ਰਹੀਆਂ ਦੂਰ
ਹਾਇ ਕਿਥੋਂ ਤੋੜ ਕੇ ਖਾ ਲਵਾਂ, ਮੁਲਤਾਨ ਦੀ ਮਿੱਠੀ ਖਜੂਰ।
ਮੇਰੇ ਖੂਹ ਮੁਰੱਬੇ ਕੱਸੀਆਂ, ਨਰਮੇ ਅਤੇ ਕਪਾਹ
ਕਣਕਾਂ ਦੇ ਖੇਤ ਵੀ ਵਿਛੜੇ, ਕੋਈ ਨਾ ਚੱਲੀ ਵਾਹ
ਮੈਂ ਆਇਆ ਰਾਵੀ ਪਾਰ ਤੋਂ, ਮੈਨੂੰ ਕਹਿਣ ਰਫੂਜੀ ਲੋਗ
ਹਾਇ ਓਥੇ ਬੰਨ੍ਹੀ ਰਹਿ ਗਈ, ਮੇਰੀ ਹਰਨਾਂ ਵਰਗੀ ਜੋਗ।

(ਰਫ਼ਿਊਜੀ)

(2) ਜੀ ਪਿੰਡ ਨੂੰ ਬਚਾਓ ਮੇਰਾ ਪਿੰਡ ਮੁੱਕ ਚੱਲਿਆ
ਨੀ ਗਿੱਧੇ ਨੂੰ ਮਨਾਓ ਸਾਥੋਂ ਗਿੱਧਾ ਰੁੱਸ ਚੱਲਿਆ
ਤ੍ਰਿੰਞਣਾਂ ਦੇ ਬਾਗ ਉਹ ਵਿਰਾਨ ਸਾਰੇ ਹੋ ਗਏ
ਛਿੰਝਾਂ ਖਾੜਿਆਂ ਦੇ ਥਾਂ ਬੀਆਬਾਨ ਹੋ ਗਏ
ਜਿੰਦਗੀ ਦਾ ਹਰਾ ਭਰਾ ਬੂਟਾ ਸੁੱਕ ਚੱਲਿਆ
ਜਾਂਦਾ ਜਾਂਦਾ ਕਾਫਲਾ ਇਹ ਕਿੱਦਾਂ ਰੁਕ ਚੱਲਿਆ

(ਪਿੰਡ ਨੂੰ ਬਚਾਓ)

(3) ਓ ਕਸ਼ਮੀਰ, ਤੂੰ ਮਾਂ ਹੈਂ, ਤੇਰੇ ਸਭ ਬੱਚੇ ਪ੍ਰਦੇਸ
ਪਏ ਰੁਲਦੇ ਫਿਰਦੇ ਖ਼ਾਕ ਵਿੱਚ ਧਾਰ ਗਰੀਬੀ ਵੇਸ
ਤੇਰੇ ਕਿਸ ਕੰਮ ਨੇ ਨਸ਼ਪਾਤੀਆਂ ਨਾਲੇ ਮੇਵਾ ਗਲਾਸ
ਖ਼ੁਰਮਾਨੀਆਂ ਮਰ ਜਾਣੀਆਂ, ਪਾਲੇ ਕਿਸ ਦੀ ਆਸ?
ਦੱਸ ਤੇਰੇ ਸ਼ਾਲ ਮੈਂ ਕੀ ਕਰਾਂ, ਤੇਰੇ ਨੰਗੇ ਫਿਰਦੇ ਬਾਲ
ਉਹ ਢਿੱਡੋਂ ਭੁੱਖੇ ਨਿਕਲੇ ਤੋੜ ਸੁਰਗ ਦਾ ਜਾਲ
ਕੰਧ ਕੁਹਾੜਾ ਰੱਖ ਕੇ ਓਢ ਕੰਬਲੀ ਲੀਰ
ਗੁਆਚੀ ਕਿਸਮਤ ਹੀਰ ਨੂੰ ਲੱਭਦੇ ਫਿਰਨ ਫ਼ਕੀਰ
ਇਹ ਹਾਤੋ ਦੀ ਦੁਰਦਸ਼ਾ ਤੇਰੇ ਮੱਥੇ ਕਲੰਕ
ਮਾਣ ਹੁਸਨ ਦਾ ਨ ਕਰੀਂ, ਇਹ ਟੁੱਟਣ ਵਾਲੀ ਬੰਕ
ਕਿਸ ਕੰਮ ਦੱਸ ਉਹ ਹੁਸਨ ਹੈ ਕਿਸ ਕੰਮ ਇਸ਼ਕ ਪ੍ਰੀਤ
ਮਾਨਵਤਾ ਦੀ ਹੋ ਰਹੀ ਜਿੱਥੇ ਮਿੱਟੀ ਪਲੀਤ।

(ਓ ਕਸ਼ਮੀਰ)

(4) ਮਿੱਟੀ ਦੇ ਅਸੀਂ ਚੂੰਗੜੇ ਰੋਸ਼ਨੀ ਸਾਡੀ ਜ਼ਾਤ
ਦਿਨ ਨੂੰ ਸੌਂਈਏ ਮੌਜ ਨਾਲ, ਜਾਗੀਏ ਸਾਰੀ ਰਾਤ
ਜਾਗੀਏ ਸਾਰੀ ਰਾਤ ਇਹੋ ਹੈ ਫਰਜ਼ ਅਸਾਡਾ
ਮਾਲਕ ਦੇ ਉਸ ਹੁਕਮ ਦਾ, ਸਿਰ ਕਰਜ਼ ਅਸਾਡਾ
ਵੰਡੀਏ ਚਾਨਣ ਜੱਗ ਨੂੰ, ਸਾਡੀ ਚਾਦਰ ਚਿੱਟੀ
ਦੱਸਣ ਵਿੱਚ ਸੰਕੋਚ ਨਾ, ਸਾਡੀ ਮਾਂ ਹੈ ਮਿੱਟੀ।

(ਚੂੰਗੜੇ)

ਇਹ ਹੈ ਪਦਮ ਜੀ ਦੇ ਕਲਮ ਮੰਦਰ ਦਾ ਸੁੰਦਰ ਬਗੀਚਾ ਜਿਸ ਵਿਚ ਸਮਕਾਲੀ ਪੰਜਾਬੀ ਕਵਿਤਾ ਦੀ ਰਸਭਿੰਨੀ ਮਹਿਕ ਅਤੇ ਵਨ ਸੁਵੰਨੇ ਟਹਿਕਦੇ ਰੰਗ ਬਿਰੰਗੇ ਫ਼ੁੱਲਾਂ ਦੇ ਸੁਹਜ ਨੂੰ ਵੇਖਿਆ ਜਾ ਸਕਦਾ ਹੈ। ਪ੍ਰੋ. ਡਾ. ਹਰਿੰਦਰ ਕੌਰ ਤੇ ਰਵਿੰਦਰ ਕੌਰ ਨੇ ਇਸ ਕਲਮ ਮੰਦਰ ਦੇ ਸੁੰਦਰ ਕਾਵਿ ਬਗੀਚੇ ਨੂੰ ਪੰਜਾਬੀ ਪਾਠਕਾਂ ਨੂੰ ਭੇਟ ਕਰਕੇ ਇਕ ਵੱਡਾ ਉਪਰਾਲਾ ਕੀਤਾ ਹੈ ਜਿਸ ਨਾਲ ਪੰਜਾਬੀ ਪਾਠਕ ਪ੍ਰੋ. ਪਦਮ ਦੀ ਰਚੀ ਕਵਿਤਾ ਤੋਂ ਵੀ ਪਰੀਚਿਤ ਹੋਏ ਹਨ। ਮੈਂ ਜਿਥੇ ਡਾ. ਹਰਿੰਦਰ ਕੌਰ ਤੇ ਰਵਿੰਦਰ ਕੌਰ ਨੂੰ ਇਹ ਪੁਸਤਕ ਪਾਠਕਾਂ ਨੂੰ ਭੇਟ ਕਰਨ ਲਈ ਧੰਨਵਾਦ ਤੇ ਵਧਾਈ ਦਿੰਦਾ ਹਾਂ ਉਥੇ ਇਹ ਆਸ ਵੀ ਰੱਖਦਾ ਹਾਂ ਕਿ ਉਹ ਪਦਮ ਜੀ ਦੀਆਂ ਹੋਰ ਵੱਡਮੁਲੀਆਂ ਰਚਨਾਵਾਂ ਨੂੰ ਵੀ ਪਾਠਕਾਂ ਦੇ ਸਨਮੁੱਖ ਕਰ ਸਕਣਗੇ ਜੋ ਉਨ੍ਹਾਂ ਦੇ ਜੀਵਨ ਕਾਲ ਵਿਚ ਪ੍ਰਕਾਸ਼ਤ ਨਹੀਂ ਹੋ ਸਕੀਆਂ।

10 ਅਕਤੂਬਰ, 2003 — ਕਿਰਪਾਲ ਸਿੰਘ ਕਸੇਲ

ਦੋ ਸ਼ਬਦ

ਪ੍ਰੋ. ਪਿਆਰਾ ਸਿੰਘ ਪਦਮ ਇਕ ਸਾਹਿੱਤ ਖੋਜੀ, ਇਕ ਆਲੋਚਕ, ਇਕ ਗੱਦ ਲੇਖਕ ਜਾਂ ਸਿੱਖ ਇਤਿਹਾਸਕਾਰ ਦੇ ਤੌਰ ਤੇ ਜਾਣਿਆ ਪਹਿਚਾਣਿਆ ਨਾਂ ਹੈ। ਉਨ੍ਹਾਂ ਨੇ ਪੰਜਾਬੀ ਸਾਹਿੱਤ ਦੇ ਵਾਰਤਕ ਖੇਤਰ ਵਿੱਚ ਹੀ ਵਧੇਰੇ ਰਚਨਾ ਕੀਤੀ। ਲਗਭੱਗ 80 ਕੁ ਕਿਤਾਬਾਂ ਪੰਜਾਬੀ ਸਾਹਿੱਤ ਦੀ ਝੋਲੀ ਪਾਉਣ ਵਾਲੇ ਇਸ ਖੋਜੀ ਲੇਖਕ ਦੇ ਬੰਨ੍ਹੇ ਬਸੇਤ ਫਰੋਲਦਿਆਂ ਕੁਝ ਹੱਥ ਲਿਖਤ ਕਾਪੀਆਂ ਨਜ਼ਰ ਪਈਆਂ ਜਿਨ੍ਹਾਂ ਵਿੱਚ ਉਨ੍ਹਾਂ ਦੀਆਂ 400-450 ਕਵਿਤਾਵਾਂ ਲਿਖੀਆਂ ਹੋਈਆਂ ਮਿਲੀਆਂ। ਵੈਸੇ ਵੀ ਉਨ੍ਹਾਂ ਦੇ ਲਿਖਣ ਗੱਤੇ ਦੇ ਕਾਗਜ਼ਾਂ ਵਿੱਚ ਕਦੇ-ਕਦੇ ਕੋਈ ਨਾ ਕੋਈ ਕਾਵਿ ਟੋਟਾ ਜਾਂ ਕਾਵਿ ਸਤਰਾਂ ਲਿਖੀਆਂ ਹੁੰਦੀਆਂ ਸਨ ਤੇ ਕਦੇ ਕਦੇ ਪੜ੍ਹਨ ਦਾ ਮੌਕਾ ਮਿਲਦਾ ਰਹਿੰਦਾ ਸੀ।

ਇਹ ਘਰ (ਕਲਮ ਮੰਦਿਰ) 1957 ਵਿੱਚ ਬਣਿਆ। ਧੁੰਦਲੀ ਜਿਹੀ ਯਾਦ ਹੈ ਕਿ ਦੋ ਕੁ ਵਾਰ ਮੈਂ ਖ਼ੁਦ ਇਥੇ ਬਾਪੂ ਜੀ ਦੇ ਕਮਰੇ ਵਿੱਚ ਕਵੀ ਦਰਬਾਰ ਹੁੰਦਾ ਵੇਖਿਆ। ਪੰਜ ਛੇ ਕਵੀਆਂ ਦੇ ਤਾਂ ਚੇਹਰੇ-ਮੋਹਰੇ ਵੀ ਥੋੜ੍ਹੇ ਥੋੜ੍ਹੇ ਯਾਦ ਹਨ-ਬਲਵੰਤ ਸਿੰਘ ਗਜਰਾਜ (ਜੇ ਕਦੇ ਮੈਂ ਪੰਛੀ ਹੋਵਾਂ, ਸੁਣਾਈ ਸੀ) ਜਸਵੰਤ ਸਿੰਘ ਵੰਤਾ, ਦਰਸ਼ਨ ਸਿੰਘ ਅਵਾਰਾ, ਗੁਰਚਰਨ ਸਿੰਘ, ਗੁਰਦੇਵ ਸਿੰਘ ਮਾਨ, ਸੁਰਜੀਤ ਰਾਮਪੁਰੀ, ਸ਼ਿਵ ਬਟਾਲਵੀ ਨੇ ਆਪਣੀਆਂ ਆਪਣੀਆਂ ਕਵਿਤਾਵਾਂ ਸੁਣਾਈਆਂ। ਭਾਸ਼ਾ ਵਿਭਾਗ ਵਲੋਂ ਜਦੋਂ ਕਵੀ ਦਰਬਾਰ ਹੁੰਦੇ ਤਾਂ ਵੀ ਕਈ ਸਟੇਜੀ ਕਵੀਆਂ ਦਾ ਆਉਣਾ ਜਾਣਾ ਬਣਿਆ ਰਹਿੰਦਾ।

ਪਦਮ ਸਾਹਿਬ ਦੀ ਕੋਈ ਵੀ ਪੁਸਤਕ ਕਾਵਿ-ਸੰਗ੍ਰਹਿ ਦੇ ਰੂਪ ਵਿੱਚ ਨਹੀਂ ਮਿਲਦੀ। ਹਾਂ ਉਨ੍ਹਾਂ ਨੇ, ਸ਼ੁਰੂ ਸ਼ੁਰੂ ਵਿਚ ਕੁਝ ਕਵਿਤਾਵਾਂ ਉਸ ਵਕਤ ਦੇ ਸਪਤਾਹਿਕ ਅਖ਼ਬਰਾਂ, 'ਹਫ਼ਤਾਵਾਰ ਪੰਜਾਬ' ਤੇ 'ਪੰਜਾਬ ਅੰਮ੍ਰਿਤਸਰ' ਵਿੱਚ ਛਪਦੀਆਂ ਰਹੀਆਂ ਜਿਨ੍ਹਾਂ ਨੂੰ ਹੁਣ ਤੱਕ ਵੀ ਫਾਈਲ ਵਿੱਚ ਸਾਂਭਿਆ ਪਿਆ ਹੈ। ਉਨ੍ਹਾਂ ਦੀਆਂ ਜ਼ਿਆਦਾ ਕਵਿਤਾਵਾਂ 1938-39, 40-41, 42 ਦੀਆਂ ਲਿਖੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਵਧੇਰੇ ਕਵਿਤਾਵਾਂ ਧਾਰਮਿਕ ਰੰਗ ਦੀਆਂ, ਸਿੱਖ ਇਤਿਹਾਸ, ਗੁਰੂਆਂ ਦੇ ਜੀਵਨ, ਅਜ਼ਾਦੀ ਪ੍ਰਾਪਤੀ ਦੇ ਸੁਪਨੇ, ਦੇਸ਼ ਦੀ ਵੰਡ, ਪੰਜਾਬ ਦੀ ਧਰਤੀ ਲਈ ਪਿਆਰ, ਰੁੱਖਾਂ ਬਿਰਖਾਂ ਤੇ ਪਹਾੜੀ ਜੀਵਨ ਨਾਲ ਸੰਬੰਧਿਤ ਹਨ। ਕੁਝ ਕਵਿਤਾਵਾਂ ਦੇ ਅੱਗੇ ਲਿਖਿਆ ਹੋਇਆ ਹੈ ਕਿ ਛਪਣ ਲਈ ਭੇਜੀ। 'ਲਾਲਾਂ ਦੇ ਹਾਰ' ਸਹੁਰੇ ਘਰ ਜਾਂਦੀ ਧੀ ਨੂੰ ਸਿੱਖਿਆ ਰੂਪਵਿੱਚ ਲਿਖੀ ਲੰਬੀ ਕਵਿਤਾ ਹੈ। ਇਹ ਪਿੰਡ ਘੁੰਗਰਾਣੇ, ਸ੍ਰ. ਲਾਲ ਸਿੰਘ ਬਰੁਮਾਂ ਵਾਲਿਆਂ ਦੀ ਬੇਟੀ ਦੇ ਵਿਆਹ ਸਮੇਂ ਲਿਖੀ ਗਈ ਸੀ। ਪਦਮ ਸਾਹਿਬ ਦੀਆਂ ਕੁਝ ਕਵਿਤਾਵਾਂ 'ਦੀਨ' ਤਖ਼ਲਸ ਹੇਠ

ਲਿਖੀਆਂ ਹੋਈਆਂ ਹਨ ਅਤੇ ਕਈ ਪਦਮ ਨਾਂ ਹੇਠ। ਬਹੁਤੀਆਂ ਕਵਿਤਾਵਾਂ ਵਿੱਚ ਤਖ਼ਲਸ ਜਾਂ ਨਾਂ ਦਾ ਕੋਈ ਜ਼ਿਕਰ ਨਹੀਂ ਹੈ। 1939 ਦੀ ਇਕ ਕਾਪੀ ਵਿੱਚ ਆਰੰਭ ਵਿੱਚ 'ਜ਼ਰੂਰੀ ਬਿਨੈ' ਕੀਤੀ ਗਈ ਹੈ;

"ਇਹ 'ਨਵੇ ਸ਼ਗੂਫੇ' ਨਾਮਕ ਕਵਿਤਾ ਦਾ ਉਹ ਸੰਗ੍ਰਹਿ ਹੈ ਜੋ ਦਾਸ ਨੇ ੧੬-੧੭ ਸਾਲ ਦੀ ਆਯੂ ਵਿਚ ਫੁਟਕਲ ਨਜ਼ਮਾਂ ਲਿਖੀਆਂ ਸਨ। ਇਹ ਪਹਿਲੀਆਂ ਨਜ਼ਮਾਂ ਹੋਣ ਕਰਕੇ ਇਨ੍ਹਾਂ ਦਾ ਨਾਮ ਨਵੇਂ ਸ਼ਗੂਫੇ ਰੱਖਿਆ ਗਿਆ ਹੈ।

ਇਸ ਕਾਪੀ ਵਿਚ ਪਹਿਲੀ ਨਜ਼ਮ ਹੀ ਨਵੇਂ ਸ਼ਗੂਫੇ ਨਾਂ ਹੇਠ ਲਿਖੀ ਹੈ;

ਨਵੇਂ ਸ਼ਗੂਫੇ ਅਸੀਂ ਨਵੇਂ ਨਵੇਂ ਹੀ
ਦੁਨੀਆਂ ਅੰਦਰ ਆਏ
ਸ਼ੌਕ ਖਿੜਨ ਮਹਿਕਨ ਦੇ ਸਾਨੂੰ
ਮਿੱਟੀਓਂ ਧੂਹ ਲਿਆਏ
ਚੜ੍ਹ ਸ਼ਾਖ਼ਾ ਦੀ ਪੌੜੀ ਥਾਣੀ
ਅਸਾਂ ਉੱਚੀ ਥਾਂ ਇਹ ਮੱਲੀ
ਤੱਕੀਏ 'ਤਾਂਹ ਪਦਮ ਕੋਈ ਕਿਰਣ ਜੇ
ਸਾਨੂੰ ਦਏ ਖਿੜਾਏ।

ਉਨ੍ਹਾਂ ਨੇ ਆਪਣੇ ਵਿਦਿਆ ਗੁਰੂ ਗਿਆਨੀ ਅਰਜਨ ਸਿੰਘ ਜੀ ਦਾ ਧੰਨਵਾਦ ਵੀ ਕਵਿਤਾ ਦੇ ਸ਼ਬਦਾਂ ਰਾਹੀਂ ਹੀ ਕੀਤਾ। ਇਹ 1938 ਦੀ ਇਕ ਚਿੱਠੀ ਹੈ ਜੋ ਇਸ ਤਰ੍ਹਾਂ ਲਿਖੀ ਗਈ;

ਧੰਨਵਾਦ ਪੱਤਰ

ਸ੍ਰੀਮਾਨ ਸਤਿਕਾਰਯੋਗ ਵਿੱਦਿਆ-ਗੁਰੂ
ਗਿਆਨੀ ਅਰਜਨ ਸਿੰਘ ਜੀਓ!

ਜੋ ਆਪ ਨੇ ਦਾਸ ਨੂੰ ਆਪਣਾ ਵਿਦਿਆਰਥੀ ਹੋਣ ਦਾ ਮਾਣ ਬਖਸ਼ਿਆ ਹੈ ਤੇ ਵਿੱਦਿਆ-ਦਾਨ ਪ੍ਰਦਾਨ ਕੀਤਾ ਹੈ ਇਸ ਸੰਬੰਧ ਵਿੱਚ ਮੈਂ ਆਪ ਜੀ ਦਾ ਹੇਠ ਲਿਖੇ ਟੁੱਟੇ ਫੁੱਟੇ ਸ਼ਬਦਾਂ ਦੁਆਰਾ ਧੰਨਵਾਦ ਪ੍ਰਗਟ ਕਰਦਾ ਹਾਂ :-

ਕਰਾਂ ਸ਼ੁਕਰ ਜੋ ਕੀਤਾ ਉਪਕਾਰ ਮੈਂਤੇ
ਸਦਾ ਰਹਿਮਤੀ ਨਜ਼ਰੀਂ ਪਸਦੇ ਰਹੇ।
ਪਿਆਰ, ਦਰਦ ਤੁਸਾਡੇ ਦੀ ਯਾਦ ਰਹਿਸੀ
ਜੀਕੂੰ ਦਾਸ 'ਤੇ ਆਪ ਹੋ ਵਸਦੇ ਰਹੇ।
ਸ਼ਾਂਤਿ, ਧੀਰਜ, ਮਿਠਾਸਤਾ, ਗੁਣ ਦੈਵੀ,
ਮੱਥੇ ਆਪਦੇ ਸਦਾ ਈ ਲਸਦੇ ਰਹੇ।
ਕਦੀ ਭੁੱਲੂ 'ਨੀ ਇਹ ਤਸਵੀਰ ਤੁਹਾਡੀ

'ਨਾਲੇ ਹੱਸਦੇ ਨਾਲੇ ਦੱਸਦੇ ਰਹੇ'।
ਜੇਕਰ ਦਾਸ ਤੋਂ ਹੋਈ ਕੋਈ ਭੁੱਲ ਹੋਵੇ
ਰਹਿਮਤ ਕਰਕੇ ਮੁਆਫ ਫੁਰਮਾ ਦੇਣਾ।
ਕਿਤੇ ਵੇਖ ਗੁਨਾਹਾਂ ਦਾ ਲੇਖ ਜ਼ਿਆਦਾ
ਬਪੜੇ 'ਪਦਮ' ਨੂੰ ਮਤੇ ਭੁਲਾ ਦੇਣਾ'।

ਮੈਂ ਹਾਂ ਆਪਦਾ ਦਾਸ :-
ਪਿਆਰਾ ਸਿੰਘ 'ਪਦਮ'
ਘੁੰਗਰਾਣਾ (ਲੁਦਿਹਾਣਾ)

ਇਕ ਫਾਈਲ ਵਿੱਚ ਇਸ ਤ੍ਰਹਾਂ ਦੀ ਕਵਿਤਾ ਵੀ ਮਿਲੀ ਹੈ ਜਿਸ ਵਿੱਚ ਮੰਗਲਾਚਰਣ ਦਾ ਜ਼ਿਕਰ ਕੀਤਾ ਹੈ। ਜਿਸ ਕਾਦਰ ਨੇ ਕੁਦਰਤ ਦਾ ਬਾਗ ਬਗੀਚਾ ਲਾਇਆ ਹੈ, ਉਸ ਦਾ ਜੱਸ ਗਾਇਨ ਕਰਨ ਦੀ ਤਾਕੀਦ ਕੀਤੀ ਗਈ ਹੈ;

ਮੰਗਲਾਚਰਣ ਮਾਲੀ ਦਾ ਕਰੀਏ, ਜਿਸ ਇਹ ਬਾਗ ਬਣਾਇਆ
ਪੱਤੇ ਪੱਤੇ ਡਾਲੀ ਡਾਲੀ, ਹੱਟ ਮਹਿਕ ਦਾ ਲਾਇਆ
ਭਾਂਤ ਭਾਂਤ ਦੇ ਫੁੱਲ ਉਗਾ ਕੇ, ਮੰਡਪ ਖ਼ੂਬ ਸਜਾਇਆ
ਕਣ ਕਣ ਦੇ ਹੇਠ ਭੇਤ ਕੋਈ ਅਜ਼ਬ ਅਜ਼ੀਬ ਲੁਕਾਇਆ।

ਸਿੱਖ ਧਰਮ, ਗੁਰਮਤਿ ਮਰਯਾਦਾ, ਗੁਰੂ ਸਾਹਿਬਾਨ ਦੀਆਂ ਜੀਵਨ ਘਟਨਾਵਾਂ ਨੂੰ ਥਾਂ ਥਾਂ ਕਵਿਤਾ ਦੇ ਰੂਪ ਵਿੱਚ ਯਾਦ ਕੀਤਾ ਗਿਆ ਹੈ। 11 ਨਵੰਬਰ 1943 ਦੇ ਛਪੇ 'ਪੰਜਾਬੀ ਪੰਚ ਅੰਮ੍ਰਿਤਸਰ' ਵਿੱਚ ਗੁਰੂ ਨਾਨਕ ਵਰਗੀ ਮਹਾਨ ਸ਼ਖ਼ਸੀਅਤ ਨੂੰ ਫਿਰ ਯਾਦ ਕੀਤਾ ਹੈ;

ਜੋਗੀ ਰਬਾਬਾਂ ਵਾਲਿਆ, ਅਨਹਦ ਮਿਜ਼ਰਾਬਾਂ ਵਾਲਿਆ
ਸ਼ਾਂਤੀ ਦਿਆ ਪੈਗੰਬਰਾ, ਬਾਪੂ ਇਨਕਲਾਬਾ ਵਾਲਿਆ
ਜ਼ਮਾਨੇ ਨੂੰ ਲੱਗ ਗਈ ਤੋੜ ਹੈ, ਨਾਨਕ ਤੇਰੀ ਫਿਰ ਲੋੜ ਹੈ।

ਇਸ ਸਮੇਂ ਵੀ ਆਲੇ ਦੁਆਲੇ ਤੋਂ ਏਨੇ ਕੁ ਚੇਤੰਨ ਸਨ ਕਿ ਦੇਸ਼ ਦੀ ਆਰਥਿਕ ਤੇ ਰਾਜਨੀਤਕ ਹਾਲਤ ਵਲੋਂ ਅੱਖਾਂ ਬੰਦ ਨਹੀਂ ਸੀ। ਆਮ ਲੋਕਾਂ ਦੀਆਂ ਸਮੱਸਿਆਵਾਂ ਸਾਹਮਣੇ ਸਨ। 'ਹਫ਼ਤਾਵਰ ਪੰਜਾਬ' ਵਿਚ 'ਵੈਣ' ਨਾਂ ਹੇਠ ਕਵਿਤਾ ਅੰਕ੍ਰਿਤ ਹੈ;

ਮੈਨੂੰ ਸੁਤਿਆ ਨੀਂਦ ਨਾ ਆਵੇ, ਦੇਸ਼ ਮੇਰਾ ਭੁੱਖਾ ਭੁੱਖਾ
ਪਈ ਜਾਨ ਨਿਕਲਦੀ ਜਾਵੇ, ਸਾਹ ਮੇਰਾ ਸੁੱਕਾ ਮੁੱਕਾ
ਆਹ ਜੰਗੀ ਘਟਾਂ ਚੜ੍ਹ ਆਈਆਂ,
ਹਾਇ ਖ਼ੂਨ ਦੀਆਂ ਝੜੀਆਂ ਲਾਈਆਂ

ਮੈਂ ਕਾਲ ਨੇ ਭੰਨ ਸਤਾਈਆਂ, ਲੱਕ ਮੇਰਾ ਟੁੱਟਾ ਟੁੱਟਾ।
ਐਸੀ ਛਾਈ ਸਾਰੇ ਕੰਗਾਲੀ
ਭੁੱਖੇ ਮਰ ਗਏ ਵੀਰ ਬੰਗਾਲੀ
ਹੱਥ ਖ਼ਾਲੀ, ਰੱਬ ਹੀ ਵਾਲੀ, ਅੰਤ ਸਮਾਂ ਆ ਢੁੱਕਾ ਢੁਕਾ
ਕੁਝ ਆਪਣੀ ਵੀ ਹੈ ਖ਼ੁਨਾਮੀ
ਕੁਝ ਗਲ ਪਈ ਡੈਣ ਗੁਲਾਮੀ
ਥਾਂ ਥਾਂ ਤੇ ਬੇਅਰਾਮੀ, ਹੋਇਆ ਦਿਲ ਰੁਖਾ ਰੁਖਾ....।

ਇਸੇ ਤਰ੍ਹਾਂ ਇਨ੍ਹਾਂ ਦਿਨਾਂ ਵਿੱਚ ਹੀ 9 ਅਕਤੂਬਰ 1945 ਦੇ 'ਪੰਜਾਬ ਅੰਮ੍ਰਿਤਸਰ' ਅਖਬਾਰ ਵਿੱਚ ਇਕ ਕਵਿਤਾ ਜ਼ਿਆਦਾ ਬਾਰਸ਼ ਦੇ ਪ੍ਰਭਾਵ ਨੂੰ ਮੁੱਖ ਰੱਖ ਕੇ ਲਿਖੀ। ਰੱਬ ਨੂੰ ਮੀਂਹ ਬੰਦ ਕਰਨ ਦੀ ਅਰਜ਼ੋਈ ਕੀਤੀ ਹੈ;

ਓ ਮਾਲਕਾ! ਮੀਂਹ ਬੰਦ ਕਰ
ਕੋਠੇ ਗਰੀਬਾਂ ਦੇ ਢਹਿ ਗਏ
ਫ਼ਸਲਾਂ ਦੇ ਆਹੂ ਲਹਿ ਗਏ
ਆਸਾਂ ਦੀਆਂ ਲਾਸ਼ਾਂ ਹੋ ਗਈਆਂ
ਲੈਣੇ ਦੇ ਦੇਣੇ ਪੈ ਗਏ
ਏਨ੍ਹਾਂ ਦਾ ਕੋਈ ਪ੍ਰਬੰਧ ਕਰ,
ਓ ਮਾਲਕਾ! ਮੀਂਹ ਬੰਦ ਕਰ।
ਉਜੜਿਆਂ ਨੂੰ ਕੀ ਉਜਾੜਨੈਂ
ਭੁੱਖੇ ਦੇਸ਼ ਨੂੰ ਕਿਉਂ ਮਾਰਨੈ?
ਗੋਰੇ ਤਾਂ ਆ ਹੀ ਚੜ੍ਹੇ ਸੀ,
ਕਾਲੇ ਵੀ ਉੱਤੇ ਚਾੜ੍ਹਨੇ
ਇਸ ਘਟਾ ਦਾ ਦਰ ਬੰਦ ਕਰ
ਓ ਮਾਲਕਾ! ਮੀਂਹ ਬੰਦ ਕਰ...।

ਕਈ ਛੋਟੀਆਂ ਛੋਟੀਆਂ ਕਵਿਤਾਵਾਂ ਵਿੱਚ ਨੈਤਿਕ ਤੇ ਸਦਾਚਾਰਕ ਸਚਾਈਆਂ ਦੀ ਗੱਲ ਕੀਤੀ ਹੈ। ਨੇਕੀ ਕਰਨ, ਜੀਵਨ ਦੀ ਅਦਲਾ ਬਦਲੀ, ਮੌਤ ਦੀ ਅਟੱਲਤਾ, ਪਿਆਰ ਮੁਹੱਬਤ, ਮਿਲਵਰਤਨ ਆਦਿ ਵਿਸ਼ਿਆਂ ਬਾਰੇ ਕਈ ਰੁਬਾਈਆਂ, ਕਬਿੱਤ ਜਾਂ ਛੋਟੀਆਂ ਕਵਿਤਾਵਾਂ ਲਿਖੀਆਂ ਹਨ,

(1) ਨਾ ਕਰ ਓ ਪਾਗਲ ਦਿਲ, ਲੇਖਾ ਅੱਗੇ ਦੇਣਾ ਤੈਂ।
ਹੋਊ ਪੁੱਛ ਜਾਂ ਵਿੱਚ ਕਚਹਿਰੀ, ਚੁੱਪ ਚੁਪੀਤਾ ਹੋ ਰਹਿਣਾ ਤੈਂ।
ਵਸ ਦੂਤਾਂ ਦੇ ਪੈ ਕੇ ਬੰਦੇ, ਪਛਤਾਉਣਾ ਤੇ ਰੋਣਾ ਤੈਂ।
ਹੁਣ ਹੀ ਕਰ ਲੈ ਜੋ ਕੁਝ ਕਰਨਾ, ਫਿਰ ਸਦਾ ਦੀ ਨੀਂਦ ਸੌਣਾ ਤੈਂ।

(2) ਇਕੋ ਜੇਹੀ ਨ ਰਹਿੰਦੀ ਦੁਨੀਆਂ, ਖ਼ਿਨ ਖ਼ਿਨ ਭੇਸ ਵਟਾਉਂਦੀ
ਜੇਹੜੀ ਅੱਜ ਹੈ, ਅੱਗੇ ਉਹੋ, ਕਲ ਪਰਸੋਂ ਬਣ ਆਉਂਦੀ
ਅੱਜ ਪਤਝੜ ਤੇ ਕਲ੍ਹ ਬਸੰਤ ਹੈ, ਅੱਜ ਗ੍ਰੀਖਮ ਕਲ੍ਹ ਬਰਖਾ
ਕੁਦਰਤ ਰਾਣੀ ਪਦਮ ਨਵੇਲੀ, ਜਾਮਾ ਨਿੱਤ ਬਦਲਾਉਂਦੀ।

ਬਹੁਤ ਸਾਰੀਆਂ ਕਵਿਤਾਵਾਂ ਇਹੋ ਜਿਹੀਆਂ ਹਨ ਜਿਨ੍ਹਾਂ ਵਿੱਚ ਬਰਾਬਰੀ, ਕੁਦਰਤ ਦੀ ਗੋਦੀ ਵਿੱਚ ਮਿਲ ਬੈਠਣ, ਖੁਸ਼ੀ ਦੇ ਨਗਮੇ ਗਾਣ ਜਾਂ ਪਈਆਂ ਤਰੇੜਾਂ ਨੂੰ ਦੂਰ ਕਰਨ ਦੇ ਢੰਗ ਲੱਭਣ ਦਾ ਤਰਲਾ ਹੈ;

ਇਸ ਤਹਿਜ਼ੀਬ ਨੂੰ ਆਖੋ ਸਾਡੇ ਲਈ ਕੋਈ ਤਬੀਬ ਕਰੇ
ਜਿੰਦ ਮਾਰੂ ਅਮੀਰੀ ਦੀ ਲੋੜ ਨਹੀਂ, ਸਾਨੂੰ ਬੇਸ਼ਕ ਕਹੋ ਗਰੀਬ ਕਰੇ।

1991 ਵਿੱਚ ਇਕ ਕਵਿਤਾ ਲਿਖੀ, ਜਿਹੜੀ ਉਨ੍ਹਾਂ ਦੇ ਗੱਤੇ ਤੇ ਲੱਗੇ ਕਾਗਜਾਂ ਵਿਚੋਂ ਮਿਲੀ ਹੈ, ਜਿਸ ਤੋਂ ਉਨ੍ਹਾਂ ਦੇ ਮਨ ਦੀ ਇੱਛਾ ਜ਼ਾਹਰ ਹੁੰਦੀ ਹੈ ਕਿ ਕਿਵੇਂ ਉਨ੍ਹਾਂ ਦੇ ਮਨ ਵਿੱਚ ਮਾਲਵਾ ਤੇ ਮੁਲਤਾਨ ਨੂੰ ਇਕੱਠੇ ਵੇਖਣ ਦੀ ਰੀਝ ਸੀ। ਉਨ੍ਹਾਂ ਪੱਛਮੀ ਪੰਜਾਬ ਜਾਣ ਦੀ ਇੱਛਾ ਤੇ ਉਨ੍ਹਾਂ ਨਾਲ ਮਿਲ ਬੈਠਣ ਦਾ ਜ਼ਿਕਰ ਕੀਤਾ ਹੈ;

ਅਸਾਂ ਜੋਤੀ ਜੋਤ ਸਮਾਉਣਾ ਏ
ਪਰ ਇੱਕ ਗ੍ਰੰਥ ਵੀ ਅਜੇ ਛਪਵਾਉਣਾ ਹੈ
ਸੋ ਜਾਣ ਦੀ ਸਾਨੂੰ ਕਾਹਲੀ ਨਹੀਂ
ਇਥੇ ਰਹਿਣ ਦੀ ਚਾਹ ਵੀ ਬਾਹਲੀ ਨਹੀਂ
ਅਸੀਂ ਕਲਮ ਘਸਾ ਕੇ ਥੱਕੇ ਨਹੀਂ
ਤੇ ਸੱਚੋ ਸੱਚ ਲਿਖਣੋਂ
ਅੱਕੇ ਨਹੀਂ।
ਲਾਹੌਰ ਵੀ ਚੱਕਰ ਲਾਉਣਾ ਹੈ
ਤੇ ਪੰਜਾਬੀ ਵੀਰਾਂ ਨੂੰ
ਸਮਝਾਉਣਾ ਹੈ
ਕਿਉਂ ਰਾਵੀ ਝਨਾਂ ਨੂੰ ਵੰਡਦੇ ਹੋ
ਕਿਉਂ ਸਤਲੁਜ ਬਿਆਸਾਂ ਖੰਡਦੇ ਹੋ
ਅਸਾਂ ਪੰਜ ਨਟ ਇਥੇ ਰਚਾਉਣਾ ਹੈ
ਮਾਲਵਾ ਮੁਲਤਾਨ ਮਿਲਾਉਣਾ ਹੈ।

ਪਦਮ ਸਾਹਿਬ ਹਰ ਸਾਲ ਪਹਾੜਾਂ ਤੇ ਘੁੰਮਣ ਫਿਰਨ ਜਾਂਦੇ ਸਨ। ਉਹ ਚਾਇਲ ਜਾਣਾ ਜ਼ਿਆਦਾ ਪਸੰਦ ਕਰਦੇ ਸਨ ਤੇ ਕਹਿੰਦੇ ਸੀ ਕਿ ਸ਼ਿਮਲਾ ਤਾਂ ਰੌਲਾ ਗੌਲਾ ਜ਼ਿਆਦਾ ਹੈ-ਚਾਇਲ ਇਕਾਂਤ ਹੈ....ਤੁਸੀਂ ਕੁਦਰਤ ਮਾਣ ਸਕਦੇ ਹੋ ਤੁਸੀਂ

ਚੀਲਾਂ ਵਿਓਦਾਰਾਂ ਨਾਲ ਗੱਲਾਂ ਕਰ ਸਕਦੇ ਹੋ। ਘੁੰਮਣਾ ਫਿਰਨਾ ਜਾਂ ਕੁਦਰਤ ਨੂੰ ਮਾਨਣਾ ਉਨ੍ਹਾਂ ਦੀ ਰੂਹ ਦੀ ਖੁਰਾਕ ਸੀ। ਸੰਗੀਤ ਨਾਲ ਉਨ੍ਹਾਂ ਨੂੰ ਬੇਹੱਦ ਪਿਆਰ ਸੀ। ਰੁੱਖ ਲਾਉਣੇ ਉਨ੍ਹਾਂ ਨੂੰ ਚੰਗੇ ਲੱਗਦੇ ਸੀ....ਪੜ੍ਹਨ ਪੜ੍ਹਾਨ ਦੇ ਕੰਮ ਤੋਂ ਵਕਤ ਕੱਢ ਕੇ ਉਹ ਕੁਝ ਸਮਾਂ ਜਰੂਰ ਖੇਤ ਵਲ ਜਾ ਕੇ ਗੁੱਡ ਗੁਡਾਈ ਕਰਨ ਜਾਂ ਬੂਟਿਆਂ ਨੂੰ ਪਾਣੀ ਦੇਣ ਵਿਚ ਬਿਤਾਉਂਦੇ ਸਨ। ਜੇ ਕੋਈ ਰੁੱਖ ਕਿਸੇ ਕਾਰਨ ਕੱਟ ਦਿੱਤਾ ਜਾਂਦਾ ਹੈ ਤਾਂ ਬਹੁਤ ਔਖੇ ਹੁੰਦੇ ਸਨ। ਪਹਾੜਾਂ ਵਿਚ ਘੁੰਮ ਫਿਰ ਕੇ ਜਾਂ ਉਥੋਂ ਦੇ ਗਰੀਬ ਕਿਰਤੀ ਕਾਮਿਆਂ ਨਾਲ ਗੱਲਾਂ ਬਾਤਾਂ ਕਰਕੇ ਖੁਸ਼ ਹੁੰਦੇ ਸਨ। ਉਹ 65-70 ਸਾਲ ਤੱਕ ਹਰ ਸਾਲ ਚਾਇਲ 15-20 ਦਿਨ ਜਾਂ ਮਹੀਨਾ ਰਹਿ ਕੇ ਆਉਂਦੇ ਸਨ। ਉਹ ਘੁੰਮਣ ਫਿਰਨ ਬਾਰੇ ਆਪ ਹੀ ਕਹਿੰਦੇ ਹਨ;

ਉਮਰਾਂ ਦੇ ਉਡਣ ਖਟੋਲੇ ਚੜ੍ਹ
ਅਸਾਂ ਸਫ਼ਰ ਬੜਾ ਹੀ ਕੀਤਾ ਹੈ
ਸਾਨੂੰ ਘਰ ਦਾ ਅੰਨ ਸੁਖਾਇਆ ਨਾ
ਪਾਣੀ ਘਾਟ ਘਾਟ ਦਾ ਪੀਤਾ ਹੈ।

ਘਾਟ-ਘਾਟ ਦਾ ਪਾਣੀ ਪੀਣਾ ਤਾਂ ਉਦੋਂ ਹੀ ਸ਼ੁਰੂ ਹੋ ਗਿਆ ਜਦੋਂ 17-18 ਸਾਲ ਦੀ ਉਮਰ ਵਿੱਚ ਹੀ ਪਿਡ ਘੁੰਗਰਣੇ ਤੋਂ ਅੰਮ੍ਰਿਤਸਰ ਚਲੇ ਗਏ ਸਨ।

ਕੁਝ ਕਵਿਤਾਵਾਂ ਨਿਰੋਲ ਕੁਦਰਤ ਨਾਲ ਸੰਬੰਧਿਤ ਹਨ। ਰੁੱਖਾਂ ਵਰਗਾ ਮੀਤ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ। ਧਾਨਾਂ ਦੇ ਖੇਤ, ਸਣ ਦੇ ਖੇਤ ਵਿਚ, ਸੂਰਜਮੁਖੀ, ਸਾਰਿਆਂ ਵਿਚ ਰੁਖਾਂ ਜਾਂ ਕੁਦਰਤ ਦੀ ਅਲੌਕਿਕਤਾ ਦਾ ਜ਼ਿਕਰ ਹੈ;

ਰੁੱਖਾਂ ਦਾ ਕੰਮ ਹੈ ਸਦਾ ਫੁੱਲ ਵੰਡਣਾ ਫਲ ਵੰਡਣਾ
ਛਾਵਾਂ ਦਾ ਲੰਗਰ ਲਾ ਲਾ, ਰਾਹੀਆਂ ਨਾਲ ਯਾਰੀ ਗੰਢਣਾ
ਪੰਛੀਆਂ ਦੇ ਕਵੀ ਦਰਬਾਰ ਦਾ, ਸੋਹਣਾ ਇਹ ਸ਼ਾਮਿਆਨਾ ਹੈ ਸਜਾਵਣਾ
ਖੁਸ਼ਬੂਆਂ ਦੇ ਖੇਡ ਕਰਨ, ਬਿਨਾਂ ਦੱਸੇ ਪੁੱਛੇ, ਆਵਣਾ ਕਿਸੇ ਦਾ ਜਾਵਣਾ
ਧਰਤੀ ਤੇ ਪੈਰ ਰੱਖ ਕੇ ਅਸਮਾਨਾਂ ਵਲ ਨਿਗਾਹ ਰੱਖਣੀ
ਪੌਣਾਂ ਨਾਲ ਰਲ ਕੇ ਖੇਲਣਾ, ਪਾਣੀ ਦਾ ਅੰਮ੍ਰਿਤ ਚੱਖਣਾ।

ਕਿਸੇ ਵੀ ਖ਼ਿਆਲ ਨੂੰ ਕਾਵਿਕ ਰੰਗ ਦੇਣਾ ਉਨ੍ਹਾਂ ਦਾ ਮਨ ਭਾਉਂਦਾ ਸ਼ੌਕ ਸੀ। 1993 ਵਿੱਚ ਅੱਖਾਂ ਦਾ ਉਪਰੇਸ਼ਨ ਕਰਵਾਇਆ ਤਾਂ ਅੱਖਾਂ ਦੀ ਜੋਤ ਦੀ ਖੈਰ ਮੰਗਦਿਆਂ ਇਹ ਦੁਆ ਕੀਤੀ;

ਨਜ਼ਰ ਨੂੰ ਨਜ਼ਰ ਲੱਗੀ ਹੈ ਨਜ਼ਰੇ ਇਨਾਇਤ ਮੰਗਦਾ ਹਾਂ
ਬਖਸ਼ਿਸ਼ ਦਾ ਹੱਕ ਤਾਂ ਨਹੀਂ ਬਣਦਾ,
ਫਿਰ ਵੀ ਰਿਆਇਤ ਮੰਗਦਾ ਹਾਂ।
ਤੈਨੂੰ ਤੱਕਣ ਦਾ ਸ਼ੌਕ ਨਹੀਂ ਮੁੱਕਾ,

ਨੈਣਾਂ ਦੀ ਛੋਟੀ ਸਫ਼ਾਇਤ ਮੰਗਦਾ ਹਾਂ।
ਕੀ ਕਹਿਣੇ ਤੇ ਕੀ ਨਹੀਂ ਕਹਿਣੇ,
ਆਕਾ ਦੀ ਹਦਾਯਤ ਮੰਨਦਾ।
ਬੋਲ ਬੋਲ ਕੇ ਉਮਰਾ ਲੰਘਾਈ ਹੈ,
ਹੁਣ ਖਾਮੋਸ਼ੀ ਦੀ ਖ਼ੈਰਾਯਤ ਮੰਗਦਾ।
ਭੀੜਾਂ 'ਚ ਖੜੇ ਹੋਣਾ ਗਵਾਰਾ ਨਹੀਂ,
ਪਰ ਸਾਥੀਆਂ ਦੀ ਹਮਾਯਤ ਮੰਗਦਾ ਹਾਂ।

ਕਿਤਾਬੀ ਦੁਨੀਆਂ ਦੇ ਰੰਗ ਵਿੱਚ ਰੰਗੇ ਪਦਮ ਸਾਹਿਬ ਘਰੇਲੂ ਜੀਵਨ ਦੇ ਉਤਰਾਵਾਂ ਚੜ੍ਹਾਵਾਂ ਤੋਂ ਅਭਿੱਜ ਨਹੀਂ ਸਨ। ਜਦੋਂ ਜੀਵਨ ਸਾਥਣ ਸਾਡੇ ਬੀਜੀ ਦੀ ਮੌਤ (1976) ਹੋ ਗਈ ਤਾਂ ਵੀ ਉਨ੍ਹਾਂ ਨੇ ਤਿੰਨ ਚਾਰ ਕਵਿਤਾਵਾਂ ਲਿਖੀਆਂ ਜੋ ਇਧਰ ਉਧਰ ਖਿੰਡੇ ਕਾਗਜ਼ਾਂ ਵਿਚੋਂ ਮਿਲੀਆਂ ਹਨ;

ਹੇ ਪਤੀ ਦੇਵ
ਮੈਂ ਨਾਰੀ ਹਾਂ
ਬਖਸ਼ਿਸ਼ਾਂ ਦੀ ਲਹਿਰ ਮੰਗਦੀ ਹਾਂ
ਆਪਣੇ ਪਤੀ ਦੇਵ ਦੀ ਖ਼ੈਰ ਮੰਗਦੀ ਹਾਂ
ਮੈਂ ਮਾਂ ਹਾਂ
ਮੇਰੇ ਬੱਚਿਆਂ ਨੂੰ ਬਚਾ ਕੇ ਰੱਖਣਾ
ਮੈਂ ਘਰ ਦੀ ਰਾਣੀ ਸਾਂ
ਮੇਰੇ ਘਰ ਨੂੰ ਜਰਾ ਸਜਾ ਕੇ ਰੱਖਣਾ
ਕੀ ਹੋਯਾ ਜੇ ਮੈਨੂੰ ਜਾਣਾ ਪੈ ਗਿਆ ਹੈ
ਮੌਤ ਦਾ ਗੀਤ ਗਾਣਾ ਪੈ ਗਿਆ ਹੈ
ਮੇਰੇ ਬਿੰਦੀ ਨੂੰ ਵਰਚਾ ਕੇ ਰੱਖਣਾ
ਇਸ ਦੇ ਝੱਗਾ ਗੁਲਾਬੀ ਪਾ ਕੇ ਰੱਖਣਾ।
ਮੈਂ ਆਪਣੇ ਬਾਬਲ ਦੀ ਬੇਟੀ ਹਾਂ
ਚੰਨਣ ਦੀ ਖੁਸ਼ਬੋਆਂ ਲਪੇਟੀ ਹਾਂ
ਸਲਮਾ ਫ਼ਾਤਮਾ ਨੂੰ ਦੁਆ ਸੁਲਾਮ ਕਹਿਣੀ
ਨੂਰੀ ਸ਼ੇਰੋ ਨੂੰ ਅਲਵਿਦਾ ਕਹਿਣਾ।

ਜਦੋਂ ਬਹੁਤ ਸਨੇਹੀਆਂ ਤੇ ਮਿੱਤਰਾਂ ਪਿਆਰਿਆਂ ਵਲੋਂ ਸ਼ੋਕ-ਪੱਤਰ ਆਏ ਤਾਂ ਚਿੱਠੀਆਂ ਦਾ ਢੇਰ ਦੇਖ ਕੇ ਇਹ ਸਤਰਾਂ ਲਿਖੀਆਂ;

ਕਸਮ ਤੇਰੀ, ਤੇਰੇ ਹੀ ਨਾਂ ਉਤੇ
ਸਾਨੂੰ ਬੜੀਆਂ ਹੀ ਚਿੱਠੀਆਂ ਆਈਆਂ ਨੇ

ਬੜਾ ਢੂੰਡ ਥੱਕੇ ਪਰ ਨੀ ਪਤਾ ਲੱਗਾ
ਕਿਥੇ ਬੈਠ ਤੂੰ ਚਿੱਠੀਆਂ ਇਹ ਪਾਈਆਂ ਨੇ
ਜੇ ਕੁਝ ਪਤਾ ਲੱਗਦਾ, ਸਾਨੂੰ ਵਾਸ ਤੇਰਾ
ਲੱਭ ਲੈਣਾ ਸੀ ਤੇਰੀਆਂ ਜਾਈਆਂ ਨੇ
ਐਸੀ ਝੁੱਲੀ ਅਨ੍ਹੇਰੀ ਜੁਦਾਈਆਂ ਦੀ
ਪੈੜਾਂ ਤੇਰੀਆਂ ਕਿਤੋਂ ਨਾ ਥਿਆਈਆਂ ਨੇ
ਹੁਣ ਕੀ ਕਰੀਏ ਤੇ ਕੀ ਨਾ ਕਰੀਏ
ਪਿਆ ਝਪਟਦਾ ਕਾਲ ਦਾ ਬਾਜ ਆਵੇ
ਅਸੀ ਸੁਣਨ ਦੇ ਸ਼ੌਕ ਵਿਚ ਚੁੱਪ ਬੈਠੇ
ਟੁੱਟੇ ਸਾਜ਼ ਦੀ ਪਰ ਨ ਵਾਜ ਆਵੇ।

ਛੋਟੀ ਬੇਟੀ ਦੇ ਪੜ੍ਹਾਈ ਲਈ ਬਾਹਰ ਜਾਣ ਕਾਰਨ ਘਰ ਵਿੱਚ ਕਈ ਦਿਨ ਉਦਾਸੀ ਛਾਈ ਰਹੀ। ਉਸ ਦੀਆਂ ਰੱਖੀਆਂ ਚਿੜੀਆਂ ਰਾਹੀਂ ਆਪਣੀ ਉਦਾਸੀ ਦਾ ਪ੍ਰਗਟਾਵਾ ਕੀਤਾ ਹੈ;

ਅੱਜ ਤੜਕੇ ਤੜਕੇ ਨੀ, ਧੀਏ ਤੇਰੀਆਂ ਚਿੜੀਆਂ ਬੋਲ ਰਹੀਆਂ
ਦਿਲ ਫੜਕੇ ਫੜਕੇ ਨੀ, ਕੋਈ ਅੰਦਰ ਦਾ ਗ਼ਮ ਫੋਲ ਰਹੀਆਂ
ਉਹ ਮੁੜ ਮੁੜ ਪੁੱਛਣ ਜੀ, ਸਾਡੀ ਰਾਣੀ ਕਿਧਰ ਘੱਲੀ ਹੈ
ਸਾਨੂੰ ਦੱਸੋ ਖੋਲ੍ਹ ਕੇ ਜੀ, ਉਸ ਕਿਹੜੀ ਗਲੀ ਜਾ ਮੱਲੀ ਹੈ?
ਸਾਥੋਂ ਭੁੱਲ ਕੀ ਹੋਈ ਜੀ, ਗੱਲ ਹੋਈ ਅਵੱਲੀ ਹੈ
ਮਹੀਨੇ ਬੀਤੇ ਗਏ, ਪੀੜ ਬਿਰਹੁੰ ਦੀ ਝੱਲੀ ਹੈ।
ਸਾਨੂੰ ਸਮਝ ਨਾ ਆਵੇ ਜੀ, ਕੀ ਕਿਸਨੂੰ ਕਹੀਏ ਜੀ
ਉਹਦੀਆਂ ਤਾਂਘਾਂ ਕਰ ਕਰਕੇ, ਮੁੜ ਚੁੱਪ ਹੋ ਰਹੀਏ ਜੀ
ਮਸਲੇ ਦਾ ਹੱਲ ਦੱਸੋ, ਰੁੱਸਿਆਂ ਨੂੰ ਕਿਵੇਂ ਮਨਾਈ ਦਾ
ਦੂਰ ਦੁਰਾਡੇ ਜਾ ਕੇ ਵੀ, ਕਿਵੇਂ ਮੁੜ ਘਰ ਆਈ ਦਾ।
ਅੱਜ ਤੜਕੇ ਤੜਕੇ ਨੀ, ਧੀਏ ਤੇਰੀਆਂ ਚਿੜੀਆਂ ਬੋਲ ਰਹੀਆਂ
ਦਿਲ ਫੜਕੇ ਫੜਕੇ ਨੀ, ਕੋਈ ਅੰਦਰ ਦਾ ਗ਼ਮ ਫੋਲ ਰਹੀਆਂ।

ਜਦੋਂ 1989 ਵਿਚ ਇੰਗਲੈਂਡ ਗਏ ਤਾਂ ਆਪਣੇ ਛੋਟੇ ਦੋਹਤੇ ਦੀ ਪਿਆਰੀ ਮਾਸੂਮੀਅਤ ਦਾ ਜ਼ਿਕਰ ਕਵਿਤਾ ਰਾਹੀਂ ਕੀਤਾ। ਕਵਿਤਾ ਲੰਬੀ ਹੈ, ਨਮੂਨੇ ਲਈ ਕੁਝ ਸਤਰਾਂ ਦੇਖਦੇ ਹਾਂ;

ਖ਼ਰਗੋਸ਼ ਵੀ ਖ਼ੂਬ ਹੈ, ਇਹਦੀ ਖ਼ੂਬੀ ਨਿਰਾਲੀ ਏ
ਮਾਸੂਮੀਅਤ ਦੀ ਮੂਰਤਿ, ਦਿਖ ਭੋਲੀ ਭਾਲੀ ਏ
ਕੋਈ ਨਾਜ਼ਕ ਫੁੱਲਾਂ ਦੀ, ਹਰਿਆਲੀ ਡਾਲੀ ਏ

ਇਹ ਚੜ੍ਹਦੇ ਸੂਰਜ ਦੀ ਗੋਰੀ ਜੇਹੀ ਲਾਲੀ ਏ
ਇਹਦਾ ਮਸਤਕ ਉਜਲਾ ਏ, ਖ਼ਤੋ ਖ਼ਾਲ ਨਿਰਾਲੀ ਏ
ਇਹਦੀ ਗੱਲ ਕਿਵੇਂ ਕਰੀਏ, ਅਜੇ ਉਮਰਾ ਬਾਲੀ ਏ
ਅਸੀਂ ਵਿੱਚ ਵਲੈਤਾਂ ਦੇ, ਖ਼ਰਗੋਸ਼ ਮੁਹਾਲੀ ਏ।

ਜਦੋਂ ਮਾਰਚ 2001 ਨੂੰ ਅਰਵਿੰਦ ਦੇ ਘਰ ਬੇਟੇ ਦਾ ਜਨਮ ਹੋਇਆ ਤਾਂ ਖੁਸ਼ੀ ਵਿੱਚ ਛੋਟੇ ਬੱਚੇ ਦੇ ਆਗਮਨ ਦੇ ਸੁਆਗਤ ਵਿੱਚ ਕੁਝ ਸਤਰਾ ਲਿਖੀਆਂ ਅਤੇ ਇਕ ਕਾਰਡ ਤੇ ਲਿਖ ਕੇ ਉਸ ਦੇ ਨਾਨਕੇ ਘਰ ਭੇਜੀਆਂ। ਇਹ ਸ਼ਾਇਦ ਉਨ੍ਹਾਂ ਦੀ ਆਖਰੀ ਕਵਿਤਾ ਸੀ;

ਸਾਡਾ ਨਿੱਕਾ ਜੇਹਾ ਮਿਹਮਾਨ
ਦੱਸੋ ਕੁੜੀਓ ਕਿੱਥੇ ਲੁਕਿਆ ਮਾਂ ਦਾ ਚੰਦੂ ਭਾਨ
ਦੁੱਧ ਪੀਂਦਾ ਤੇ ਅੱਖਾਂ ਮੀਟਦਾ, ਸੌਂਦਾ ਲੰਮੀਆਂ ਤਾਣ
ਮਾਂ ਪਿਓ ਦੀ ਪਰਵਾਹ ਨਾ ਕਰਦਾ, ਇਹ ਗੋਕਲ ਦਾ ਕਾਨ੍ਹ
ਰੋਵੇ ਸਿਰ ਅਸਮਾਨ ਉਠਾਵੇ, ਹੱਸੇ ਫਿਰ ਸ਼ੈਤਾਨ
ਦਾਓ ਪੇਚ ਕੋ ਸਮਝ ਨਾ ਆਵੇ, ਲਿੱਸਾ ਜਿਹਾ ਭਲਵਾਨ
ਅੱਖਾਂ ਕਾਲੀਆਂ ਨੱਕ ਤੋਤੇ ਦਾ, ਗਰਦਨ ਜਿਵੇਂ ਕਮਾਨ
ਸਿਰ 'ਤੇ ਵਾਲ ਨੇ ਘੁੰਗਰਿਆਲੇ, ਸਾਧੂ ਕੋਈ ਸੁਜਾਨ
ਨਿੱਕੂ ਮਾਮੇ ਨੂੰ ਪਿਆ ਘੂਰੇ, ਨਾਮ ਬਦਲ ਮੇਰੀ ਜਾਨ
ਰੂਪਾ ਮਾਸੀ ਕਿਉਂ ਹੈ ਰੁੱਸੀ, ਮੇਰੀ ਜਾਣੀ ਜਾਣ।
ਛੋਟੂ ਗੁੱਗੂ ਦੋਵੇਂ ਕਿੱਕੂ ਜੋਤੂ ਮੈਥੋਂ ਵਾਰੇ ਜਾਣ
ਦਾਦੀ ਨਾਨੀ ਨਾਲ ਪੁਰਾਣੀ, ਸਾਡੀ ਜਾਣ ਪਛਾਣ
ਇਸੇ ਲਈ ਰਲ ਮਿਲ ਕੇ, ਉਹ ਗੀਤ ਅਸਾਡੇ ਗਾਣ।

ਜਦੋਂ ਨਾਲ ਦੇ ਸਾਥੀਆਂ ਦੇ ਤੁਰ ਜਾਣ ਦੀ ਗੱਲ ਕਰਦੇ ਤਾਂ ਕਾਫੀ ਉਦਾਸ ਹੋ ਜਾਂਦੇ। ਜਥੇਦਾਰ ਸ਼ਰਮ ਸਿੰਘ ਜੀ, ਤ੍ਰਾਲਿਬ ਸਾਹਿਬ ਤੇ ਪ੍ਰੋ. ਗੁਰਚਰਨ ਸਿੰਘ, ਦਰਵੇਸ਼ ਦੋਸਤ, ਸ੍ਰ. ਜਸਦੇਵ ਸਿੰਘ ਸੰਧੂ ਦੇ ਅਕਾਲ ਚਲਾਣੇ ਤੇ ਬਹੁਤ ਉਦਾਸ ਹੋਏ। ਇਨ੍ਹਾਂ ਦਿਨਾਂ ਵਿੱਚ ਹੀ ਉਨ੍ਹਾਂ ਦੇ ਗੱਤੇ ਉੱਪਰ ਲਿਖੀਆਂ ਸੱਤਰਾਂ ਲੱਭੀਆਂ :

(1) ਮਹਿਫਲ ਚੋਂ ਚੁਪ ਚਪਾਤੇ ਹੈ ਕੌਣ ਤੁਰ ਗਿਆ
ਆਨੰਦਪੁਰ ਦਾ ਵਾਸੀ ਅਨੰਦਪੁਰ ਨੂੰ ਮੁੜ ਗਿਆ
ਦਿਨ ਦੇ ਚਾਨਣੇ 'ਚ ਕੋਈ ਜਾਣ ਨਹੀਂ ਸੀ ਦੇਂਦਾ
ਰਾਤਾਂ ਦੇ ਅਨ੍ਹੇਰਿਆਂ 'ਚ ਉਹ ਪੰਛੀ ਉਡ ਗਿਆ
ਨੂਰ ਜੇਹਾ ਤੱਕ ਤੱਕ ਮੌਤ ਸ਼ਰਮਾਉਂਦੀ ਰਹੀ
ਆਖਰ ਫਰਿਸ਼ਤਾ ਆਪਣੇ ਘਰ ਨੂੰ ਹੈ ਤੁਰ ਗਿਆ

ਉਹ ਮੁਸਕਰਾਉਂਦੀ ਮੂਰਤਿ ਮੁੜ ਕੇ ਨਹੀਂ ਮਿਲੇਗੀ
ਸਤਲੁਜ ਦੇ ਪਾਣੀਆਂ 'ਚ ਉਹ ਪਤਾਸਾ ਖੁਰ ਗਿਆ।
(1971-ਜਥੇਦਾਰ ਸ਼ਰਮ ਸਿੰਘ ਜੀ ਦੇ ਅਕਾਲ ਚਲਾਣੇ ਸਮੇਂ)

(2) ਪੰਛੀਆਂ ਦੀ ਡਾਰ ਹੁਣ ਉਡਦੀ ਜਾਂਦੀ ਏ
ਸੁਰਤ ਇਹ ਅਸਮਾਨਾਂ ਵਲ ਮੁੜਦੀ ਜਾਂਦੀ ਏ
ਉਮਰ ਦੀ ਪੂੰਜੀ ਵੀ ਰੁੜਦੀ ਥੁੜਦੀ ਜਾਂਦੀ ਹੈ
ਜਿਸ ਬੇੜੀ ਤੇ ਬੈਠੇ ਸਾਂ, ਉਹ ਰੁੜ੍ਹਦੀ ਜਾਂਦੀ ਹੈ।

ਇਨ੍ਹਾਂ ਕਵਿਤਾਵਾਂ ਵਿੱਚ ਵਧੇਰੇ ਵਿੱਚ ਬਾਗ ਤਿਰਾ ਬਗੀਚਾ ਤਿਰਾ ਦੇ ਗੁਣ ਗਾ ਕੇ ਕਾਦਰ ਦੀ ਕੁਦਰਤ ਦਾ ਜੱਸ ਗਾਇਆ ਹੈ। ਉਸ ਮਾਲਕ ਦੀ ਉਸਤਤ ਕੀਤੀ ਹੈ, ਜਿਸ ਨੇ ਇਹ ਸ੍ਰਿਸ਼ਟੀ ਦੀ ਰਚਨਾ ਕੀਤੀ। ਕੁਝ ਕਵਿਤਾਵਾਂ ਵਿਚ ਸਿੱਖ ਇਤਿਹਾਸ ਤੇ ਗੁਰੂ ਜੀਵਨ ਨਾਲ ਸੰਬੰਧਿਤ ਵਿਚਾਰ ਲੈ ਕੇ ਲਿਖੀਆਂ ਹਨ। ਇਸੇ ਖਿਆਲ ਤੇ ਵਿਚਾਰ ਉਪਰ ਉਨ੍ਹਾਂ ਨੇ ਸਾਰੀ ਉਮਰ ਪਹਿਰਾ ਦਿੱਤਾ ਤੇ ਲਗਾਤਾਰ ਕਲਮ ਵਾਹੁੰਦੇ ਰਹੇ। ਜਿਨ੍ਹਾਂ ਗੁਰੂ ਸਾਹਿਬਾਨ ਬਾਰੇ 'ਨਾਨਕ ਤੇਰੀ ਫਿਰ ਲੋੜ ਹੈ' ਜਾਂ 'ਕਲਗੀਵਾਲਾ ਵਰਗੀਆਂ ਛੋਟੀਆਂ ਛੋਟੀਆਂ ਕਵਿਤਾਵਾਂ ਲਿਖੀਆਂ ਉਨ੍ਹਾਂ ਬਾਰੇ ਹੀ ਪਿਛੋਂ 'ਗੁਰੂ ਨਾਨਕ ਸਾਗਰ', 'ਗੋਬਿੰਦ ਸਾਗਰ' ਵਰਗੀਆਂ ਰਚਨਾਵਾਂ ਦਿੱਤੀਆਂ। ਕੁਝ ਕਵਿਤਾਵਾਂ ਵਿੱਚ ਪੰਜਾਬ ਦੀ ਧਰਤੀ ਦੇ ਗੀਤ ਗਾਏ ਹਨ-ਦੇਸ਼ ਦਰਦ ਦੀ ਹੂਕ ਵੀ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਮੌਜੂਦ ਹੈ। 1942-43 ਤੋਂ ਪਿਛੋਂ ਲਗਾਤਾਰ ਅਜੇਹੇ ਹਾਲਾਤ ਬਣੇ ਰਹੇ ਕਿ ਉਸ ਸਮੇਂ ਦੀ ਆਜ਼ਾਦੀ ਦੀ ਲੜਾਈ ਵਿੱਚ ਹਰ ਭਾਰਤੀ ਆਪਣਾ ਯੋਗਦਾਨ ਪਾ ਰਿਹਾ ਸੀ। ਬਹੁਤ ਸਾਰੀਆਂ ਕਾਵਿ ਟੁਕੜੀਆਂ ਵਿੱਚ ਜਿਉਣਾ ਝੂਠ ਤੇ ਮਰਨਾ ਸੱਚ ਦੀ ਅਟੱਲ ਸਚਾਈ ਨਜ਼ਰ ਆਉਂਦੀ ਹੈ। ਜੀਵਨ ਭੇਦ ਦੀਆਂ ਕਈ ਰਮਜਾਂ ਛੋਟੀਆਂ ਛੋਟੀਆਂ ਕਵਿਤਾਵਾਂ ਵਿੱਚ ਨਜ਼ਰ ਆਉਂਦੀਆਂ ਹਨ। ਉਨ੍ਹਾਂ ਦੇ ਛੋਟੇ ਛੋਟੇ ਖਿਆਲ ਜੋ ਗੱਤੇ ਉਪਰ, ਕਾਗਜਾਂ ਦੇ ਟੁਕੜਿਆਂ ਉਪਰ ਲਿਖੇ ਮਿਲੇ ਹਨ ਉਨ੍ਹਾਂ ਨੂੰ ਪੜ੍ਹ ਕੇ ਉਨ੍ਹਾਂ ਦਾ ਹੀ ਇਹ ਬੋਲ ਯਾਦ ਆ ਰਿਹਾ ਹੈ :

ਬਾਪੂ ਬੂੰਦੀ ਆਈ ਆ
ਚੁੱਪ ਕਰ ਬੱਚਾ ਮਸਾਂ ਥਿਆਈਆ....

ਇਹ ਛੋਟੀਆਂ ਛੋਟੀਆਂ ਕਾਵਿ ਟੁਕੜੀਆਂ ਬਾਪੂ ਬੂੰਦੀ ਦਾ ਹੀ ਸੁਆਦ ਦਿੰਦੀਆਂ ਹਨ।

ਜਦੋਂ ਵੀ ਕਦੇ ਇਸ ਕਵਿਤਾਵਾਂ ਵਾਲੇ ਬਸਤੇ ਨੂੰ ਖੋਲ੍ਹਦੇ ਤਾਂ ਕਹਿੰਦੇ ਇਨ੍ਹਾਂ ਨਜਮਾਂ ਵਿਚੋਂ ਸੌ ਕੁ ਦੀ ਕਾਂਟੀ ਛਾਂਟੀ ਕਰਕੇ ਛਾਪਾਂਗੇ, ਪਰ ਫਿਰ ਕਹਿ ਦਿੰਦੇ ਚਲੋ ਛੱਡੋ ਹੋਰ ਬਹੁਤ ਕੰਮ ਕਰਨ ਵਾਲਾ ਪਿਆ... ਇਹ ਤਾਂ ਐਵੇਂ ਤੁਕ ਬੰਦੀ ਹੀ


25

ਹੈ-ਪਹਿਲਾਂ ਦੀਆਂ ਲਿਖੀਆਂ ਹਨ-ਹੁਣ ਕੋਈ ਅਰਥ ਨਹੀਂ...। ਉਹ ਤਾਂ ਇਹ ਸਭ ਕੁਝ ਛੱਡ ਕੇ ਚਲੇ ਗਏ ਪਰ ਮੇਰਾ ਦਿਲ ਕੀਤਾ ਕਿ ਜਿਹੜੀਆਂ ਕਾਪੀਆਂ ਸੰਨ 1938-39 ਦੀਆਂ ਸਾਂਭੀਆਂ ਪਈਆਂ ਹਨ ਇਨ੍ਹਾਂ ਵਿਚੋਂ ਕੁਝ ਤਾਂ ਜਰੂਰ ਛਪਣੀਆਂ ਚਾਹੀਦੀਆਂ ਹਨ... ਭਾਵੇਂ ਕਵਿਤਾ ਦੇ ਮਾਪ ਦੰਡਾਂ ਅਨੁਸਾਰ ਪੂਰੀਆਂ ਨਾ ਵੀ ਉਤਰਨ ਪਰ ਫਿਰ ਵੀ ਇਨ੍ਹਾਂ ਵਿਚੋਂ ਸਮਾਜਕ, ਰਾਜਨੀਤਕ ਉਤਰਾਵਾਂ ਚੜ੍ਹਾਵਾਂ ਦੀ, ਕਈ ਥਾਂ ਅਜੇਹੀ ਝਲਕ ਮਿਲਦੀ ਹੈ ਕਿ ਉਸ ਸਮੇਂ ਦੀ ਮੂੰਹ ਬੋਲਦੀਆਂ ਤਸਵੀਰਾਂ ਜਾਪਦੀਆਂ ਹਨ। ਇਸ 'ਬਗੀਚੇ' ਵਿਚੋਂ ਕੁਝ ਦੀ ਖੁਸ਼ਬੂ, ਕੁਝ ਦਾ ਰੰਗ ਰੂਪ, ਕਿਸੇ ਦੀ ਮਹਿਕ ਚੰਗੀ ਲੱਗੀ। ਜੀਵਨ ਵਿੱਚ ਵੀ ਹਰ ਰੰਗ ਹੈ। ਕਦੀ ਪਤਝੜ ਹੈ, ਕਿਧਰੇ ਬਸੰਤ ਹੈ-ਬਚਪਨ, ਜੁਆਨੀ, ਬੁਢਾਪਾ, ਮੌਤ, ਦੁਨੀਆਂ ਦੇ ਬਗੀਚੇ ਵਿੱਚ ਵੀ ਹਰ ਰੰਗ ਹੈ-ਕੰਡੇ ਵੀ, ਫੁੱਲ ਵੀ, ਗੁਲਾਬ ਵੀ, ਜੰਗਲੀ ਫੁੱਲ ਵੀ ਕਿਤੇ ਕਿਤੇ ਥੋਹਰ ਤੇ ਡੇਕ ਵੀ ਖੜ੍ਹੀ ਹੈ-ਕਿਧਰੇ ਚੰਦਨਵਾੜੀ ਹੈ, ਕੁਝ ਕੁ ਗੁਲਾਬ ਵਾੜੀ ਹੈ-ਧਾਰਮਕ ਪਾਖੰਡ 'ਤੇ ਕਰਮ ਕਾਂਡ ਦੀ ਗੱਲ ਕਰਨ ਸਮੇਂ ਸਿੰਮਲਵਾੜ ਵੀ ਨਜ਼ਰ ਆਉਂਦੀ ਹੈ। ਕਲਮ ਮੰਦਰ ਦਾ ਮਾਲੀ ਤੁਰ ਗਿਆ-ਇਸ ਬਾਗ ਬਗੀਚੇ ਦਾ ਮਾਲੀ ਤੁਰ ਗਿਆ-ਇਸ ਮਾਲੀ ਦੇ ਕੁਝ ਫੁੱਲਾਂ ਨੂੰ ਗੁੰਦਣ ਦਾ ਯਤਨ ਕੀਤਾ ਹੈ। ਕਈ ਥਾਂ ਕੁਝ ਖ਼ਾਮੀਆਂ ਵੀ ਹਨ। ਕਈ ਸ਼ਬਦ ਪੁਰਾਣੀ ਸ਼ਬਦਾਵਲੀ ਦੇ ਹਨ-ਕਿਧਰੇ ਕਿਧਰੇ ਮਾਲਵੇ ਦੀ ਬੋਲੀ ਦਾ ਰੰਗ ਹੈ-ਜਿਆਦਾ ਸੋਧ ਸੁਧਾਈ ਨਹੀਂ ਕੀਤੀ-ਤਾਂ ਜੋ ਉਨ੍ਹਾਂ ਵਾਲਾ ਸਾਦਗੀ ਤੇ ਸਪੱਸ਼ਟਤਾ ਦਾ ਰੰਗ ਜਿਉਂ ਦਾ ਤਿਉਂ ਕਾਇਮ ਰਹੇ।

28 ਦਸੰਬਰ 2003

ਹਰਿੰਦਰ ਕੌਰ (ਡਾ.)
ਕਲਮ ਮੰਦਰ
ਪਟਿਆਲਾ

ਬਗੀਚਾ



ਪਿਆਰਾ ਸਿੰਘ ਪਦਮ

ਤੇਰੇ ਦਰ 'ਤੇ

ਤੇਰੇ ਦਰ 'ਤੇ 'ਦੀਨ' ਆਇਆ ਮੰਗਤਾ
ਫੜਿਆ ਠੂਠਾ ਹੱਥ, ਮੰਗਾਂ ਮੰਗ ਇਹ
ਕਵਿਤਾ ਵਿੱਚ ਪੰਜਾਬੀ, ਲਿਖਾਂ ਬਣਾਇਕੇ
ਹੋਵਾਂ ਉੱਚ ਉਡਾਰੂ ਅਰਸ਼ਾਂ ਸੰਦੜਾ
ਪਾਵੀਂ ਖ਼ੈਰ ਦਾਤਾਰ ਉੱਜਲ ਮਤਿ ਦੇ
ਗੁਣ ਗਾਵਾਂ ਦਿਨ ਰਾਤ ਨਾਨਕ ਚਾਓ ਏਹ
ਵੱਗੇ ਇਉਂ ਪ੍ਰਵਾਹ, ਨਾ ਅਟਕਾਰ ਹੋ
ਝਰਦਾ ਨਿਰਮਲ ਪਾਣੀ ਜਿਵੇਂ ਹੈ ਚਸ਼ਮਿਓਂ।

ਮੰਗਲਾਚਰਨ

ਮੰਗਲਾਚਰਨ ਮਾਲੀ ਦਾ ਕਰੀਏ, ਜਿਸ ਇਹ ਬਾਗ਼ ਬਣਾਇਆ
ਪੱਤੇ ਪੱਤੇ ਡਾਲੀ ਡਾਲੀ, ਹੱਟ ਮਹਿਕ ਦਾ ਲਾਇਆ
ਭਾਂਤ ਭਾਂਤ ਦੇ ਫੁੱਲ ਉਗਾ ਕੇ, ਮੰਡਪ ਖ਼ੂਬ ਸਜਾਇਆ
ਕਣ ਕਣ ਦੇ ਵਿੱਚ ਵਸ, ਅਲੌਕਿਕ ਰੂਪ ਰੰਗ ਲੁਕਾਇਆ।
ਉਸ ਭੇਤ 'ਤੇ ਮਸਤ ਹੋਇਕ, ਬੁਲਬੁਲ ਕੋਇਲਾਂ ਗਾਵਣ
ਵਿੱਚੇ ਵਿੱਚ ਬੰਬੀਹਾ ਬੋਲੇ, ਭੌਰ ਗੁੰਜਾਰਾਂ ਪਾਵਣ
ਨਦੀਆਂ ਨਾਲੇ ਚਸ਼ਮੇ ਵਗਦੇ, ਛਹਿਬਰ ਕੋਈ ਲਗਾਵਣ
ਮਾਲੀ ਦੀ ਮਿਹਮਾਂ ਨਿਵਾਜ਼ੀ, ਸਦਕੇ ਵਾਰੇ ਜਾਵਣ।
ਏਸ ਬਗ਼ੀਚੇ ਬੁਲਬੁਲ ਬੈਠੀ, ਬਾਰ ਬਾਰ ਪਈ ਬੋਲੇ
ਮਧੁਰ ਮਲੂਕ ਮਨੋਹਰ ਬਾਣੀ, ਭੇਦ ਅਗੰਮੀ ਖੋਲ੍ਹੇ
ਮਾਨੋ ਫੁੱਲ ਕੋਈ ਵਾਜਾਂ ਦੇਵੇ, ਸੱਜਣ ਸਖੀਆ ਟੋਲੇ।

ਦੂਜਾ ਰੱਬ

ਲੋਕ ਆਖਣ ਰੱਬ ਇੱਕ ਜੇ, ਕਰੋ ਇੱਕ ਦੀ ਪੂਜਾ
ਪਰ ਨਾ ਗੱਲ ਸੱਚ ਇਹ ਲੱਗੇ, ਕਵੀ ਰੱਬ ਹੈ ਦੂਜਾ
ਅਜ਼ਮਤ ਘੱਟ ਨਹੀਂ ਜੇ ਇਸ ਦੀ, ਦੁਨੀਆਂ ਦੇ ਰੱਬ ਨਾਲ਼ੋਂ
ਕਰਕੇ ਵਾਂਙ ਪਹਾੜ ਦਿਖਾਵੇ, ਦਿੱਸੇ ਜੁ ਨਿੱਕਾ ਵਾਲ਼ੋਂ
ਝੁੱਗੀ ਢਹੀ ਗਰੀਬ ਦੀ ਚੁੱਕ ਕੇ, ਕਰੇ ਸੋਨੇ ਦੀ ਲੰਕਾ
ਸਿਰ ਦੀ ਟੋਕਰੀ ਘੱਟ ਨਾ ਆਖੇ, ਸ਼ਾਹੀ ਤਾਜ ਦੇ ਨਾਲ਼ੋਂ।
ਜਿਕਣ ਚਾਹੇ ਤਿਵੇਂ ਕਰ ਲੈਂਦਾ, ਨਹੀਂ ਕਿਸੇ ਦੇ ਅਨੁਸਾਰੀ
ਭੇਖਾਰੀ ਤੇ ਰਾਜ ਕਰਾਵੈ, ਰਾਜਾ ਤੇ ਭੇਖਾਰੀ
ਰੱਬ ਦੀ ਝੂਠੀ ਦੁਨੀਆਂ ਵਾਂਗੂ, ਇਹਦੀ ਖੇਡ ਵੀ ਸੁਪਨਾ
ਮੰਨਣਾ ਪਵੇ 'ਪਦਮ' ਤਾਹੀਓਂ ਹੀ, ਦੂਜਾ ਰੱਬ ਇਹ ਭਾਰੀ।

ਸ਼ੁਕਰਾਨਾ *

ਤੁਸਾਂ ਅਸਾਂ ਨੂੰ ਦਿਲ ਦਿੱਤਾ ਅਸਾਂ ਤੁਹਾਨੂੰ ਦਿੱਤਾ
ਦਿਲਾਂ ਦਿਲਾਂ ਦੇ ਸੌਦੇ ਹੋਏ ਇਹ ਵਟਾਂਦਰਾ ਕੀਤਾ।
ਪਰ ਇੱਕ ਰਾਜ਼ ਤੁਸਾਂ ਨੇ ਰੱਖਿਆ, ਸਾਨੂੰ ਸਮਝ ਨਾ ਆਇਆ
ਤੜਪਾਂ ਭਰਿਆ ਦਿਲ ਲੈ ਸਾਥੋਂ, ਠੰਢਕ ਵਾਲ਼ਾ ਦਿੱਤਾ।
ਕਰਾਂ ਸ਼ੁਕਰ ਜੋ ਕੀਤਾ ਉਪਕਾਰ ਮੈਂ 'ਤੇ,
ਸਦਾ ਰਹਮਤੀਂ ਨਜ਼ਰੀ ਪਸਦੇ ਰਹੇ।
ਪਿਆਰ, ਦਰਦ ਤੁਸਾਡੇ ਦੀ ਯਾਦ ਰਹਿਸੀ,
ਜੀਕੂੰ ਦਾਸ 'ਤੇ ਆਪ ਹੋ ਵਸਦੇ ਰਹੇ।
ਸ਼ਾਂਤਿ, ਧੀਰਜ, ਮਿਠਾਸਤਾ, ਗੁਣ ਦੈਵੀ,
ਮੱਥੇ ਆਪਦੇ ਸਦਾ ਈ ਲਸਦੇ ਰਹੇ।
ਕਦੀ ਭੁੱਲੂ ਨੀ ਇਹ ਤਸਵੀਰ ਤੁਹਾਡੀ,
'ਨਾਲੇ ਹੱਸਦੇ ਰਹੇ ਨਾਲ਼ੇ ਦੱਸਦੇ ਰਹੇ।'
ਜੇਕਰ ਦਾਸ ਥੋਂ ਹੋਈ ਕੁਈ ਭੁੱਲ ਹੋਵੇ,
ਰਹਿਮਤ ਕਰਕੇ ਮੁਆਫ਼ ਫੁਰਮਾ ਦੇਣਾ।
ਕਿਤੇ ਵੇਖ ਗੁਨਾਹਾਂ ਦਾ ਲੇਖ ਜ਼ਿਆਦਾ,
ਬਪੜੇ 'ਦੀਨ' ਨੂੰ ਮਤੇ ਭੁਲਾ ਦੇਣਾ।

*(*ਗਿਆਨੀ ਅਰਜਨ ਸਿੰਘ ਜੀ ਦਾ ਧੰਨਵਾਦ ਕਰਨ ਲਈ ਲਿਖੀਆਂ ਸਤਰਾਂ)*

ਰੱਬ

ਰਹਿੰਦਾ ਨਹੀਂ ਉਹ ਕਿਸੇ ਅੱਡਰੇ ਮਕਾਨ ਅੰਦਰ
ਉਸ ਦੀ ਜਾਨ ਹੈ ਸਾਡੀ ਹੀ ਜਾਨ ਅੰਦਰ
ਉਹ ਸਾਡੇ ਰੋਇਆ ਰੋਂਦਾ ਵੀ ਤੇ ਹੱਸਦਾ ਵੀ ਏ
ਬੈਠਾ ਨਹੀਂ ਕਿਸੇ ਖਾਸ ਉੱਚੀ ਥਾਂ 'ਤੇ
ਪਰ ਕੋਈ ਥਾਂ ਖਾਲੀ ਨਹੀਂ ਉਸ ਦੇ ਨਾਂ ਤੋਂ
ਕਿੱਥੇ ਹੁੰਦੇ? ਸਾਰੇ ਹੁੰਦਾ। ਫਿਰ ਦਿਸਦਾ ਕਿਉਂ ਨਹੀਂ?
ਮਰਜ਼ੀ ਉਹਦੀ ਲੁਕਿਆ ਰਹਿੰਦਾ ਇਵੇਂ, ਜਿਉਂ ਨਹੀਂ।
ਹਾਂ ਕਿਤੇ ਦਿਸਦੈ ਧੰਨੇ ਦਾ ਵਗ ਮੋੜ ਰਿਹਾ
ਕਿਤੇ ਬੈਠ ਜੰਗਲਾਂ ਵਿੱਚ ਜੂਠੇ ਬੇਰ ਹੈ ਮੰਗਾਉਂਦਾ
ਕਿਤੇ ਕੋਧਰੇ ਦਿਆਂ ਟੁਕੜਿਆਂ ਨੂੰ ਹੀ ਚਾਹੁੰਦਾ
ਉਹ ਖੀਰ ਖਾਂਦਾ ਨਹੀਂ ਨਾ ਚੂਰਮਾ ਮੂੰਹ ਪਾਉਂਦੇ
ਉਸ ਨੂੰ ਜਦ ਭੁੱਖ ਲੱਗੇ ਤਾਂ ਬਿਦਰ ਦਾ ਸਾਗ ਖਾਂਦੇ
ਇਹ ਉਹਦੀ ਆਪਣੀ ਮਰਜ਼ੀ ਨਾ ਹੋਰ ਕਿਤੇ ਦਿਸ ਆਉਂਦਾ।
ਹਾਂ ਗਰੀਬਾਂ ਦੀ ਮਦਦ ਲਈ ਨੰਗੇ ਪੈਰੀਂ ਹੀ ਆਉਂਦਾ
ਸਾਰਾ ਦਿਨ ਉਹਦਾ ਕੰਮ ਏਹੋ ਤੇ ਕਰਦਾ ਈ ਰਹਿੰਦਾ
ਭਗਤਾਂ ਦੀ ਸੁਣਦਾ, ਦੁਖੀਆਂ ਦੀਆਂ ਸੁਣਦਾ, ਟਿਕ ਕੇ ਨਹੀਂ ਰਹਿੰਦਾ।
ਤਾਹੀਓਂ ਤਾਂ ਉਹ ਦਿਸਦਾ ਨੀ ਜੇ ਬੈਠੇ ਤਾਂ ਦਿੱਸੇ
ਹੁਣ ਕਿਤੇ, ਪਲ ਨੂੰ ਕਿਧਰੇ, ਕਦੇ ਉੱਥੇ ਏਥੇ ਸਾਰੇ ਹੀ।

ਤੇਰੇ ਸਿਰਨਾਂਵੇਂ ਨੂੰ

ਜਾ ਤੂੰ ਲੱਭਦਾ ਹੀ ਨਹੀਂ ਕਿਧਰੇ ਤੇਰੇ ਸਿਰਨਾਂਵੇਂ ਨੂੰ ਕੀ ਕਰਾਂ?
ਜਾ ਤੂੰ ਦਿਖਦਾ ਹੀ ਨਹੀਂ ਕਿਧਰੇ, ਤੇਰੇ ਪਰਛਾਵੇਂ ਨੂੰ ਕੀ ਕਰਾਂ?
ਉਂਜ ਵੇਦਾਂ ਤੇ ਕੁਰਾਨਾਂ ਨੇ ਤੇਰੇ ਕਈ ਪਤੇ ਦੱਸੇ ਨੇ
ਮਹਾਤਮਾ ਮਿਹਰਵਾਨਾ ਕਈ ਮਿਲਣ ਦੇ ਢੰਗ ਦੱਸੇ ਨੇ
ਗੱਲ ਬਣਦੀ ਨਹੀਂ ਐਪਰ ਇਸ ਦਿਖਾਵੇ ਨੂੰ ਕੀ ਕਰਾਂ
ਦਿਲ ਦੀ ਮੈਲ ਲਹਿੰਦੀ ਨਹੀਂ ਮਜ਼੍ਹਬ ਦੇ ਝਾਵੇਂ ਨੂੰ ਕੀ ਕਰਾਂ?
ਗਿਆਨ ਕੁਝ ਹੋਰ ਦੱਸਦਾ ਤੇ ਈਮਾਨ ਕੁਝ ਹੋਰ ਦੱਸਦਾ ਹੈ
ਵਿਗਿਆਨ ਦੀ ਕਸਮ ਖਾ ਖਾ ਜ਼ਮਾਨਾ ਮੇਰੇ 'ਤੇ ਹੱਸਦਾ ਹੈ
ਤੂੰਹੀਓਂ ਗੱਲ ਕਰ ਹੱਲ ਦੀ ਮੈਂ ਇਸ ਭੁਲਾਵੇਂ ਨੂੰ ਕੀ ਕਰਾਂ।
ਜਾ ਤੂੰ ਲੱਭਦਾ ਹੀ ਨਹੀਂ ਕਿਧਰੇ, ਤੇਰੇ ਸਿਰਨਾਂਵੇਂ ਨੂੰ ਕੀ ਕਰਾਂ
ਲਹੂ ਦਾ ਮੀਂਹ ਵਰ੍ਹਦਾ ਤੱਕ, ਮੇਘਲੇ ਮੌਨ ਹੋ ਬੈਠੇ ਨੇ
ਧਰਤੀ ਜਾਂ ਔੜ ਮਾਰੀ, ਤੀਆਂ ਦੇ ਸਾਵ੍ਹੇ ਨੂੰ ਕੀ ਕਰਾਂ
ਤੂੰ ਕੁਝ ਹੋਰ ਕਹਿੰਦਾ ਸੀ ਤੇ ਹੁਣ ਕੁਝ ਹੋਰ ਕਰਦਾ ਹੈਂ
ਮੈਂ ਤਾਂ ਸਿੱਧਾ ਸਾਦਾ ਸਾਂ, ਤੇਰੇ ਵਲਾਵੇ ਨੂੰ ਕੀ ਕਰਾਂ?
ਜੰਗਲ ਨੂੰ ਅੱਗ ਲੱਗੀ ਹੈ, ਸੜ ਬਲ ਰਹੇ ਨੇ ਪੰਖੇਰੂ
ਪਾਣੀ ਦੀ ਬੂੰਦ ਨਾ ਲੱਭੇ ਇਹ ਨਦੀਆਂ ਦਰਿਆਵਾਂ ਨੂੰ ਕੀ ਕਰਾਂ?
ਨਹੀਂ ਕੋਈ ਦਰਦੀ ਦਿਸਦੈ, ਦਿਲ ਦੇ ਬਰਨਾਵੇਂ ਨੂੰ ਕੀ ਕਰਾਂ
ਜਾ ਤੂੰ ਲੱਭਦਾ ਹੀ ਨਹੀਂ, ਤੇਰੇ ਸਿਰਨਾਵੇਂ ਨੂੰ ਕੀ ਕਰਾਂ?

ਧਰਤੀ ਪੁੱਛੇ

ਧਰਤੀ ਪੁੱਛੇ ਵੇ ਅਸਮਾਨਾ! ਤੁਸਾਂ ਕਿਤਨੇ ਪੂਰ ਲੰਘਾਏ
ਤੇਰੇ ਤੱਕਦਿਆਂ ਇੱਥੇ, ਕਿਤਨੇ ਗਏ ਤੇ ਆਏ
ਮੈਂ ਕੀ ਦੱਸਾਂ, ਮੈਂ ਵੀ ਇਦਾਂ, ਸਮਾਂ ਲੰਘਾਂਦਾ ਜਾਵਾਂ
ਮੈਥੋਂ ਪਹਿਲੇ ਕਈ ਅਸਮਾਨਾਂ, ਕੀਤੀਆਂ ਜੱਗ 'ਤੇ ਛਾਂਵਾਂ
ਕਿਤਨੇ ਤਾਰੇ ਕਿਤਨੇ ਚੰਦ, ਕਿਤਨੇ ਵੱਡੇ ਸੂਰਜ
ਉਸ ਕਾਦਰ ਦੇ ਸਜਦੇ ਅੰਦਰ, ਲੈ ਰਹੇ ਘੁੰਮਰਵਾਵਾਂ
ਉਹੋ ਕਰਤਾ ਸਭ ਕੁਛ ਜਾਣੇ, ਮੈਂ ਕੀ ਤੁੱਛ ਪਛਾਣਾਂ
ਉਹ ਬੇਅੰਤ ਮੈਂ ਅੰਤਾਂ ਵਾਲਾ, ਕਿਉਂ ਵਰਨੀ ਕਿਵ ਜਾਣਾ ।

(18-7-46)

ਬਿਖ਼ਮ ਤੇਰਾ ਹੈ ਭਾਣਾ

ਤੈਨੂੰ ਜਾਣ ਨਹੀਂ ਸਕਦਾ ਮੈਂ, ਥੋੜ੍ਹਾ ਥੋੜ੍ਹਾ ਜੇਹਾ ਜਾਣਾ
ਤੇਰੇ ਚਿਹਨ ਚਕ੍ਰ ਰੂਪ ਰੇਖਾ, ਕੁਛ ਕੁਛ ਜ਼ਰਾ ਪਛਾਣਾ
ਤੇਰੀ ਰਚਨਾ ਸਾਗਰ ਨਦੀਆਂ, ਜੰਗਲ਼ ਪਰਬਤ ਬੇਲੇ
ਸੂਰਜ ਚੰਨ ਸਤਾਰੇ ਅੰਦਰ, ਤਕਨੈ ਜਿਵੇਂ ਤੂੰ ਖੇਲੇਂ
ਤੇਰੀ ਸ੍ਰਿਸ਼ਟੀ ਦਾ ਵੀ ਕੁਛ ਕੁਛ, ਆਦਿ ਅੰਤ ਪਹਿਚਾਣਾ
ਤੂੰ ਤੇ ਇਤਨਾ ਬਿਖ਼ਮ ਨਹੀਂ ਏ, ਬਿਖ਼ਮ ਤੇਰਾ ਹੈ ਭਾਣਾ।

ਆਸ਼ਕਾਂ ਇਹ ਵੀ ਮਿੱਠਾ ਮੰਨਿਆ, ਪਹਿਨ ਸਬਰ ਦਾ ਬਾਣਾ
ਨਾਲੇ ਫਾਂਸੀਆਂ ਉੱਤੇ ਚੜ੍ਹਨਾ, ਨਾਲੇ ਵਜ਼ਦ 'ਚ ਗਾਣਾ
ਭਰ ਭਰ ਜ਼ਹਿਰ ਪਿਆਲੇ ਪੀਣੇ, ਫੇਰ ਅਮਰਪਦ ਪਾਣਾ
ਹੱਸ ਹੱਸ ਤੇ ਆਪੀਂ ਦੱਸ ਦੱਸ ਕੇ, ਬੰਦ ਬੰਦ ਕਟਵਾਣਾ
ਤੱਤੀ ਤਵੀ 'ਤੇ ਨਹੀਂ ਸੀ ਤੱਕਿਆ, ਜ਼ਿੰਦਗੀ ਦਾ ਮੁਸਕਾਣਾ
ਇਹ ਵੀ ਡਿੱਠਾ ਜੱਗ ਨੇ ਭਾਵੇਂ, ਬਿਖ਼ਮ ਤੇਰਾ ਹੈ ਭਾਣਾ।

ਬਿਖ਼ਮ ਕਾਰ ਨੂੰ ਸੁਗਮ ਕਰੀਂਦੇ, ਤੇਰੇ ਪ੍ਰੀਤਿ ਦੀਵਾਨੇ
ਮਰ ਮਰ ਜੀਣ ਤੇ ਜੀ ਜੀ ਮਰਦੇ, ਕਿੱਸੇ ਬਣੇ ਪੁਰਾਣੇ
ਹਰ ਕੋਈ ਯੋਧਾ ਨਾ ਕਰ ਸਕੇ, ਨਾ ਕਰ ਸਕੇ ਦਾਨਾ
'ਕਹੁ ਨਾਨਕ ਇਹ ਖੇਲੁ ਕਠਿਨ ਹੈ, ਕਿਨਹੂੰ ਗੁਰਮੁਖਿ ਜਾਨਾ'
ਪਰ ਜੇ ਤੂੰ ਆ ਅੱਖੀਂ ਵੇਖੇਂ, ਆਸ਼ਕ ਦਾ ਮਰ ਜਾਣਾ
ਫੇਰ ਕਦੀ ਵੀ ਨਹੀਂ ਆਖਾਂਗੇ, ਬਿਖ਼ਮ ਤੇਰਾ ਹੈ ਭਾਣਾ।

(13-5-49)

ਤੇਰਾ ਕਰਮ

ਨਾ ਜਪ ਤਪ ਦਾ ਮਾਣ ਹੈ, ਨਾ ਹੋਰ ਹੀ ਕੋਈ ਤਾਣ ਹੈ
ਪਾਵਾਂ ਸਿਫ਼ਾਰਸ਼ ਕਿਸ ਤਰ੍ਹਾਂ, ਨਾ ਕੋਈ ਜਾਣ ਪਛਾਣ ਹੈ
ਆਇਆ ਪ੍ਰਦੇਸੀ ਚੱਲ ਕੇ, ਕਈ ਧੁੱਪਾਂ ਝੱਖੜ ਝੱਲ ਕੇ
ਰਸਤੇ ਦੀਆਂ ਵਾਟਾਂ ਲੰਬੀਆਂ, ਕਰ ਕਰ ਤੇ ਲੱਤਾਂ ਹੰਭੀਆਂ
ਧਰਤੀ ਉਜਾੜ ਭੀਹਾਵਲੀ, ਪਾਈ ਨਾ ਕਿਤੇ ਹਰਿਆਵਲੀ
ਹੋ ਕੇ ਪ੍ਰਦੇਸਨ ਬਾਵਲੀ, ਲੱਭਦੀ ਹਾਂ ਸੂਰਤ ਸਾਂਵਲੀ
ਟੋਲਾਂ ਤਾਂ ਟੋਲਾਂ ਕਿਸ ਤਰ੍ਹਾਂ, ਬੋਲਾਂ ਤਾਂ ਬੋਲਾਂ ਕਿਸ ਤਰ੍ਹਾਂ
ਆਉਂਦਾ ਨਾ ਕੁਝ ਵੀ ਮਰਮ ਹੈ, ਇੱਕ ਚਾਹਾਂ ਤੇਰਾ ਕਰਮ ਹੈ
ਚਾਨਣ ਉਹਦੇ ਵਿੱਚ ਟੁਰਾਂਗੀ, ਸੱਜਨ ਨੂੰ ਪਾ ਕੇ ਮੁੜਾਂਗੀ
ਰੋਂਦੀ ਹਾਂ ਆਪਣੇ ਕਰਮ ਨੂੰ, ਚਾਹੁੰਦੀ ਹਾਂ ਤੇਰੇ ਕਰਮ ਨੂੰ
ਕਰਦੇ ਕਰਮ ਮਿਹਰਬਾਨ ਹੁਣ, ਹੋਵੇ ਜੇ ਬੇੜਾ ਪਾਰ ਹੁਣ।
ਉਂਵ ਤਾਂ ਮੈਂ ਹਾਂ ਵੇਖਦਾ ਸਭ ਤਰਫ ਹਾਨ ਹੀ ਹਾਨ ਏ
ਕੁਝ ਲਾਭ ਨੀ ਕੁਝ ਖੱਟੀ ਨੀ ਹੱਸਦਾ ਸਾਰਾ ਜਹਾਨ ਏ
ਕਰਮਾਂ ਨੇ ਸਾਨੂੰ ਡੋਬਿਆ, ਕਰਮਾਂ ਨੇ ਸਾਨੂੰ ਮਾਰਿਆ
ਜਿੱਤਾਂ ਮੈਂ ਬਾਜ਼ੀ ਕਿਸ ਤਰ੍ਹਾਂ, ਕਰਮਾਂ ਦੀ ਹਾਰ ਹਾਰਿਆ
ਇਕ ਕਰਮ ਤੇਰੀ, ਕਰਮਾਂ ਤੋਂ ਉੱਚੀ ਤੇ ਬਲਵਾਨ ਏ
ਜੇ ਦੀਨ ਇਹ ਕ੍ਰਿਪਾਲ ਹੋਇ ਤਾਂ ਲੰਘ ਜਾਣਾ ਆਸਾਨ ਹੈ।

ਰੱਬ ਦੇ ਆਪਣੇ

ਚਿੰਤਾ ਪੈਦਾ ਹੋਈ ਇੱਕ ਦਿਨ ਰੱਬ ਨੂੰ,
ਇੰਨੀ ਦੁਨੀਆਂ ਸਾਜੀ ਕੋਈ ਨੀ ਮੈਂਡੜਾ।
ਸਭ ਆਪਣੇ ਹੀ ਬਣ ਬਣ ਬਹਿ ਰਹੇ,
ਪਾਲਣ ਪੋਸ਼ਣ ਵਿੱਚ ਮੈਂ ਦੁੱਖ ਕੱਟਿਆ।
ਕਦੀ ਵਗਾਵਾਂ ਪੌਣ ਠੰਢੀ ਠੰਢੜੀ,
ਕਦੀ ਵਰ੍ਹਾਵਾਂ ਬੱਦਲ਼ ਅੰਨ ਉਪਾਵਣੇ।
ਲਾ ਲਾ ਧੁੱਪਾਂ ਪਕਾਵਾਂ ਖੇਤੀਆਂ,
ਪਰ ਇਹ ਜੱਗ ਕੁਛ ਨਾ ਜਾਣਦਾ।
ਹੋਇਆ ਇੱਕ ਪਾਸੇ ਰੱਬ ਜੱਗ ਤੋਂ ਦੂਰ ਹੋ,
ਪਰ ਬਣ ਗਈ ਔਖ ਵਿੱਚ ਇਕੱਲ ਦੇ।
ਲੱਗਾ ਦਿਲ ਘਬਰੌਣ ਮਮਤਾ ਮਾਰਿਆ,
ਰਹਿਨ ਨਾ ਸਕਿਆ ਘੜੀ ਜੱਗ ਤੋਂ ਬਾਹਰਾ।
ਆ ਫਿਰ ਜੋਤਿ ਜਗਾਈ ਦੁਨੀਆਂ ਅੰਦਰੇ,
ਹੋ ਖ਼ੁਸ਼ 'ਦੀਨ' ਆ ਲੱਗਾ ਦਿਲ ਪ੍ਰਚਾਵਣੇ।
ਪਰ ਲਹੀ ਨਾ ਭੁੱਖ ਮਮਤਾ ਵਾਲੜੀ,
ਫੁਰਨਾ ਫੁਰਿਆ ਇੱਕ ਇਸ ਹਾਲ ਹੀ।
ਆਪਣੇ ਮੈਂ ਬਣਾਵਾਂ ਭਗਤ ਪਿਆਰੜੇ
ਲੱਭਾ ਹੋਰ ਨਾ ਕੋਈ ਉਪਾ, ਚਿੰਤਾ ਮੇਟਵਾਂ।
ਭਗਤਾਂ ਕਲਾ ਵਿਚਾਰੀ, ਬੰਦੇ ਰਚ ਲਏ,
ਤੂੰ ਤੂੰ ਆਖਣ ਵਾਲੇ, ਮੈਂ ਮੈਂ ਛੱਡ ਕੇ।
ਅਸੀਂ ਤੇਰੇ ਤੂੰ ਸਾਡਾ ਸਿਰਜਣਹਾਰ ਏ,
ਤੇਰਾ ਦਿੱਤਾ ਖਾਈਏ ਬਲ ਬਲ ਜਾਈਏ
ਰੱਬ ਹੋਇਆ ਪ੍ਰਸੰਨ ਮੇਰਾ ਕੋਈ ਹੈ ਸੀ,
ਨਹੀਂ ਹਾਂ ਔਤ ਨਿਪੁੱਤਾ 'ਦੀਨ' ਮੈਂ ਜੱਗ ਵਿੱਚ।

ਪ੍ਰੇਮ ਮਾਰਗ

ਮੈਂ ਆਖਾਂ ਗੌਤਮ ਰਿਸ਼ੀ ਨੂੰ, ਕਿਧਰ ਨੂੰ ਹੋਇਐਂ ਤਿਆਰ
ਕਿਸ ਕੰਮ ਤੇਰੀ ਤਪੱਸਿਆ, ਘਰ ਰੋਵੇ ਯਸ਼ੋਧਰਾ ਨਾਰ
ਤੇਰੀ ਅਹਿੰਸਾ ਨੂੰ ਨਾ ਆਇਆ, ਰੋਂਦੇ ਨੈਣਾਂ ਦਾ ਖਿਆਲ?
ਇਹ ਨਾਜ਼ਕ ਗੋਰੀ ਵਿਲਕਦੀ, ਨਾਲੇ ਰੋਏ ਨਿੱਕਾ ਤੇਰਾ ਬਾਲ
ਕੀ ਇਹ ਹਿੰਸਾ ਨਹੀਂ ਏ, ਦਿਲਾ ਦੀ ਚੀਰ ਤੇ ਪਾੜ
ਤੂੰ ਆ ਘਰ ਗੋਤਮ ਰਿਸ਼ੀ ਵੇ, ਆ ਸਾਂਭ ਆਪਣਾ ਘਰ ਬਾਰ
ਤਨ ਕੁਦਰਤ ਦਾ ਸਾਜ਼ ਹੈ, ਰੱਬ ਦਾ ਨੂਰੀ ਰਾਜ਼
ਪਿੰਡੇ ਸੁਆਹ ਰਮਾਇਕੇ, ਕਰੋ ਨਾ ਓਸ ਨਰਾਜ਼
ਕਿਉਂ ਘੱਟੇ ਵਿੱਚ ਰੋਲਦੇ, ਰਤਨਾਂ ਜੜਿਆ ਤਾਜ
ਉਸ ਨੂੰ ਇਸ 'ਤੇ ਨਾਜ਼ ਹੈ, ਇਸ ਨੂੰ ਉਸ 'ਤੇ ਨਾਜ਼
ਬਨ ਵਿੱਚ ਭੁੱਖਾ ਮਾਰ ਕੇ, ਭੰਨੋ ਨਾ ਇਹ ਸਾਜ਼
ਰਹਿਮਤ ਦਾ ਗਜ਼ ਫੇਰ ਕੇ, ਕੱਢੇ ਕੋਈ ਆਵਾਜ਼
ਏਸ ਅਵਾਜ਼ੋਂ ਪਤਾ ਨੀ, ਐਸੀ ਉੱਠੇ ਧੁਨਕਾਰ
ਤਿੰਨੇ ਲੋਕਾਂ ਵਿੱਚ ਹੀ ਹੋ ਜਾਏ ਜੈ ਜੈ ਕਾਰ।

ਪ੍ਰੇਮ ਰੱਬ ਦਾ ਰੂਪ ਹੈ, ਰੱਬ ਰੂਪ ਹੈ ਪ੍ਰੇਮ
ਖੇਡ ਇਹ ਪਿਆਰ ਦੀ ਬੱਝੀ ਏਸੇ ਨੇਯਮ।
ਜੰਗਲ ਵਿੱਚ ਕਿਸ ਵਾਸਤੇ, ਜਾ ਕੇ ਕਰਨਾ ਵਾਸ
ਘਰ ਅੰਦਰ ਹੀ ਬੈਠਿਆਂ, ਹੋਵਣਗੇ ਕੰਮ ਰਾਸ
ਗੋਰਖ ਅਤੇ ਮਛੰਦਰਾਂ, ਲਿਆਓ ਜਾ ਕੇ ਮੋੜ
ਚਿੱਪੀ ਕਾਸੇ ਜੋਗ ਦੇ, ਸੁੱਟੋ ਭੰਨ ਤਰੋੜ
ਗੌਤਮ, ਬਣ ਨੀ ਜਾਏਗਾ, ਨਾ ਰੋਊ ਯਸ਼ੋਧਰਾ ਨਾਰ
ਨਾ ਰਹੁਲ ਕੁਰਲਾਏਗਾ, ਪਿਤਾ-ਬ੍ਰਿਹੁ ਵਿਚਕਾਰ
ਗੋਪੀਚੰਦ ਤੇ ਭਰੱਥਰੀ, ਨਾ ਜਾ ਕੇ ਕੰਨ ਪੜਵਾਉਣ
ਗੱਲ ਮੈਂ ਸੱਚੀ ਰਾਜ਼ ਦੀ ਲੱਗਾ ਅੱਜ ਸੁਣਾਉਣ
ਸੁਣ ਲੋਓ ਕੰਨ ਪਾਟਿਓ! ਜੋਗੀਓ! ਲਾ ਕੇ ਕੰਨ
ਸੰਨਿਆਸੀ, ਵੈਰਾਗੀਓ, ਤੁਸੀਂ ਵੀ ਲੈਣੀ ਮੰਨ
ਬਾਰ ਬਾਰ ਮੈਂ ਏਸ ਦੀ, ਮੰਨੋ ਕਰਾਂ ਤਾਕੀਦ
ਤਪੀ ਫਕੀਰ ਇਉਂ ਸਾਈਂ ਦੇ, ਕਹਿ ਗਏ ਸ਼ੇਖ ਫਰੀਦ
"ਬ੍ਰਿਹਾ ਬ੍ਰਿਹਾ ਆਖੀਐ, ਬ੍ਰਿਹਾ ਤੂੰ ਸੁਲਤਾਨ
ਜਿਤ ਤਨ ਬ੍ਰਿਹ ਨ ਉਪਜੈ, ਸੋ ਤਨ ਜਾਣ ਮਸਾਨ"
ਭਰਥਰੀਓਂ ਚੰਗੀ ਭੀਲਣੀ, ਜਿਨ ਜੂਠੇ ਬੇਰ ਖੁਆਇ
ਬਿਨਾਂ ਕਿਸੇ ਜਪ ਤਾਪ ਦੇ, ਲਏ ਭਗਵਾਨ ਰੀਝਾਇ
ਗੋਰਖੋਂ ਧੰਨਾ ਜੱਟ ਭਲਾ, ਜਿਦੇ, ਰੱਬ ਘਰ ਤੁਰ ਕੇ ਆਇ
ਨਾਮੇ ਛਪਰ ਧੁਆ ਲਿਆ, ਜੱਟ ਨੇ ਪਸ਼ੂ ਚਰਾਇ
ਇਹ ਸਭ ਸ਼ਕਤੀ ਪ੍ਰੇਮ ਦੀ, ਪ੍ਰੇਮ ਸ਼ਾਹ ਸੁਲਤਾਨ
ਬਨ ਨੂੰ ਕੀ ਫਿਰ ਜਾਵਣਾਂ, ਛੱਡ ਕੇ ਘਰ ਭਗਵਾਨ।

ਜੋਗੀ ਨੂੰ

ਓਹ ਰੱਬ ਨੂੰ ਢੂੰਡਣ ਵਾਲੇ
ਜੋਗ ਜੁਗਤਾਂ ਚੂੰਡਣ ਵਾਲੇ
ਓ ਕੰਨ ਪੜਵਾਉਣ ਵਾਲੇ
ਓ ਮੁੰਦਰਾਂ ਪਾਉਣ ਵਾਲੇ
ਪਿੰਡੇ 'ਤੇ ਸੁਆਹ ਮਲਿਆਂ ਉਹ ਨਹੀਂ ਮਿਲਦਾ
ਗਲ਼ ਵਿੱਚ ਲੰਬੀਆਂ ਲਿਟਾਂ ਪਾਇਆਂ ਉਹ ਨਹੀਂ ਮਿਲਦਾ।

ਨਾ ਧੂਣੀਆਂ ਤਾਕੇ ਮਿਲਦਾ
ਨਾ ਕਪੜੇ ਲਾਹ ਕੇ ਮਿਲਦਾ
ਨਾ ਬੇਲਿਆਂ 'ਚ ਉਹ ਰਹਿੰਦਾ
ਨਾ ਘਰ ਘਾਟ ਗੁਆ ਕੇ ਮਿਲਦਾ
ਨਾ ਮਿਲਦਾ ਭੁੱਖਿਆਂ ਰਹਿ ਕੇ
ਨਾ ਵਿੱਚ ਗੁਫ਼ਾ ਦੇ ਬਹਿ ਕੇ
ਨਾ ਘੋਟ ਫਲਸਫੇ ਲੱਭਦਾ
ਨਾ ਚੁੱਪ ਰਹਿ ਕੇ ਮਿਲਦਾ।
ਤਸਬੀ ਤੇ ਮਾਲਾ ਅੱਕੀਆਂ
ਉਹਨੂੰ ਪਾ ਜ਼ੰਜੀਰਾਂ ਥੱਕੀਆਂ
ਉਹ ਬੰਨ੍ਹਿਆ ਗਿਆ ਨਹੀਂ ਸ਼ੋਹਲਾ
ਉਹ ਰਹਿ ਗਈਆਂ ਹੱਕੀਆਂ-ਬੱਕੀਆਂ।
ਬੁੱਧੀ ਵੀ ਜ਼ੋਰ ਲਾ ਬਹਿ ਗਈ
ਸਾਇੰਸ ਵੀ ਸ਼ੋਰ ਪਾ ਬਹਿ ਗਈ
ਹੋਰ ਦੱਸਿਆ ਉਸ ਬਥੇਰਾ
ਇਸ ਨੂੰ ਦੱਸਣੋਂ ਹੀ ਰਹਿ ਗਈ
ਵਈ! ਮਾਦੀ ਤਾਂ ਨਹੀਂ ਹੈ ਉਹ
ਸਾਡੇ ਸਾਦੀ ਤਾਂ ਨਹੀਂ ਹੈ ਉਹ
ਗੈਸਾਂ ਦਾ ਉਹ ਨਹੀਂ ਬਣਿਆ
ਆਬਾਦੀ ਤਾਂ ਨਹੀਂ ਹੈ ਉਹ
ਨਾ ਗੰਗਾ ਕਿਨਾਰੇ ਰਹਿੰਦਾ
ਨਾ ਬੰਦ ਕਾਅਬੇ ਵਿੱਚ ਰਹਿੰਦਾ

ਨਾ ਬੁੱਤਾਂ ਦੇ ਵਿੱਚ ਵੜਿਆ
ਨਾ ਗਿਰਜਿਆ ਦੇ ਵਿੱਚ ਬਹਿੰਦਾ।
ਤੂੰ ਟੋਲੇਂ ਜੰਗਲਾਂ ਅੰਦਰ
ਮਸਜਦਾਂ ਤੇ ਮੰਦਰਾਂ ਅੰਦਰ
ਦੱਸ ਕੋਠੀ ਕਦ ਸੀ ਪਾਈ
ਇਨ੍ਹਾਂ ਕੜੀਆਂ ਕੰਦਰਾਂ ਅੰਦਰ
ਤੂੰ ਉਸ ਨੂੰ ਮਿਲਣ ਦੇ ਲਈ
ਇਹ ਜੁਗਤਾਂ ਕੱਢੀਆਂ ਕਈ
ਘਰ ਬਾਰ ਸੋਹਣਾ ਛੱਡਿਆ
ਕੀ ਲੋੜ ਤੈਨੂੰ ਇੰਨੀ ਪਈ
ਕਦ ਉਸ ਕਿਹਾ ਸੀ ਤੈਨੂੰ
ਮਿਲੀਂ ਬਾਹਰ ਆ ਕੇ ਮੈਨੂੰ
ਕੋਈ ਇਕਰਾਰ ਸੀ ਕੀਤਾ
'ਘਰ ਵਿੱਚ ਨਾ ਮਿਲਣਾ ਤੈਨੂੰ
ਤੂੰ ਆਈ ਨਦੀ ਦੇ ਕੰਢੇ
ਬਿਰਛਾਂ ਦੀ ਛਾਂਵੀਂ ਠੰਢੇ
ਭੁੱਖਾ ਰਹਿ ਉੱਥੇ ਬੈਠੀਂ
ਮੈਂ ਆਵਾਂ ਲੈ ਕੇ ਮੰਡੇ'।
ਕਦ ਉਸ ਵਾਅਦਾ ਸੀ ਕਰਿਆ?
ਹੱਥ ਕਮੰਡਲ ਫੜ ਕੇ
ਤੂੰ ਘਰ ਘਰ ਜਾ ਕੇ ਮੰਗੀਂ
ਮੈਂ ਮਿਲੂੰਗਾ ਆ ਕੇ ਅੜਿਆ

ਕਦੋਂ ਉਸ ਕਿਹਾ ਪਿੰਡੇ 'ਤੇ ਸੁਆਹ ਮਲਣ ਨੂੰ
ਇਹ ਸਭ ਤੇਰੇ ਹੀਲੇ ਨੇ
ਇਹ ਮਿਲਣ ਲਈ ਵਸੀਲੇ ਨੇ
ਰਿਧੀਆਂ ਸਿਧੀਆਂ ਪਾ ਕੇ
ਕਈ ਬੀਰ ਹੋਣਗੇ ਕੀਲੇ
ਪਰ ਉਹ ਨੀ ਤੈਨੂੰ ਮਿਲਿਆ
ਜਿਸ ਖਾਤਰ ਬੇੜਾ ਠਿਲ੍ਹਿਆ
ਘਰ ਘਾਟ ਆਪਣਾ ਛੱਡਿਆ
ਤੂੰ ਭੁਲਾ ਨਾ ਫਿਰ ਜੋਗੀ
ਨਾ ਹੱਠ ਕਰ ਏਨਾ ਜੋਗੀ
ਉਸ ਜੰਗਲ਼ ਵਿੱਚ ਨਹੀਂ ਲੱਭਣਾ
ਓ ਵੱਸਦਾ ਦਿਲਾਂ 'ਚ ਜੋਗੀ
ਇਹ ਸੁਆਹ ਸਾਰੀ ਹੀ ਲਾਹ ਦੇ
ਪਊਏ ਵੀ ਪੈਰੋਂ ਪਰੇ ਧਰ
ਚਿਮਟਾ ਤੇ ਖੱਪਰ ਸੁੱਟ ਦੇ
ਤੇ ਦਿਲ ਦੀ ਕਾਲਖ ਲਾਹ ਦੇ
ਉਸੇ ਹੀ ਘਰ ਵਿੱਚ ਆ ਜਾ
ਨਾ ਬਣ ਮੰਗਤਾ
ਬਣ ਤੂੰ ਰਾਜਾ
ਇਹ ਦਿਲ ਦਾ ਮੰਦਰ ਧੋ ਲੈ
ਫਿਰ ਮਿਲਣ ਲਈ ਉਹ ਆਵੇਗਾ
ਤੈਨੂੰ ਅੱਗੇ ਵਧ ਗਲ਼ ਲਾਵੇਗਾ।

ਤਾਰਿਆਂ ਦੀ ਦੁਨੀਆਂ

ਬਚਪਨ ਤੋਂ ਹੀ ਸ਼ੌਕ ਅਸਾਂਨੂੰ ਪਿਆ ਕੁਦਰਤੋਂ ਪੱਲੇ
ਖੁੱਲ੍ਹੇ ਉਡੀਏ ਵਿੱਚ ਅਕਾਸ਼ਾਂ ਕੋਈ ਨਾ ਰੋਕੇ ਠੱਲ੍ਹੇ।
ਗਗਨਾਂ ਵਿੱਚ ਪੈਦਾਇਸ਼ ਸਾਡੀ, ਪਲੇ ਗਗਨ ਦੇ ਅੰਦਰ
ਗਗਨ ਅਸਾਡਾ ਅਸੀਂ ਗਗਨ ਦੇ, ਹਾਂ ਗਗਨਾਂ ਦੇ ਝੱਲੇ।
ਇਸੇ ਲਈ ਈ ਲਟਕ ਅਸਾਡੀ, ਹੈ ਦੁਨੀਆਂ ਤੋਂ ਭਾਰੀ
ਸਾਡਾ ਕੰਮ ਹੱਸਣਾ ਹੀ ਇੱਕੋ, ਤੱਕ ਫਰਸ਼ੀ ਫੁਲਵਾੜੀ
ਉੱਚੇ ਬਹੀਏ ਵਿੱਚ ਅਰਸ਼ਾਂ ਦੇ, ਸਾਡਾ ਪਾਤਸ਼ਾਹ ਵੀ ਐਸਾ
ਹੱਸਦਾ ਰਹੇ ਹਸਾਂਦਾ ਸਾਨੂੰ, ਇਹ ਸਾਡੀ ਦਿਲਦਾਰੀ
ਇਸੇ ਲਈ ਅਸਾਂ ਹੱਸਦਿਆਂ ਵਾਲੀ, 'ਦੀਨ' ਦੁਨੀਆਂ ਏ ਨਿਆਰੀ।

ਕਿਸਮਤ

ਕਿਸਮਤ ਬਦਲਦੀ ਬਦਲ ਜਾਂਦੀ,
ਇੱਕ ਤੋਂ ਦੋ ਦੋ ਤੋਂ ਚਾਰ ਹੁੰਦੇ
ਇਹ ਤਾਂ ਹੱਥ ਸਭ ਲਿਖਣੇ ਵਾਲੜੇ ਦੇ,
ਚਾਹੇ ਚਾਰੋਂ ਕਈ ਹਜ਼ਾਰ ਹੁੰਦੇ
ਸਿਰਫ਼ ਕੰਮ ਸਾਰਾ ਉਹਦੀ ਸਿਫ਼ਰ ਦਾ ਹੈ,
ਇਹਦੇ ਨਾਲ ਨੇ ਬੇਸ਼ੁਮਾਰ ਹੁੰਦੇ
ਜੀ ਚਾਹੇ ਤਾਂ ਸਾਰੀਆਂ ਮੇਸ ਦੇਵੇ,
ਕੱਲੇ ਏਕੇ ਦੇ ਭਾਗ ਬਰਕਰਾਰ ਹੁੰਦੇ
ਤਾਂ ਤੇ ਡਰੀਏ ਉਸ ਡਾਢੜੇ ਤੋਂ,
ਜਿਹਦੀ ਸਿਫ਼ਰ ਵੀ ਖਾਲੀ ਨਾ ਜਾਂਵਦੀ ਏ
ਕਾਹਲੀ ਵਿੱਚ ਜੇ ਲੱਗੇ ਝਰੀਟ ਕੋਈ,
ਉਹ ਵੀ ਪਲੀਂ ਤੂਫਾਨ ਲਿਆਂਵਦੀ ਏ
ਉਹਦੀ ਕਲਮ ਦੀ ਹੇਰਾ ਫੇਰੀ ਨੇ ਹੀ,
ਬੜੇ ਬੜੇ ਨੇ ਤਖਤ ਉਲਟਾ ਦਿੱਤੇ
ਦੇਖ ਰਾਜ ਕਰਦੇ ਹਰੀ ਚੰਦ ਵਰਗੇ,
ਫੜ ਮੜ੍ਹੀਆਂ 'ਤੇ ਨੌਕਰ ਲਾ ਦਿੱਤੇ
ਰਾਜ ਸੁਰਗ ਦਾ ਪਾਉਣ ਦੀ ਚਾਹ ਵਾਲੇ
ਭੁੰਵੇ ਸੁੱਟ ਪਤਾਲ ਪਹੁੰਚਾ ਦਿੱਤੇ।
ਅਰਜਨ ਭੀਮ ਵਰਗੇ ਜੋਧੇ ਫੜ ਕੰਨੋਂ,
ਬੈਲ ਹੱਕਣ ਦੇ ਕੰਮ ਸੀ ਲਾ ਦਿੱਤੇ।
ਰਾਵਣ ਵਰਗਿਆਂ ਲੰਕਾਂ ਦੇ ਜੋਧਿਆਂ ਨੂੰ
ਰੱਖੇ ਆਪਣੇ ਹੁਕਮ ਗੁਲਾਮ ਅੰਦਰ
ਕਿਉਂਕਿ 'ਦੀਨ' ਉਹਦੇ ਲਈ ਕੰਮ ਬਾਹਲਾ ਨੀ ਹੈ,
ਭਰ ਧਰਿਆ ਸਭ ਕਲਮ ਕਲ਼ਾਮ ਅੰਦਰ। (4-3-1939)

ਪੰਛੀ ਦੀ ਪੁਕਾਰ

ਅਸੀਂ ਸਾਰੇ ਮਨੁੱਖ ਦੇ ਸਹਾਰੇ ਰਹਿੰਦੇ ਸਾਂ
ਉਸ ਦੇ ਖੇਤਾਂ ਵਿੱਚੋਂ ਦਾਣਾ ਚੁਗ ਕੇ ਗੁਜ਼ਾਰਾ ਕਰਦੇ ਸਾਂ
ਧੰਨਵਾਦ ਵਜੋਂ ਕਿ ਮਨੁੱਖ ਨੂੰ ਪ੍ਰਸੰਨ ਕੀਤਾ ਜਾਵੇ
ਮੈਂ ਸੁਬ੍ਹਾ ਸਵੇਰੇ ਆਪਣਾ ਗੀਤ ਸ਼ੁਰੂ ਕੀਤਾ
ਮੈਨੂੰ ਨਹੀਂ ਪਤਾ ਸੀ ਇਹ ਅਕ੍ਰਿਤਘਣ ਇਸ ਤਰ੍ਹਾਂ ਬਦਲਾ ਲਵੇਗਾ।
ਸ਼ਾਮਾਂ ਪੈਣ ਵਾਲੀਆਂ ਸਨ
ਮੈਂ ਆਪਣੇ ਬੱਚਿਆਂ ਲਈ ਸੋਹਣੇ ਸੋਹਣੇ ਦਾਣੇ ਚੁਣ ਕੇ
ਚੁੰਝ ਵਿੱਚ ਲਈ ਘਰ ਵੱਲ ਤਿਆਰੀ ਕਰੀ ਬਿਰਛ 'ਤੇ ਬੈਠੀ ਸਾਂ
ਇਤਨੇ ਨੂੰ ਸ਼ਿਕਾਰੀ ਦਾ ਤੀਰ ਮੇਰੀ ਛਾਤੀ ਵਿੱਚ ਲੱਗਾ।
ਮੈਂ ਆਪਣੀ ਸਾਰੀ ਜ਼ਿੰਦਗੀ ਮਨੁੱਖ ਜਾਤੀ ਨੂੰ
ਰੀਝਾਉਣ ਖਾਤਰ ਗਾਉਂਦਿਆਂ ਗਾਉਂਦਿਆਂ ਬਿਤਾਈ ਸੀ
ਪਰ ਇਸ ਨਗ਼ਮੇ ਵਾਲੇ ਸਾਜ਼ ਦਾ ਖਾਤਮਾ
ਇਸ ਬਹਾਦਰ ਕੌਮ ਨੇ ਕਿਸ ਤਰ੍ਹਾਂ ਕੀਤਾ?
ਮੇਰੇ ਵਰਗੇ ਮਾਸੂਮ ਬੇਗੁਨਾਹ ਪੰਛੀ ਨੂੰ ਮਾਰ ਕੇ ਕੀ ਖੱਟਿਆ ਹੋਵੇਗਾ?
ਉਹ ਮੇਰਾ ਕੀ ਕਰਨਗੇ?
ਕੀ ਇਹੋ ਮਨੁੱਖੀ ਸੱਭਿਅਤਾ ਅਤੇ ਇਹੋ ਨਿਆਂ ਹੈ?
ਮਨੁੱਖ ਜਾਤੀ ਸਚਮੁੱਚ ਕ੍ਰਿਤਘਣ ਸਾਬਤ ਹੋਈ ?
ਜੇ ਪਰਮੇਸ਼ਰ ਦੇ ਪੰਛੀਆਂ ਵਿੱਚ ਸ਼ਰਧਾ ਨਾ ਜੀਉਂਦੀ-ਜਾਗਦੀ ਹੋਵੇ
ਸ਼ਾਇਦ ਇਸ ਦੁਨੀਆ ਦਾ ਅੰਤ ਹੀ ਹੋ ਜਾਵੇ।
ਮਾਂ ਪੰਛੀ ਨੂੰ ਖਿਆਲ ਆਇਆ-
'ਜੇ ਮੈਂ ਘਰ ਨਾ ਪਰਤੀ ਤਾਂ ਬੱਚੇ ਸਮਝਣਗੇ
ਮਾਂ ਲੋਭਣ ਹੋ ਕੇ ਸਾਨੂੰ ਵਿਸਾਰ ਬੈਠੀ ਹੈ

ਇਸ ਤਰ੍ਹਾਂ ਅਪ੍ਰੇਮ ਦਾ ਜ਼ਹਿਰ ਮੇਰੇ ਬਾਲਾਂ ਲਈ
ਮਾਰੂ ਸਾਬਤ ਹੋਵੇਗਾ।'
ਇਸੇ ਖਿਆਲ ਨਾਲ ਉਹ ਜ਼ਖਮੀ ਹੋਈ ਲਹੂ-ਲਿਬੜੀ
ਔਖੀ ਸੌਖੀ ਉਵੇਂ ਜਿਵੇਂ ਆਪਣੇ ਆਲ੍ਹਣੇ ਵਿੱਚ ਆਣ ਪਹੁੰਚੀ,
ਤੇ ਰਹਿੰਦੇ ਖੂੰਹਦੇ ਚੁੰਝ ਦੇ ਦਾਣੇ ਬਾਲਾਂ ਦੇ ਮੂਹਰੇ ਆ ਰੱਖੇ।
ਬੱਚੇ ਹਮੇਸ਼ਾਂ ਵਾਂਗ ਮਾਂ ਦੇ ਖੰਭਾਂ ਹੇਠ
ਲੁਕਣ ਮੀਟੀ ਖੇਡਣ ਲਈ ਆਏ
ਪਰੰਤੂ ਮਾਂ ਨੇ ਕਿਹਾ-
'ਮੇਰੀ ਗੋਦ ਵਿੱਚ ਨਾ ਆਓ
ਕਿਉਂਕਿ ਇੱਥੋਂ ਨਿੱਘ ਖ਼ਤਮ ਹੋ ਰਿਹਾ ਹੈ
ਹੁਣ ਤੁਹਾਨੂੰ ਕੇਵਲ ਰੱਬੀ ਨਿੱਘ ਆਸਰੇ ਜੀਉਣਾ ਹੋਵੇਗਾ।
ਇਤਨਾ ਆਖਦੀ ਆਖਦੀ ਉਹ
ਲਹੂ ਨਾਲ ਲੇਥੂ ਪੇਥੂ ਹੋਈ ਜਾਣ ਬੁੱਝ ਕੇ
ਆਪਣੇ ਆਪ ਆਲ੍ਹਣੇ ਤੋਂ ਇਸ ਲਈ
ਬਾਹਰ ਡਿਗ ਪਈ
ਤਾਂ ਕਿ ਉਸ ਦੇ ਬੱਚਿਆਂ ਦਾ ਘਰ
ਵਗਦੇ ਲਹੂ ਕਾਰਨ ਸਿਲ੍ਹਾ ਨਾ ਹੋ ਜਾਵੇ
ਤੇ ਉਹ ਉਸ ਸਲ੍ਹਾਬੇ ਕਾਰਣ ਬੇਅਰਾਮ ਨਾ ਹੋਣ।
ਪਰੰਤੂ ਉਸ ਪੰਛੀ ਦੀ ਚੁੰਝ
ਅਜੇ ਵੀ ਖੁੱਲ੍ਹੀ ਸੀ
ਤਾਂ ਕਿ ਦੁਨੀਆਂ ਦੇਖ ਸਕੇ
ਕਿ ਪਾਪ ਰਹਿਤ ਉੱਜਲ ਆਤਮਾ ਦੇ ਗੀਤ
ਇਸ ਦੁਨੀਆਂ ਨੇ ਕਿਵੇਂ ਸਦਾ ਲਈ ਬੰਦ ਕਰ ਦਿੱਤੇ ਸਨ।

(ਸ੍ਰੀ ਨਾਰਾਇਣ ਵਾਮਨ ਤਿਲਕ ਦੀ ਕਵਿਤਾ ਦਾ ਭਾਵਾ ਅਨੁਵਾਦ)

ਪ੍ਰਭੂ ਮਿੱਤਰ ਪਾਸ

ਭੁੱਲਾਂ ਤਾਂ ਬੜੀਆਂ ਕੀਤੀਆਂ ਪਰ ਜਾਣ ਕੇ ਨਹੀਂ ਕੀਤੀਆਂ
ਇਨ੍ਹਾਂ 'ਤੇ ਕੀ ਇਤਰਾਜ਼ ਹੈ? ਚਾਹੀਦੀ ਕੁਛ ਲਿਹਾਜ਼ ਹੈ।
ਗੁੱਸਾ ਨਹੀਂ ਕਰਨਾ ਚਾਹੀਦਾ, ਐਵੇਂ ਨਹੀਂ ਲੜਨਾ ਚਾਹੀਦਾ
ਮਿੱਤ੍ਰਾਂ ਦਾ ਫੈਦਾ ਕੀ ਹੋਇਆ ਜਾਂ ਵਿਗੜਿਆ ਪਿਆ ਕਾਜ ਹੈ
ਹੋਣਾ ਸੀ ਜੋ ਕੁਝ ਹੋ ਗਿਆ, ਖੋਣਾ ਸੀ ਜੋ ਕੁਝ ਖੋ ਗਿਆ
ਭੁੱਲਣਾ ਤਾਂ ਸਾਡਾ ਕੰਮ ਸੀ, ਬਖ਼ਸ਼ਣ ਦਾ ਤੇਰਾ ਕਾਜ ਹੈ
ਇਹ ਤਾਂ ਨੀ ਮੈਥੋਂ ਹੋਵਣਾ, ਪਾ ਪਾ ਕੇ ਜਲ ਮਲ ਧੋਵਣਾ
ਤੇਰੇ ਹਿੱਸੇ ਦੀ ਕਾਰ ਇਹ, ਤੇਰੇ ਹੀ ਨਾਂ ਨੂੰ ਲਾਜ ਹੈ
ਕੁਝ ਰਹਿਮ ਕਰ, ਕੁਝ ਰਹਿਮ ਕਰ, ਆਪਣਿਆਂ ਦੀ ਖਾਤਰ ਰਹਿਮ ਕਰ
ਤੇਰੇ ਦਰਵਾਜ਼ੇ ਆ ਗਏ, ਤੇਰੇ 'ਤੇ ਕੀਤਾ ਨਾਜ਼ ਏ
ਕੀ ਖਾਲੀ ਸਾਨੂੰ ਮੋੜਨਾ? ਟੁੱਟਿਆਂ ਨੂੰ ਨੀ ਹੁਣ ਜੋੜਨਾ?
ਹੁਣ ਜਾਣ ਦੇ, ਅਸੀਂ ਭੁੱਲ ਗਏ, ਦਿਲ ਕਿਉਂ ਕੀਤਾ ਨਰਾਜ਼ ਹੈ
ਲੋਕੀ ਪਤੈ ਕੀ ਕਹਿਣਗੇ, ਸਦਾ ਹੀ ਕਹਿੰਦੇ ਰਹਿਣਗੇ
ਪਦਮਾ! ਉਹ ਤੇਰਾ ਯਾਰ ਸੀ, ਕੀਤੀ ਨਾ ਜ਼ਰਾ ਲਿਹਾਜ਼ ਹੈ
ਤਾਨ੍ਹੇ ਨੀ ਇਹ ਸਹਿ ਹੋਵਣੇ, ਮੁਸ਼ਕਲ ਇਹ ਹੋਣਗੇ ਧੋਵਣੇ
ਚੱਲ ਛੱਡ ਖਹਿੜਾ ਜਾਣ ਦੇ ਨਾਂ ਜਿਉਂ ਗ੍ਰੀਬ ਨਿਵਾਜ਼ ਹੈ
ਇਤਨੀ ਨਹੀਂ ਠਣਨੀ ਚਾਹੀਦੀ, ਸਾਡੀ ਵੀ ਮੰਨਣੀ ਚਾਹੀਦੀ
ਤਰਲਾ ਆਖਰੀ ਜੇ, ਅੱਗੇ ਮਰਜ਼ੀ ਤੇਰੀ ਮਹਾਰਾਜ ਹੈ।

ਤੂਫ਼ਾਨ ਬਣਦੇ ਜਾ ਰਹੇ

ਮਜ਼ਦੂਰ ਦੇ ਅਰਮਾਨ ਅੱਜ ਤੂਫ਼ਾਨ ਬਣਦੇ ਜਾ ਰਹੇ
ਇਹੋ ਹੀ ਤੂਫ਼ਾਨ ਸਭ ਦੇ 'ਦੀਨ' ਈਮਾਨ ਬਣਦੇ ਜਾ ਰਹੇ
ਮੈਖਾਨੇ 'ਚ ਅੱਜ ਕੁਝ ਕੁਝ ਰੌਣਕ ਦੇ ਸਮਿਆਨ ਬਣਦੇ ਜਾ ਰਹੇ
ਉਨ੍ਹਾਂ ਦੇ ਘਰ ਆਉਣ ਦੇ ਕੁਝ ਨਿਸ਼ਾਨ ਬਣਦੇ ਜਾ ਰਹੇ
ਜ਼ਮਾਨੇ ਦੀ ਕੁਛ ਐਸੀ ਪਲਟ ਗਈ ਕਾਇਆ
ਜ਼ਾਹਦ ਹੋਰੀਂ ਵੀ ਸਾਕੀ ਦੇ ਮਹਿਮਾਨ ਬਣਦੇ ਜਾ ਰਹੇ
ਕਿਉਂ ਢੂੰਡਾਂ ਮੈਂ ਦੱਸ ਕਾਬੇ ਤੇ ਬੁੱਤਖ਼ਾਨੇ ਦੇ ਵਿੱਚ
ਧਰਤੀ ਦੇ ਬੱਚੇ ਖ਼ੁਦ ਬਖ਼ੁਦ ਭਗਵਾਨ ਬਣਦੇ ਜਾ ਰਹੇ
ਬਣ ਕੇ ਤਾਰੇ ਚਮਕ ਪਏ ਮਿੱਟੀ ਦੇ ਜ਼ਰਰੇ ਨੇ ਅੱਜ
ਧਰਤੀ ਦੇ ਉੱਤੇ ਹੀ ਕਈ ਅਸਮਾਨ ਬਣਦੇ ਜਾ ਰਹੇ
ਤੂੰਹੀਓਂ ਦੱਸ ਮੈਂ ਕੀ ਕਰਾਂ, ਅਸਮਾਨੀ ਫ਼ੁਰਮਾਨਾਂ ਨੂੰ
ਮੇਰੇ ਆਪਣੇ ਗੀਤ ਹੀ ਤਾਂ ਵੇਦ ਤੇ ਕੁਰਾਨ ਬਣਦੇ ਜਾ ਰਹੇ
ਖ਼ੈਰ ਨੀ ਦਿਸਦੀ ਮੈਨੂੰ ਧਰਤੀ ਤੇ ਆਕਾਸ਼ ਦੀ
ਸ਼ਾਇਰ ਦੇ ਆਖੇ ਸ਼ੇਅਰ ਸਭ ਤੂਫ਼ਾਨ ਬਣਦੇ ਜਾ ਰਹੇ
ਕਾਗਜ਼ ਤੇ ਕਲਮ ਦਾ ਪੈ ਰਿਹੈ ਤੋੜਾ
ਮੇਰੀ ਜ਼ਬਾਨ 'ਤੇ ਦੀਵਾਨਾਂ ਦੇ ਦੀਵਾਨ ਬਣਦੇ ਜਾ ਰਹੇ।

ਨਾਨਕ ਤੇਰੀ ਫਿਰ ਲੋੜ ਹੈ

ਜੋਗੀ ਰਬਾਬਾਂ ਵਾਲਿਆ! ਅਨਹਦ ਮਿਜ਼ਰਾਬਾਂ ਵਾਲਿਆ!
ਸ਼ਾਂਤੀ ਦਿਆ ਪੈਗੰਬਰਾ! ਬਾਪੂ ਇਨਕਲਾਬਾਂ ਵਾਲਿਆ!
ਜ਼ਮਾਨੇ ਨੂੰ ਪੈ ਗਈ ਤੋੜ ਹੈ, ਨਾਨਕ ਤੇਰੀ ਫਿਰ ਲੋੜ ਹੈ
ਬਾਬਰ ਕਈ ਅੰਨ੍ਹੇ ਬਾਵਲੇ, ਫਿਰਦੇ ਹੰਕਾਰੇ ਨੇ ਚਾਂਭਲੇ
ਸੱਭਿਅਤਾ ਦਾ ਚੋਲਾ ਪਹਿਨ ਕੇ, ਪਸ਼ੂਤਾ ਲਈ ਹੋਏ ਉਤਾਵਲੇ
ਹੋਇਆ ਕੁਝ ਹੋਰ ਈ ਹੋਰ ਹੈ ਨਾਨਕ ਤੇਰੀ ਫਿਰ ਲੋੜ ਹੈ।
ਦੁਨੀਆਂ ਦੀਵਾਨੀ ਹੋ ਗਈ, ਨੀਤੀ ਸ਼ੈਤਾਨੀ ਹੋ ਗਈ
ਹਉਮੈਂ ਤੇ ਤ੍ਰਿਸ਼ਨਾ ਦੀ ਚਾਹ ਨਾਲ ਸਾਰੇ ਵੈਰਾਨੀ ਹੋ ਗਈ
ਅਮੀਰ ਤਾਂ ਰੱਜੇ ਖ਼ੂਨ ਨਾਲ, ਗਰੀਬ ਭੁੱਖੇ ਮਰ ਰਹੇ
ਅਜ਼ਾਦ ਲੜ ਲੜ ਮਰ ਰਹੇ, ਗੁਲਾਮ ਕੈਦੀਂ ਸੜ ਰਹੇ
ਜੱਗ ਬੰਦੀਖਾਨਾ ਬਣ ਗਿਆ, ਚਾਹੀਦਾ ਬੰਦੀਛੋੜ ਹੈ
ਥਾਂ ਥਾਂ ਤੋਂ ਉੱਠ ਰਿਹਾ ਸ਼ੋਰ ਹੈ, ਨਾਨਕ ਤੇਰੀ ਫਿਰ ਲੋੜ ਹੈ।
ਮਨੁੱਖਤਾ ਸਾਰੀ ਹੀ ਵਿਗਾੜ ਕੇ, ਤੋਪਾਂ ਮਸ਼ੀਨਾਂ ਬਣ ਗਈ
ਬੰਬਾਂ ਤੇ ਗੈਸਾਂ ਟੈਂਕਾਂ ਦੀ, ਤਾਣੀ ਹੈ ਸਾਰੇ ਤਣ ਗਈ।
ਸਮੁੰਦਰਾਂ 'ਚ ਮੱਚਦੀ ਅੱਗ ਹੈ, ਅਸਮਾਨਾਂ 'ਚ ਨੱਚਦੀ ਅੱਗ ਹੈ
ਦਿਮਾਗਾਂ 'ਚੋਂ ਉਠਦੀ ਅੱਗ ਹੈ, ਦਿਲਾਂ 'ਚ ਮਘਦੀ ਅੱਗ ਹੈ
ਅਗਨੀ ਦੇ ਇਸ ਬ੍ਰਹਿਮੰਡ ਵਿੱਚ ਕੁਰਲਾਂਦੇ ਜੀਆਂ ਦਾ ਸ਼ੋਰ ਹੈ
ਕਲਿਯੁਗ ਦਾ ਪੈ ਗਿਆ ਜ਼ੋਰ ਹੈ, ਨਾਨਕ ਤੇਰੀ ਫਿਰ ਲੋੜ ਹੈ।
ਅਕਲਾਂ ਵੀ ਬੇਸ਼ੁਮਾਰ ਨੇ, ਦਾਨੇ ਵੀ ਕਈ ਹਜ਼ਾਰ ਨੇ
ਦੌਲਤ ਦੀ ਕੋਈ ਤੋਟ ਨਹੀਂ, ਪਰ ਫੇਰ ਸਭ ਬੇਜ਼ਾਰ ਨੇ
ਚਾਹੁੰਦੇ ਇਹ 'ਸਤ ਕਰਤਾਰ' ਨੇ ਇਸੇ ਦੀ ਇੱਕੋ ਥੋੜ ਹੈ
ਜੱਗ ਇਹ ਜਲੰਦਾ ਰੱਖ ਲੈ, ਬੰਬੀਂ ਸੜੰਦਾ ਰੱਖ ਲੈ
ਤਤਿਆਂ ਨੂੰ ਠਾਰਨ ਵਾਲਿਆਂ, ਜਿਵੇਂ ਵੀ ਭਾਵੰਦਾ ਰੱਖ ਲੈ
ਤੇਰੇ 'ਤੇ ਇੱਕੋ ਡੋਰ ਹੈ, ਨਾਨਕ ਤੇਰੀ ਫਿਰ ਲੋੜ ਹੈ।

(17-11-42)

ਗੁਰੂ ਨਾਨਕ ਦਾ ਦਰ

ਸਤਿਗੁਰੂ ਨਾਨਕ ਵਾਲਾ ਖੁੱਲ੍ਹਾ ਦਰ ਸਦਾ
ਰੋਕ ਨਾ ਟੋਕ ਨਾ ਕੋਈ, ਕੋਈ ਆ ਢੁੱਲੇ
ਸਭ ਨੂੰ ਮਿਲਦਾ ਆਦਰ ਉੱਚਿਆਂ ਨੀਵਿਆਂ
ਦਰ ਆਵੇ ਜੋ ਚੱਲ ਰਹੇ ਨਾ ਸੱਖਣਾ
ਜਿਕਣ ਵਿੱਚ ਸਮੁੰਦ ਨਦੀਆਂ ਨਾਲਿਆਂ
ਕਿਸੇ ਦਾ ਨਾ ਅਪਮਾਨ ਹੁੰਦਾ ਆਇਆ
ਠੰਢਾ ਤੱਤਾ ਵੱਡਾ ਛੋਟਾ ਕੋਈ ਆ ਮਿਲੇ
ਸਭ ਦਾ ਕਰ ਸਤਿਕਾਰ 'ਦੀਨ' ਅਪਣਾਉਂਦਾ।

ਕਲ.ਗੀਵਾਲੜਾ

ਡਿੱਠਾ ਕਦੀ ਨਾ ਸੂਰਜ ਚੜ੍ਹਦਾ ਫਰਸ਼ 'ਚੋਂ
ਹਰਦਮ ਚਮਕੇ ਨੂਰ ਉਸ ਦਾ ਅਰਸ਼ ਵਿੱਚ
ਕੁਦਰਤ ਰੱਬੀ ਨਿਆਰੀ ਅੱਜ ਪਰ ਵੇਖਿਆ
ਫਿਰਦਾ ਫਰਸ਼ਾਂ ਉੱਤੇ ਅਰਸ਼ਾਂ ਵਾਲੜਾ
ਆਖਣ ਜਿਹਨੂੰ ਲੋਕੀ ਕਲਗੀਵਾਲੜਾ
ਅਰਸ਼ਾਂ ਦਾ ਅਵਤਾਰ ਤੇਜ ਛਬੀਲੜਾ
ਭਰਿਆ ਨਾਲ ਜਮਾਲ ਮਸਤਕ ਨੂਰ ਜਿਸ
'ਦੀਨ' ਦੁਨੀ ਦੇ ਅੰਦਰ ਚਾਨਣ ਕਰ ਰਿਹਾ।

ਵਿਸਾਖੀ

ਖਿੜੀ ਦੇਖ ਬਸੰਤ ਗੁਲਜ਼ਾਰ ਸਾਰੇ,
ਕਲਗੀ ਵਾਲੇ ਨੇ ਇਹ ਖਿਆਲ ਕੀਤਾ
ਮੌਲੀ ਦਿਸਦੀ ਧਰਤੀ ਛਬੀਲੜੀ ਇਹ,
ਕੁਝ ਆਦਮੀ ਦਾ ਵੀ ਚਾਹੀਦਾ ਸੰਭਾਲ ਕੀਤਾ।
ਰੁੱਖ ਬਿਰਖ ਸਭ ਅੱਜ ਪਏ ਮਹਿਕਦੇ ਨੇ,
ਮਰਦ ਸੁੱਕਾ, ਨਾ ਕਿਸੇ ਪੜਤਾਲ ਕੀਤਾ
ਰੁੱਤਾਂ ਲੰਘੀਆਂ ਜਿਵੇਂ ਅਗਲੇਰੀਆਂ ਨੇ,
ਤਿਵੇਂ ਹਾਲ ਬਸੰਤ ਇਸ ਨਾਲ ਕੀਤਾ।
ਨਾ ਇਹ ਬਦਲਿਆ ਨਾ ਇਹਨੂੰ ਪੱਤ ਆਏ,
ਨਾ ਫੁੱਲ ਨਾ ਫਲ ਹੀ ਦਿਸਣ ਲੱਗੇ
ਕਿਸਮਤ ਸਾਰੀ ਸ੍ਰਿਸ਼ਟੀ ਦੀ ਬਣਨ ਲੱਗੀ,
ਇਹਦੇ ਭਾਗ ਕਿਉਂ ਮੱਥੇ ਦੇ ਮਿਸਣ ਲੱਗੇ।
ਹਾਂ ਇਹ ਮੁਰਦਾ ਹੋ ਬਿਲਕੁਲ ਸੁੱਕ ਚੁੱਕਾ,
ਜਿੰਦ ਜਾਨ ਨਹੀਂ ਰਹੀ ਸਰੀਰ ਅੰਦਰ
ਚਾਹੀਦੀ ਅੰਮ੍ਰਿਤ ਦੀ ਘੁੱਟ ਮੂੰਹ ਪਾਵਣੀ ਇਸ,
ਪੀ ਜਿਸ, ਆਵੇ ਮੁੜ ਤਨਵੀਰ ਅੰਦਰ।
ਇਉਂ ਸੋਚ ਬਿਚਾਰ ਤਲਵਾਰ ਫੜ ਕੇ,
ਆਪ ਛਾਂਙ ਕੇ ਲਿਆਂਦਾ ਤਦਦੀਰ ਅੰਦਰ
ਨਾਲ ਅੰਮ੍ਰਿਤ ਦੇ ਤਨ ਮਨ ਸਿੰਜਿਆ ਫਿਰ,
ਧਿਆਨ ਕੀਤਾ ਰੱਬੀ ਤਸਵੀਰ ਅੰਦਰ।
ਹਾਂ ਜੀ ਖਿੜਿਆ ਫਿਰ ਲਾਲੋ ਲਾਲ ਖਿੜਿਆ,
ਹੋਰ ਬਸੰਤ ਤਾਂ ਸੀ ਮੁਰਝਾਣ ਲੱਗੀ,
ਪਰ ਇਸ ਕਲਗੀਧਰ ਦੇ ਸਾਜੇ ਮਰਦ ਉੱਤੇ,
ਸਦਾ ਲਈ ਬਸੰਤ ਮਹਿਕਾਣ ਲੱਗੀ।

ਜਿਕਣ ਅਨੰਦਪੁਰੀ

ਜਿਕਣ ਅਨੰਦਪੁਰੀ ਆਨੰਦ ਸੀ
ਮਖਮਲ ਸੇਜ ਵਿਛੌਣੇ ਪੌਣਾਂ ਠੰਢੀਆਂ
ਰੇਸ਼ਮੀ ਸਾਜ ਸ਼ਮਿਆਨੇ ਫਰਸ਼ ਗਲੀਚੜੇ
ਸਿਰ 'ਤੇ ਝੁੱਲੇ ਚੌਰ ਉੱਤੋਂ ਤਾਜ ਸੀ
ਤਿਕਰ ਮਾਛੀਵਾੜੇ ਭੁੱਖੇ ਭੂਮੀ 'ਤੇ
ਧਰ ਕੇ ਇੱਟ ਸਰ੍ਹਾਣੇ ਮੌਜਾਂ ਰਤਿਆਂ
ਮੇਰਾ ਕਲਗੀਵਾਲਾ ਪਿਆ ਸੀ ਵਿਗਸਦਾ
ਉੱਤੇ ਬ੍ਰਿਛ ਬੇਲਾਂ ਚੌਰ ਸੀ ਕਰ ਰਹੇ
ਨਾ ਸੀ ਕੋਈ ਖੇਦ ਦਿਲ 'ਤੇ ਦਿਸਦਾ
ਚੇਹਰਾ ਲਾਲੀ ਅੰਦਰ ਸੀ ਜਗਮਗ ਕਰ ਰਿਹਾ।

ਅਨੰਦਪੁਰੀ ਦੀ ਜੰਗ

ਮੈਦਾਨ ਪੁਰੀ ਆਨੰਦ ਦਾ, ਆਨੰਦ ਦਾ ਮੈਦਾਨ ਸੀ
ਸਤਲੁਜ ਬਣਾਈ ਸ਼ਾਨ ਕੁਝ, ਸਤਿਗੁਰ ਸਜਾਈ ਸ਼ਾਨ ਸੀ।
ਹੋਲੇ ਸੀ ਖੇਲੇ ਜਾਂਵਦੇ, ਢੋਲੇ ਸੀ ਸ਼ਾਇਰੀ ਗਾਂਵਦੇ
ਲੱਗਦੇ ਕਿਧਰੇ ਦੀਵਾਨ ਸੀ, ਫੌਜਾਂ ਦੀ ਕਿਧਰੇ ਸ਼ਾਨ ਸੀ।
ਮਿਹਰਵਾਨ ਸਾਜਿਆ ਇਹ, ਰੰਗ ਦਾ ਮੈਦਾਨ ਸੀ
ਸ਼ੈਤਾਨ ਨੇ ਸੀ 'ਚਾ ਬਣਾਇਆ, ਜੰਗ ਦਾ ਮੈਦਾਨ ਸੀ।
ਘੇਰਾ ਸੀ ਚਿਰ 'ਥੋਂ ਘੱਤਿਆ, ਲੱਖਾਂ ਸਨ ਲਸ਼ਕਰ ਢੋ ਰੱਖੇ

ਜਿਉਂ ਚੰਦ ਹੋਇ ਪ੍ਰਵਾਰਿਆ, ਨਾ ਚਲਦਾ ਕੋਈ ਤਾਨ ਸੀ।
ਸਤਿਗੁਰੂ ਗੋਬਿੰਦ ਸਿੰਘ ਸਨ ਵਿੱਚ ਗੜ੍ਹ ਆਨੰਦ ਦੇ
ਸਿੱਖਾਂ ਸਮੇਤ ਸੀ ਝੜ ਰਹੇ, ਰੱਖਿਅਕ ਪਿਆਰੇ ਹਿੰਦ ਦੇ।
ਹੋਈਆਂ ਸੀ ਨਾਕੇਬੰਦੀਆਂ, ਲੰਗਰ ਸਭ ਹੋਏ ਮਸਤ ਸੀ
ਕਲਗੀਧਰ ਵੀ ਮਸਤ ਸੀ, ਚੋਜ ਇਹ ਬਖ਼ਸ਼ੰਦ ਦੇ।
ਨਿਕਲ ਕੇ ਆ ਬਾਹਰ ਇੱਕ ਦਿਨ, ਪੁੱਛਣ ਲੱਗੇ ਸਰਕਾਰ ਇਹ
ਬ੍ਰਿਛਾਂ ਨੂੰ ਕੀ ਜੇ ਹੋ ਗਿਆ, ਕਿਸ ਨੇ ਕੀਤੇ ਬੇਹਾਲ ਇਹ।
ਪੱਤਰ ਨਾ ਕੋਈ ਦਿਸਦਾ, ਛਿਲ ਦਾ ਨਾ ਨਾਂ ਨਿਸ਼ਾਨ ਹੈ
ਪਤਝੜ ਤੇ ਅਜੇ ਦੂਰ ਹੈ, ਕਿਸ ਨੇ ਲਏ ਉਤਾਰ ਇਹ?
ਸਿੱਖਾਂ ਨੇ ਹੱਥ ਬੰਨ੍ਹ ਆਖਿਆ, ਸਤਿਗੁਰ ਅਸਾਡੀ ਕਾਰ ਹੈ
ਸਭ ਰਸਦ ਪਾਣੀ ਮੁੱਕ ਗਏ, ਆਖਰ ਇਹ ਵਰਤੀ ਚਾਲ ਹੈ।
ਪੱਤਰਾਂ ਦੇ ਸਬਜ਼ ਪਲਾ ਬਣਾ, ਕੱਟ ਕੱਟ ਕੇ ਸਿੰਘਾਂ ਛਕੇ
ਆਖਰ ਲਾਹ ਖਾਧੀ ਛਿਲ ਹੁਣ, ਇਹ ਵੀ ਮੁੱਕੀ ਸਰਕਾਰ ਹੈ।
ਸਤਿਗੁਰੂ ਕਿਹਾ ਪਿਆਰਿਓ! ਤੁਸੀਂ ਗੁਰੂ ਖ਼ਾਤਰ ਮਰ ਰਹੇ
ਖਾ ਖਾ ਕੇ ਛਿਲਾਂ ਪੱਤ੍ਰ ਤੇ, ਦੁੱਖ ਭੁੱਖ ਸਭ ਹੀ ਜਰ ਰਹੇ।
ਬਦਲੇ ਹੁਣ ਦੇਣੇ ਪੈਣਗੇ, ਮੈਨੂੰ ਵੀ ਤੁਹਾਡੇ ਵਾਸਤੇ
ਸਭ ਕੁਝ ਲੁਟਾਵਾਂ ਪੰਥ ਲਈ, ਜਿਵੇਂ ਗੁਰੂ ਹਿੱਤ ਤੁਸੀਂ ਕਰੋਗੇ।
ਮਾਛੁਵਾੜੇ ਜੰਗਲੀਂ, ਧਰ ਇੱਟ ਭੁੰਜੇ ਸਵਾਂਗਾ
ਕੰਡਿਆਂ ਦੀਆਂ ਚੋਭਾ ਸਹਾਂਗਾ, ਭੁੱਖਾ ਵੀ ਕਈ ਦਿਨ ਰਵਾਂਗਾ।
ਚਾਰੇ ਹੀ ਬੇਟੇ ਵਾਰਸਾਂ, ਬਦਲੇ ਤੁਹਾਡੀ ਜਾਨ ਦੇ
ਖਾਸਾਂ ਕਟਾਰੀ ਜਿਗਰ ਵਿੱਚ, ਸਚਖੰਡ ਰਾਹੇ ਪਵਾਂਗਾ।

(15-1-42)

ਚਮਕੌਰ ਦੀ ਜੰਗ

ਚਮਕੌਰ ਦਾ ਮੈਦਾਨ ਸੀ, ਘਮਸਾਨ ਦਾ ਮੈਦਾਨ ਸੀ
ਲੱਖਾਂ ਦਾ ਹੋ ਰਿਹਾ ਘਾਣ ਸੀ, ਭੂਮੀ ਬਣੀ ਸ਼ਮਸ਼ਾਨ ਸੀ ।
ਗੋਲੀ ਸੀ ਤੜ ਤੜ ਛੁਟਦੀ, ਸੀ ਤੇਗ ਕੜਕੜ ਖੜਕਦੀ
ਸੂਰੇ ਸੀ ਡਟ ਡਟ ਲੜ ਰਹੇ, ਬਣੀ ਹੋਲੀਆਂ ਦੀ ਸ਼ਾਨ ਸੀ।
ਕਲਗੀ ਵਾਲੇ ਸਤਿਗੁਰੂ, ਬੈਠੇ ਸੀ ਤੀਰ ਚਲਾ ਰਹੇ
ਕੁਰਬਾਨੀਆਂ ਦੇ ਚਾਉ ਵਿੱਚ, ਮੂੰਹੋਂ ਸੀ ਮੁਸਕਾ ਰਹੇ।
ਕਹਿਣ ਲੱਗੇ ਬੇਟਿਓ! ਇਸ ਜੰਗ ਦੇ ਮੈਦਾਨ ਵਿੱਚ
ਖ਼ਾਹਸ਼ ਹੈ ਦਿਲ ਦੀ ਤੁਸਾਂ ਨੂੰ, ਵੇਖਾਂ ਮੈਂ ਤੇਗਾਂ ਵਾਹ ਰਹੇ।
ਬੰਨ੍ਹ ਕੇ ਸ਼ਹੀਦੀ ਗਾਨੜੇ, ਖੰਡਾ ਖੜਕਾਓ ਜਾਇ ਕੇ
ਮੇਰੇ ਪਿਆਰੇ ਪੰਥ ਲਈ, ਜਾਨਾਂ ਘੁਮਾਓ ਜਾਇਕੇ।
ਜੋੜੀ ਹੈ ਉਧਰ ਸਰਹੰਦ ਭੇਜੀ, ਜ਼ਾਲਮ ਦਾ ਮੂੰਹ ਭੁਆਉਣ ਨੂੰ
ਇਧਰ ਦੋਵੇਂ ਤੁਸੀਂ ਸਿਝੋ, ਰਣ ਵਿੱਚ ਸ਼ਹੀਦੀ ਪਾਇ ਕੇ।
ਫੁਰਮਾਨ ਦੀ ਹੀ ਦੇਰ ਸੀ, ਜਾ ਡਟੇ ਦੁਇ ਲਾਲ ਸੀ
ਉਧਰ ਧਰਤੀ ਲਾਲ ਸੀ, ਇਧਰ ਚੇਹਰਾ ਲਾਲ ਸੀ।
ਲਾਲੀ ਦੀ ਇਸ ਭਰਮਾਰ ਵਿੱਚ, ਚਮਕਦੇ ਵੱਖ ਲਾਲ ਸੀ
ਗੋਬਿੰਦ ਦੇ ਜਾਏ ਲਾਲ ਸੀ, ਸੀ ਇਸੇ ਗੱਲ ਦੀ ਲਾਲਸੀ।
ਤੇਗਾਂ ਚਲਾਈਆਂ ਗੱਜ ਕੇ, ਦੁਸ਼ਮਨ ਵੀ ਮੂੰਹ ਭੁਆ ਗਏ
ਖਾਧੀਆਂ ਵੀ ਰੱਜ ਕੇ, ਕਈ ਘਾਉ ਤਨ 'ਤੇ ਆ ਗਏ।
ਪਿਛਾਂਹ ਨਾ ਪਾਸਾ ਪਰਤਿਆ, ਹੋ ਪੁਰਜ਼ਾ ਪੁਰਜ਼ਾ ਕਟ ਗਏ
ਪਿਤਾ ਦੇ ਸਾਹਮਣੇ ਪੁੱਤਰ, ਰਣ ਮੌਤ ਰਾਣੀ ਵਿਆਹ ਗਏ।

ਸਰਹੰਦ ਦੀ ਫ਼ਤਿਹ

ਛੱਡਿਆ ਜਾਂ ਪੁਰੀ ਅਨੰਦ ਨੂੰ, ਪਰਵਾਰ ਵੀ ਸਭ ਨਾਲ ਸੀ
ਕਲਗੀ ਵਾਲੇ ਸਤਿਗੁਰੂ, ਸਭ ਦੀ ਕੀਤੀ ਸੰਭਾਲ ਸੀ।
ਦੋ ਵੱਡੇ ਪੁੱਤਰਾਂ ਨੂੰ ਕਿਹਾ, ਤੁਸੀਂ ਲੜਨਾ ਹੋਊ ਚਮਕੌਰ ਵਿੱਚ
ਦੁਸ਼ਟਾਂ ਨੂੰ ਡਟ ਕੇ ਸੋਧਣਾ, ਹੋਣਾ ਨਹੀ. ਜਿੰਦ ਦੇ ਲਾਲਸੀ।
ਫਿਰ ਕਿਹਾ, ਸਾਡੇ ਪਿਤਾ ਨੇ, ਦਿੱਲੀ ਸੀ ਠੀਕਰ ਫੋੜਿਆ
ਜ਼ਾਲਮ ਹਕੂਮਤ ਸੰਦੜਾ, ਮਗਰੂਰ ਸੀ ਸਭ ਤੋੜਿਆ।
ਦੋ ਛੋਟੇ ਜਿਗਰ ਦਿਓ ਟੋਟਿਓ! ਜਾਓ ਤੁਸੀਂ ਸਰਹੰਦ ਵਿੱਚ
ਜ਼ਾਲਮ ਦੇ ਸਿਰ ਦਰਬਾਰ ਦਾ, ਬੇੜਾ ਹੁਣ ਚਾਹੀਦਾ ਰੋੜ੍ਹਿਆ।
ਸਰਹੰਦ ਦਾ ਦਰਬਾਰ ਸੀ, ਅੰਧ ਧੁੰਦ ਦਾ ਦਰਬਾਰ ਸੀ
ਵਜੀਦੇ ਬੇਦੀਦੇ ਦੇ ਹੁਕਮ ਵਿੱਚ, ਬੈਠੇ ਸਭ ਅਹਿਲਕਾਰ ਸੀ ।

ਕਾਜ਼ੀ ਮਲਾਣੇ ਮੌਲਵੀ, ਜ਼ਬਰਨ ਕਲਮੇ ਪੜ੍ਹਾਉਣ ਨੂੰ
ਹੋ ਹੈਂਕੜੀ 'ਚ ਬਣੇ ਬੈਠੇ, ਮਜ਼ਬਾਂ ਦੇ ਠੇਕੇਦਾਰ ਸੀ।
ਇਸ ਭਰੇ ਹੋਏ ਦਰਬਾਰ ਵਿੱਚ, ਆਏ ਦੁਏ ਬਲਵਾਨ ਸੀ
ਬੇਟੇ ਬਹਾਦਰ ਸ਼ੇਰ ਦੇ, ਕੰਬਦਾ ਜਿਹ ਤੋਂ ਜਹਾਨ ਸੀ।
ਬਬਰਾਂ ਗਜਾਈ ਫਤੇ ਆ, ਵਰਤੀ ਸਾਰੇ ਸੁੰਨਸਾਨ ਸੀ
ਹਾਕਮ ਹੋਏ ਹੈਰਾਨ ਸੀ, ਨੈਣਾਂ 'ਚ ਆਈ ਜਾਨ ਸੀ।
ਤਦ ਖਾਂ ਵਜੀਦਾ ਬੋਲਿਆ, ਬੱਚਿਓ! ਮੇਰੀ ਵਿਚਾਰ ਇਹ
ਨਿੱਕੀ ਜੇਹੀ ਤੁਹਾਡੀ ਜਿੰਦ ਏ, ਤੱਕਿਆ ਨਹੀਂ ਅਜੇ ਸੰਸਾਰ ਇਹ
ਆ ਜਾਓ ਇਸਲਾਮ ਵਿੱਚ, ਮੈਂ ਦੇਵਸਾਂ ਸਰਦਾਰੀਆਂ
ਪੜ੍ਹਨਾ ਨਹੀ ਕਲਮਾਂ ਅਗਰ ਜੇ, ਹੈ ਲਟਕਦੀ ਤਲਵਾਰ ਇਹ।
ਨਿਰਭੈ ਹੋ ਕੇ ਸ਼ੇਰ ਬੋਲੇ, ਆਏ ਨਹੀਂ ਕਲਮਾਂ ਪੜ੍ਹਨ ਨੂੰ
ਸਰਦਾਰੀਆਂ ਨਹੀਂ ਲੈਣ ਆਏ, ਆਏ ਹਾਂ ਇੱਥੇ ਮਰਨ ਨੂੰ।
ਤੇਗਾਂ ਵਿਖਾ ਡਰਾਏਂ ਕੀ, ਪਾ ਰੋਅਬ ਈਨ ਮਨਾਏਂ ਕੀ
ਅਸੀਂ ਤਾਂ ਅੱਗੇ ਤਿਆਰ ਹਾਂ, ਹੱਸ ਹੱਸ ਕੇ ਸੂਲੀ ਚੜ੍ਹਨ ਨੂੰ।
ਕਹਿਣ ਲੱਗੇ ਵਜੀਦਿਆ, ਸਰਹੰਦ ਨਹੀਂ ਹੁਣ ਰਹੇਗੀ
ਜ਼ੁਲਮਾਂ ਨਾਲ ਧਰਤੀ ਭਰ ਚੁੱਕੀ ਇੱਟ ਇੱਟ ਇਹਦੀ ਢਹੇਗੀ।
ਤੇਰੀ ਇਹ ਦੜੀ ਦੀਵਾਨਗੀ ਮਿੱਟੀ 'ਚ ਅਸਾਂ ਮਿਲਾਵਣੀ
ਸਾਡਾ ਫਤੇਗੜ੍ਹ ਵਸੇਗਾ, ਤੇਰੀ ਹੁਣ ਬੇੜੀ ਬਹੇਗੀ।
ਜਾਬਰ ਨੂੰ ਆਇਆ ਤਰਸ ਨਾ, ਕੰਧਾਂ ਦੇ ਵਿੱਚ ਚਿਣਵਾ ਦਿੱਤੇ
ਡੁਲ੍ਹਿਆ ਸ਼ਹੀਦੀ ਖੂਨ ਜਾਂ, ਜ਼ੁਲਮਾਂ ਦੇ ਬੇੜੇ ਰੁੜ੍ਹਾ ਦਿੱਤੇ
ਫਤੇ ਆਖਰ ਹੋਵਣੀ ਸੀ, 'ਫਤੇ' ਅਤੇ 'ਜੁਝਾਰ' ਦੀ
ਢਾਹ ਕੇ ਜ਼ੁਲਮਗੜ੍ਹ 'ਪਦਮ' ਇਓਂ, ਹੈ ਫ਼ਤਿਹਗੜ੍ਹ ਵਸਾ ਦਿੱਤੇ।

ਮੁਕਤਸਰ ਦੇ ਆਸ਼ਕ

ਮੁਕਤਸਰ ਦੀ ਭੂਮ ਸੀ, ਕਲਗੀਧਰ ਸੀ ਲੰਘ ਗਿਆ
ਜਾਂਦਾ ਜਾਂਦਾ ਚਰਨ ਛੋਹ ਨਾਲ, ਪੁੰਨੂੰ ਸੀ ਥਲ ਨੂੰ ਰੰਗ ਗਿਆ।
ਸੱਸੀਆਂ ਨੇ ਡਿੱਠੇ ਕਦਮ ਇਹ, ਨੀਲੇ ਵਾਲੀ ਸਰਕਾਰ ਦੇ
ਕਹਿਣ ਲੱਗੇ ਕਲਵਤਰ ਇਹ, ਸ਼ਿਵ ਜੀ ਅਸਾਡਾ ਟੰਗ ਗਿਆ।
ਕਾਂਸ਼ੀ ਬਣਾ ਗਿਆ ਲੰਘਦਾ, ਸਾਡੇ ਹੀ ਤਾਰਣ ਵਾਸਤੇ
ਆਓ ਜਿਸ ਨੇ ਮੁਕਤ ਲੈਣੀ, ਔਗੁਣ ਉਤਾਰਣ ਵਾਸਤੇ।
ਸੁਣਦੇ ਹੀ ਚਾਲੀ ਨਿੱਤਰ ਆਏ, ਸੂਲੀਆਂ 'ਤੇ ਚੜ੍ਹਨ ਨੂੰ
ਉੱਧਰੋਂ ਕਸਾਈ ਹੋਤ ਆ ਗਏ, ਮਰਨ ਮਾਰਨ ਵਾਸਤੇ ।
ਰਣ ਦਾ ਨਗਾਰਾ ਵੱਜ ਗਿਆ, ਚਾਲੀ ਹੀ ਸੂਰੇ ਡਟ ਗਏ
ਦੁਸ਼ਟਾਂ ਨੂੰ ਕੱਟਦੇ ਕੱਟਦੇ, ਆਖਰ ਆਪੂੰ ਹੀ ਕੱਟ ਗਏ।
ਕਦਮਾਂ 'ਤੇ ਆਪਾ ਵਾਰਿਆ, ਜਸ ਦੋ ਜਹਾਨੀਂ ਖੱਟ ਗਏ

ਤਪਦੇ ਥਲਾਂ ਨੂੰ ਕੌਣ ਝੱਲੇ, ਜ਼ਾਲਮ ਵੀ ਪਿਛੇ ਹਟ ਗਏ।
ਤਦ ਕਲਗੀ ਵਾਲੇ ਗੁਰੂ ਦੇ, ਹਿਰਦੇ 'ਚ ਖੜਕੀ ਤਾਰ ਇਹ
ਜਦ ਯਾਦ ਕਰਸੋਂ ਆਵਸਾਂ, ਕੀਤਾ ਸੀ ਮੈਂ ਇਕਰਾਰ ਇਹ।
ਜੰਗਲ ਤੇ ਬੇਲੇ ਥਲਾਂ ਨੂੰ ਹੀ ਫਖ਼ਰ ਸਦਾ ਮਿਲਦਾ ਰਿਹਾ
ਵਿਛੜੇ ਮਿਲਾਵਣ ਵਾਸਤੇ, ਆ ਗਿਆ ਹੁਣ ਯਾਰ ਇਹ।
ਟਿੱਬੀ ਤੋਂ ਵਾਗਾਂ ਮੋੜੀਆਂ, ਖਿੱਚਾਂ ਦਾ ਖਿੱਚਿਆ ਆ ਗਿਆ
ਮੁਕਤਿਆਂ ਨੂੰ ਮੁਕਤ ਕਰਨ ਲਈ, ਮੁਕਤੀ ਦਾਤਾ ਆ ਗਿਆ।
ਸੀ ਸੁਆਸ ਬਾਕੀ ਮਹਾਂ ਸਿੰਘ ਦੇ, ਦਰਸ਼ਨਾਂ ਨੂੰ ਸੀ ਲੋਚਦਾ
ਸੱਸੀ ਸੀ ਇਹ ਪਈ ਤੜਪਦੀ, ਪੁੰਨੂੰ ਵੀ ਉਧਰੋਂ ਆ ਗਿਆ।
ਸਭ ਪਿਆਰਿਆਂ ਦੇ ਮੂੰਹ ਚੁੰਮੇ, ਜੇਬੋਂ ਲਿਆ ਰੁਮਾਲ ਸੀ
ਮੂੰਹਾਂ ਦੀ ਧੂੜੀ ਪੂੰਝ ਪੂੰਝ ਸਭ ਨੂੰ ਕੀਤਾ ਨਿਹਾਲ ਸੀ।
ਨੈਣਾਂ ਦੇ ਹੰਝੂ ਡੋਲ੍ਹ ਕੇ, ਧੋਤੇ ਸ਼ਹੀਦੀ ਮੁਖੜੇ
ਸਿੰਘਾਂ ਵੀ ਕਰੀ ਕਮਾਲ ਸੀ, ਸਤਿਗੁਰ ਵੀ ਕੀਤੀ ਕਮਾਲ ਸੀ।
ਆਖਰ ਇਉਂ ਬਖਸ਼ਾਂ ਬਖਸ਼ ਕੇ, ਆਏ ਮਹਾਂ ਸਿੰਘ ਕੋਲ ਸੀ
ਸੀ ਜਾਨ ਜਿਸ ਦੀ ਤੜਫਦੀ, ਅਧਖਿੜੇ ਨੇਤ੍ਰ ਕੌਲ ਸੀ।
ਕਹਿਣ ਲੱਗੇ ਪਿਆਰਿਆ! ਮੰਗ ਕੀ ਜੇ ਮੰਗਨੈ
ਚਾਹੇਂ, ਜੋ ਦੇਸਾਂ ਤੁਧ ਨੂੰ, ਉੱਤਰ ਕਿਹਾ ਉਸ ਖੋਲ੍ਹ ਸੀ।
ਦੀਦਾਰ ਦੀ ਇੱਕ ਲੋੜ ਸੀ, ਦੀਦਾਰ ਅੰਤਮ ਪਾ ਲਏ
ਜਾਣੂੰ ਦਿਲਾਂ ਦੇ ਸਤਿਗੁਰ, ਤੁਸਾਂ ਆਪ ਲੱਖਣ ਲਾ ਲਏ।
ਕੋਲੇ ਖਲੋ ਮਹਿਬੂਬ ਮੇਰਾ, ਆਸ਼ਕ ਨੂੰ ਮਰਦਾ ਵੇਖ ਲਏ
ਸੀ ਤਾਂਘ 'ਪਦਮ' ਉਹ ਹੋਈ ਪੂਰੀ, ਵਿਛੜੇ ਤੁਸਾਂ ਮਿਲਾ ਲਏ।

(17-1-42)

ਸਿੱਖ ਨੂੰ ਉਪਦੇਸ਼

ਕਲਗੀਵਾਲੇ ਗੁਰੂ ਕਿਹਾ, ਸਿੱਖਾ! ਨਿਰਾਲੇ ਚੱਲਣਾ
ਚੱਲਣਾ ਨਿਰਾਲੇ ਸੌਖਾ ਨਹੀਂ, ਪੈਂਦਾ ਦੁੱਖਾਂ ਨੂੰ ਝੱਲਣਾ।
ਵੱਖਰਾ ਜੋ ਰਸਤਾ ਮੱਲਣਾ, ਔਖੀ ਹੈ ਸਿੱਖੀ ਇਸੇ ਲਈ
ਸ਼ਾਂਤੀ ਵੀ ਨਾਲੇ ਰੱਖਣੀ, ਜੰਗੋਂ ਵੀ ਨਾ ਕਦੀ ਟਲਣਾ।
ਤੂੰ ਹੁਣ ਮਾਲਾ ਵੀ ਰੱਖਣੀ, ਜਪੁਜੀ ਵੀ ਨਾਲ ਪੜ੍ਹਨਾ ਹੋਊ
ਤਲਵਾਰ ਦੂਜੇ ਹੱਥ ਲੈ, ਲੜਨਾ ਪਏ ਤਾਂ ਲੜਨਾ ਹੋਊ।
ਅੰਮ੍ਰਿਤ ਦੀਆਂ ਘੁੱਟਾਂ ਪੀਤੀਆਂ ਤੂੰ ਜੁ ਅਮਰ ਹੋਵਣ ਵਾਸਤੇ
'ਚਿਰੰਜੀਵ ਰਹੁ' ਪਰ ਧਰਮ ਖਾਤਰ, ਮਰਨਾ ਪਵੇ ਤਾਂ ਮਰਨਾ ਹੋਊ।
ਤੂੰ ਵਾਹਿਗੁਰੂ ਦਾ ਖਾਲਸਾ, ਉਸ ਦੀ ਫ਼ਤੇ ਹੀ ਪੜ੍ਹੀ ਜਾ
ਹੋ ਕੇ ਨਿਮਾਣਾ 'ਦੀਨ' ਰਹੁ, ਬੀਰ ਅੱਗੇ ਵਧੀ ਜਾ।
ਦੁਨੀਆਂ ਦੇ ਉੱਚੇ ਤਖਤ 'ਤੇ ਤੈਨੂੰ ਮੈਂ ਬੈਠਾਲਿਆ
ਪਏ ਲੋੜ, ਤਖਤੇ ਉੱਤੇ ਵੀ ਹੱਸ ਹੱਸ ਕੇ ਚਰਖੀ ਚੜ੍ਹੀ ਜਾ।
ਮੈਂ ਸ਼ਾਂਤੀ ਤੇ ਬੀਰਤਾ ਨੂੰ ਕਰ ਇਕੱਠੀਆਂ ਤੋਰਨਾ
ਬੁਜ਼ਦਿਲੀ ਤੇ ਜ਼ੁਲਮ ਦਾ ਹੈ ਲੱਕ ਮਿਆਨੋਂ ਤੋੜਨਾ।
ਨੇਕੀ ਹਿੱਤ ਹੈ ਸ਼ਾਂਤੀ, ਬਦੀਆਂ ਲਈ ਤਲਵਾਰ ਹੈ
ਸੰਭਲ ਕੇ ਦੋਵੇਂ ਵਰਤਣੇ, ਸਿੱਖੋ ਸਿਖਾਓ ਹੋਰਨਾਂ।

(4-4-42)

ਸ਼ਹੀਦੋਂ ਕਾ ਸਮਾਜ

ਕੈਸੇ ਕੈਸੇ ਮੋਰੇ ਕਲਗੀ ਵਾਲੇ!
ਝਲਕ ਨੂਰਾਨੀ ਦੇਖ ਦੇਖ ਕੈ, ਪਰੀਆਂ ਨਾਚੇ ਨਾਚ
ਵੂਹ ਕੈਸੇ ਨਾਚੇ ਛਨ-ਛਨਨ ਛਨਨ ਨਨ
ਨੀਲੇ ਘੋੜੇ ਉਪਰ ਸ਼ੋਭਤ, ਬਾਜ ਉਡੇ ਹਾਥ ਪਰ
ਵੂ ਕੈਸੇ ਉਡੇ ਫਰਰ ਫਰਰਰ ਫੁਰਰਰਰਰ।

ਸਰਰ ਸਰਰ ਜਬ ਤੀਰ ਚਲਾਵੈ, ਦੁਸ਼ਮਨ ਕਾਂਪੈ ਡਰ
ਵੋਹ ਕੈਸੇ ਕਾਂਪੈ ਥਰਰ ਥਰਰਰ ਥਰਰਰਰਰਰਰ
ਸਿੱਖ ਲੀਏ ਜਹਾਨ ਮੇਂ ਖੰਜਰੋਂ ਕਾ ਤਾਜ ਹੈ
ਇਨਕੇ ਖਾਨਦਾਨੋਂ ਮੇਂ ਮਰਨੇ ਦਾ ਰਿਵਾਜ ਹੈ।

ਸੂਲੋਂ ਕੀ ਸੇਜ ਹੈ ਫੂਲੋਂ ਕੀ ਸੇਜ
ਸ਼ਾਇਦ ਇਨ ਮਨਸੂਰੋਂ ਕੀ ਮੌਤ ਸੇ ਲਿਹਾਜ਼ ਹੈ
ਬੇਸ਼ਕ ਕਲਗੀਧਰ ਨੇ ਦੀਆ ਇਨਕੋ ਤਖਤੋਤਾਜ ਭੀ
ਲੇਕਿਨ ਇਨ ਕੀ ਹਸਤੀ, ਤਕਲੀਫੋਂ ਕੀ ਮੁਹਤਾਜ ਹੈ।

ਡਰਤੇ ਨਹੀਂ ਯੇ ਹਮੇਸ਼ਾ ਹੈ ਗਾਤੇ, ਮਰਨਾ ਹਮਾਰਾ ਕਾਜ ਹੈ
ਮੈਦਾਂ ਫਤਹਿ ਕਰਨੇ ਕੀ, ਗੋਬਿੰਦ ਸਿੰਘ ਕੋ ਲਾਜ ਹੈ
ਉਨਕੋ ਇਨ ਪੇ ਨਾਜ਼ ਹੈ, ਇਨ ਕੋ ਉਨ ਪੇ ਨਾਜ਼ ਹੈ
ਸੀਖ ਕਿਆ ਦੁਨੀਆਂ ਕੇ, ਸ਼ਹੀਦੋਂ ਕਾ ਸਮਾਜ ਹੈ।

(11-8-42)

ਸ਼ੇਰਾਂ ਦੀ ਵਿਥਿਆ

ਪੁੱਤ ਤੇਗੇ ਦਾ ਤੇਗਾਂ ਫੜ ਕੇ, ਸ਼ੇਰਾਂ ਦਾ ਵੱਗ ਚਾਰੇ
ਹੇਮਕੁੰਟ ਦਾ ਤਪੀਆ ਸਾਧੂ, ਉਹਦੀ ਅੱਖ ਅਲੰਬੇ ਬਾਲੇ।
ਦਮਕੇ ਮੱਥਾ, ਮੋਢੇ ਭੱਥਾ, ਤੀਰ ਧਰੇ ਅਣੀਆਲੇ
ਸੁਣ ਸੁਣ ਸ਼ੇਰਾਂ ਸੰਦੀਆਂ ਗਰਜਾਂ, ਸਤਲੁਜ ਠਾਠਾਂ ਮਾਰੇ।
ਕਹਿੰਦੇ ਈਸਾ ਭੇਡਾਂ ਚਾਰੀਆਂ, ਗਊਆਂ ਕ੍ਰਿਸ਼ਨ ਮੁਰਾਰੇ
ਯੁਗ ਦੀ ਮੰਗ ਮੁਤਾਬਿਕ ਮਾਹੀ, ਸ਼ੇਰ ਬਘੇਲੇ ਪਾਲੇ।
ਗੰਗਾ ਜਮੁਨਾ ਗੋਦਾਵਰੀ ਤੀਕਰ, ਨਿਖਰੇ ਰੰਗ ਨਿਆਰੇ
ਇੱਥੋਂ ਨਿਕਲੇ ਚਾਲੀ ਮੁਕਤੇ, ਨਾਲੇ ਪੰਜ ਪਿਆਰੇ।
ਚਾਨਣ ਚਾਨਣ ਹੋਗੀ ਧਰਤੀ, ਇਨਕਲਾਬ ਦੇ ਕਾਰੇ
ਖੰਡੇ ਫੜ ਲੋ ਝੰਡੇ ਚੁੱਕੋ, ਬੜ੍ਹਕੇ ਬੀਰ ਕਰਾਰੇ।
ਚਿੜੀਆਂ ਬਾਜ਼ਾਂ ਨੂੰ ਜਾ ਢਾਹਿਆ, ਮਾਰ ਮਾਰ ਲਲਕਾਰੇ
ਸ਼ੇਰਾਂ ਦੀ ਸ਼ੇਰਵਾਨੀ ਦੇਖੋ, ਦੁਸ਼ਟ ਦੋਖੀ ਸਭ ਹਾਰੇ।
ਰਿੱਛ, ਭੇੜੀਏ, ਲੂੰਮੜ ਲੋਟੂ, ਕੁੱਟ-ਕੁੱਟ ਕਾਬਲ ਵਾੜੇ
ਝਨਾਂ ਕੱਢਿਓ ਬਾਲ ਬਾਲੀਆਂ, ਲਿਆਏ ਏਸ ਕਿਨਾਰੇ।
ਦਿੱਲੀ ਵਾਲੇ ਗਦ ਗਦ ਹੋਏ, ਤੱਕ ਸਿੰਘਾਂ ਦੇ ਉਪਕਾਰੇ
ਕਹਿੰਦੇ 'ਕੀ ਅਸੀਂ ਦੇਣਾ ਦੇਈਏ, ਧੰਨ ਬਾਬੇ ਕੱਛਾਂ ਵਾਲੇ'।
ਜਾ ਜਮਰੋਦ ਦੇ ਝੰਡੇ ਗੱਡੇ, ਵੱਜਗੇ ਢੋਲ ਨਗਾਰੇ
ਤ੍ਵਾਰੀਖ ਦੇ ਵਰਕੇ ਉਲਟੇ, ਜਾਗੇ ਛੱਪਰ ਢਾਰੇ।
ਮਹਿਲਾਂ ਦੀ ਹੁਣ ਮੁਹਲਤ ਮੁੱਕੀ, ਕੇਸਗੜ੍ਹ ਪਿਆ ਪੁਕਾਰੇ
'ਉੱਠੋ ਸਾਥੀਓ! ਵਤਨ ਸੰਭਾਲੋ, ਲਓ ਪਦਾਰਥ ਚਾਰੇ।
ਦਮਦਮੇ ਵਿੱਚ ਦਮਾਮੇ ਵੱਜੇ, ਹਜ਼ੂਰ ਸਾਹਿਬ ਜੈਕਾਰੇ
ਸਤਿਗੁਰ ਸਾਡੇ ਛਹਿਬਰ ਲਾਈ, ਬਰਸੇ ਅੰਮ੍ਰਿਤ ਧਾਰੇ।
'ਚੜ੍ਹਦੀ ਕਲਾ ਤੇ ਭਲਾ ਸਰਬ ਦਾ' ਖਾਲਸੇ ਦੇ ਇਹ ਨਾਅਰੇ
ਜੀਉਂਦੇ ਰਹਿਣ ਇਹ ਸ਼ੇਰ ਅਸਾਡੇ, ਅਸੀਂ ਸ਼ੇਰਾਂ ਤੋਂ ਵਾਰੇ।

ਤ੍ਰੈ ਸੌ ਸਾਲਾ ਸਿੰਘ ਸ਼ਤਾਬਦੀ

ਕਿੱਥੇ ਰਿਹਾ ਨਨਕਾਣਾ ਤੇਰਾ

ਕਿੱਥੇ ਰਿਹਾ ਨਨਕਾਣਾ ਤੇਰਾ,
ਜਿੱਥੇ ਨਾਨਕ ਨੇ ਮਝੀਂ ਚਾਰੀਆਂ।
ਕਿੱਥੇ ਕੁ ਹੈ ਉਹ ਵਣ ਦਾ ਬੂਟਾ,
ਜਿੱਥੇ ਚੜ੍ਹੀਆਂ ਕਿਸੇ ਨਾਮ ਖੁਮਾਰੀਆਂ।
ਕਿੱਥੇ ਕੁ ਰਹਿਆ ਪੰਜੇ ਦਾ ਸੋਮਾ,
ਜਿਸ ਤਪਦੀਆਂ ਰੂਹਾਂ ਠਾਰੀਆਂ।
ਸ਼ਹੀਦਾਂ ਦੀ ਧਰਤੀ ਲਾਹੌਰ ਜੇ ਕਿੱਥੇ,
ਜਿਨ੍ਹੇਂ ਕੌਮੀ ਕਿਸਮਤਾਂ ਢਾਲੀਆਂ।
ਮਾਂਵਾਂ ਨੇ ਧਰਮ ਦੀ ਖਾਤਰ ਹੱਸ ਕੇ,
ਲਾਲਾਂ ਦੀਆਂ ਜਿੰਦਾਂ ਵਾਰੀਆਂ।
ਝੂਲਦੇ ਕਿੱਥੇ ਸੀ ਝੰਡੇ ਬਸੰਤੀ,
ਕਿੱਥੇ ਸੀ ਤੇਗਾਂ ਮਾਰੀਆਂ।
ਬਾਗਾਂ ਦੀਆਂ ਉਹ ਬਹਾਰਾਂ ਨੇ ਕਿੱਥੇ,
(ਜਿੱਥੇ) ਮਰਦਾਂ ਸੀ ਘਾਲਾਂ ਘਾਲੀਆਂ।
ਸੋਨਾ ਉਗਲਦੀ ਧਰਤੀ ਗਈ ਕਿੱਥੇ,
ਕਿੱਥੇ ਕਿੱਥੇ ਰੋਂਦੀਆਂ ਕੰਤਾਂ ਵਾਲੀਆਂ।
ਕਿੱਥੇ ਰਹੇ ਸ਼ਹਿਜ਼ਾਦੇ ਨੇ ਤੇਰੇ,
ਕਿੱਥੇ ਕਿੱਥੇ ਰਾਜ ਕੁਮਾਰੀਆਂ।
ਵਸਦੇ ਖੇੜੇ 'ਚ ਕੀ ਪਿਆ ਝੇੜਾ,
ਭੌਰਾਂ ਨੇ ਲਾਈਆਂ ਉਡਾਰੀਆਂ।
ਲਾ ਕੇ ਚਮਨ ਨੂੰ ਦੱਸੋ ਖਾਂ ਮਾਲੀਓ,
ਹੋਈਆਂ ਕਿੱਧਰ ਦੀਆਂ ਤਿਆਰੀਆਂ।

ਅਲ਼ਫ ਅੱਧੇ ਤਾਂ ਮਾਰੇ ਸੀ

ਅਲ਼ਫ ਅੱਧੇ ਤਾਂ ਮਾਰੇ ਸੀ ਗਏ ਉਦੋਂ,
ਜਦੋਂ ਪਈਆਂ ਪੰਜਾਬ ਦੀਆਂ ਵੰਡੀਆਂ ਨੀ।
ਪਿਛੋਂ ਗੰਜ ਫਿਰੰਗੀ ਦਾ ਕਟਕ ਚੜ੍ਹਿਆ,
ਲੱਖਾਂ ਹੋਈਆਂ ਸੁਹਾਗਣਾਂ ਰੰਡੀਆਂ ਨੀ।
ਕਿਧਰੇ ਵੈਣ ਯਤੀਮ ਦੇ ਪੈਣ ਡੂੰਘੇ,
ਡੈਣ ਮੌਤ ਨੇ ਜਿੰਦਾਂ ਸਭ ਫੁੰਡੀਆਂ ਨੀ।
ਮਰ ਜਾਏ ਬਾਪ ਫਿਰੰਗੀ ਦੇ ਜਣਨ ਵਾਲਾ,
ਜਿਸ ਖੋਲ੍ਹੀਆਂ ਖੂਨ ਦੀਆਂ ਮੰਡੀਆਂ ਨੀ।
ਰਹੇ ਆਪਣੇ ਵੀ ਕੁਛ ਨਾ ਕਰਨ ਲੱਗੇ,
ਕਿਸਮਤ ਖੋਟੀ ਤੇ ਐਸੀ ਬੇਵਾਹ ਹੋ ਗਈ।
ਸ਼ਾਹ ਮੁਹੰਮਦਾ ਫ਼ੌਜਾਂ ਦੇ ਹੁੰਦਿਆਂ ਵੀ,
ਸਾਰੀ ਕੌਮ ਦੀ ਕੌਮ ਤਬਾਹ ਹੋ ਗਈ।

ਮੇਰਾ ਹਾਲ

ਪੁੱਛੋਂ ਕੀ ਮੇਰਾ ਹਾਲ ਹੈ, ਹੋਇਆ ਬੜਾ ਅਵਾਜ਼ਾਰ ਹਾਂ
ਬੇਮਤਲਬਾ ਬੇਕੀਮਤਾ, ਵਾਧੂ ਵਤਨ 'ਤੇ ਭਾਰ ਹਾਂ
ਦਰਦਾਂ ਦੇ ਨਾਲ ਭਰਪੂਰ ਹਾਂ, ਚੋਟਾਂ ਨਾਲ ਚੂਰ ਚੂਰ ਹਾਂ
ਇੱਥੇ ਹੀ ਕੋਈ ਬਸ ਨਹੀਂ, ਹਦ ਦਰਜਿਓਂ ਮਜਬੂਰ ਹਾਂ
ਥਾਂ ਥਾਂ ਤੇ ਖਾਂਦਾ ਘੂਰ ਹਾਂ, ਖਬਰੇ ਕਿਉਂ ਨਾ ਮਨਜ਼ੂਰ ਹਾਂ
ਚੋਰੀ ਯਾਰੀ ਤਾਂ ਨਹੀਂ ਕਰੀ, ਲੱਗਦਾ ਤਾਂ ਬੇਕਸੂਰ ਹਾਂ।

ਫਿਰ ਕਿਉਂ ਹਾਂ ਜਾਂਦਾ ਮਾਰਿਆ, ਹਰ ਥਾਂ ਤੇ ਜਾਨਾਂ ਤਾੜਿਆ
ਯਹੂਦੀ ਤਾਂ ਮੈਂ ਨਹੀਂ ਹਾਂ, ਫਿਰਨਾ ਕਿਉਂ ਦੇਸੋ ਨਿਕਾਲਿਆ
ਇਹ ਹਿੰਦ ਮੇਰਾ ਵਤਨ ਹੈ, ਧਰਤੀ ਇਹਦੀ ਵਿਸ਼ਾਲ ਹੈ
ਪਰ ਮੇਰੇ ਰਹਿਣ ਦੇ ਵਾਸਤੇ, ਥਾਂ ਦਾ ਪਿਆ ਜੇ ਕਾਲ ਹੈ
ਹੀਰੇ ਜਵਾਹਰ ਬੜੇ ਨੇ, ਦੌਲਤ ਬੜੀ ਬੇਅੰਤ ਹੈ
ਸਭ ਕੁਝ ਦੇ ਹੁੰਦਿਆਂ, ਮੇਰਾ ਪਰ, ਮਰਦਾ ਭੁੱਖਾ ਜੀਅ ਜੰਤ ਹੈ।

ਪੀੜਾਂ ਨੇ ਦਿਲ ਵਿੱਚ ਹੋਂਦੀਆਂ, ਕਸਕਾਂ ਨੇ ਨਾਲ ਜਾ ਖੋਂਹਦੀਆਂ
ਤੱਕ ਤੱਕ ਕੇ ਨਿੱਤ ਦਾ ਹਾਲ ਇਹ, ਅੱਖਾਂ ਨੇ ਛਮ ਛਮ ਰੋਂਦੀਆਂ
ਦੱਸਾਂ ਮੈਂ ਹਾਲ ਕਿਸ ਤਰ੍ਹਾਂ, ਟੁਕੜੇ ਹੋਇਆ ਕੋਹਿਨੂਰ ਹਾਂ
ਪਰ ਹੁਣ ਤੇ ਮੈਂ ਕੁਝ ਨਹੀਂ, ਹੋਇਆ ਫਿਰਦਾ ਬੇਨੂਰ ਹਾਂ
ਕੀ ਕਰਮ ਦੀ ਕੋਈ ਮਾਰ ਹੈ, ਬਿੱਧ ਨਾ, ਯਾ ਰੱਖਦੀ ਖਾਰ ਹੈ
ਸਭ ਹੁੰਦਿਆਂ ਵੀ ਕੁਝ ਨਹੀਂ, ਆਖਰ ਕੀ ਵਿੱਚ ਵਿਚਕਾਰ ਹੈ।

ਹੋਣਾ ਕਿਸੇ ਦਾ ਕੀ ਦੋਸ਼ ਹੈ, ਆਪਾ ਹੀ ਹੋਇਆ ਬੇਹੋਸ਼ ਹੈ
ਗੁਲਾਮੀ ਨੂੰ ਅਮਨ ਹੈ ਸਮਝਿਆ, ਨਾ ਰੋਸ ਨਾ ਅਫਸੋਸ ਹੈ

ਆਪਣੀਆਂ ਹੀ ਕੀਤੀਆਂ ਕਰਨੀਆਂ, ਆਪੇ ਨੂੰ ਪੈਗੀਆਂ ਭਰਨੀਆਂ
ਖੰਦਕਾਂ ਸੀ ਡੂੰਘੀਆਂ ਖੋਦੀਆਂ, ਮੁਸ਼ਕਲ ਹੁਣ ਹੋਈਆਂ ਤਰਨੀਆਂ
ਕਿਸ ਨੇ ਕਿਹਾ ਗੁਲਾਮਿ ਕਰ, ਕਿਸ ਨੇ ਕਿਹਾ ਸਲਾਮ ਕਰ
ਕੀਹਨੇ ਕਿਹਾ ਰਲ਼ ਗ਼ੈਰ ਨਾਲ਼, ਵਤਨ ਦਾ ਨਿਮਕ ਹਰਾਮ ਕਰ।

ਲੀਤੀ ਗੁਲਾਮੀ ਆਪ ਹੈ, ਦਿੱਤੀ ਸਲਾਮੀ ਆਪ ਹੈ
ਦੱਸ ਕਿਸੇ ਨੂੰ ਕੀ ਆਖੀਏ, ਕੀਤੀ ਖੁਨਾਮੀ ਆਪ ਹੈ
ਇਥੇ ਹੀ ਹੋਈ ਬਸ ਨਹੀਂ, ਆਜ਼ਾਦੀ ਦੀ ਰਹੀ ਲੋੜ ਨਹੀਂ
ਚੁਭਦਾ ਨਾ ਕੁਝ ਬੇਅਣਖ ਹਾਂ, ਲੱਗਦੀ ਵਤਨ ਦੀ ਤੋੜ ਨਹੀਂ
ਨਕਲਾਂ ਦਾ ਹੋਇਆ ਯਾਰ ਹਾਂ, ਆਪੇ ਤੋਂ ਬੇਅਖਤਿਆਰ ਹਾਂ
ਕੁਝ ਗਿਟਮਿਟ ਇਹ ਸਿੱਖ ਕੇ, ਬਾਬੂ ਬਣਨ ਲਈ ਤਿਆਰ ਹਾਂ।

ਹੋਣਾ ਚਾਹਾਂ ਅੰਗਰੇਜ਼ ਮੈਂ, ਕਰਦਾ ਉਨ੍ਹਾਂ ਦਾ ਹੇਜ ਮੈਂ
ਹਿੰਦੀ ਹੋਣਾ ਤਾਂ ਕਿਤੇ ਰਿਹਾ, ਕਹਲਾਉਣ ਤੋਂ ਵੀ ਕਰਾਂ ਪਰਹੇਜ਼ ਮੈਂ
ਅੰਗਰੇਜ਼ੀ ਹੀ ਪਹਿਨਣ ਖਾਣ ਹੈ, ਕੋਟ ਪੈਂਟ 'ਤੇ ਮੈਨੂੰ ਮਾਣ ਹੈ
ਹਿੰਦੀ ਹੋਣ ਵਿੱਚ ਸ਼ਾਨ ਨਹੀਂ, ਟਾਈ ਤੇ ਹੈਟ ਦੀ ਸ਼ਾਨ ਹੈ
ਇਹ ਤਾਂ ਮੇਰੀ ਚਾਲ ਹੈ, ਹੋਇਆ ਵਤਨ ਕੰਗਾਲ ਹੈ
ਮੌਜਾਂ ਉਡਾਉਂਦਾ ਫਿਰਾਂ ਮੈਂ ਪਰ ਦੁਖੀ ਵਾਲ਼ ਵਾਲ਼ ਹੈ।

ਗ਼ੈਰਾਂ ਦਾ ਸੇਵਾਦਾਰ ਹਾਂ, ਜੋ ਕਹਿਣ ਤਾਬੇਦਾਰ ਹਾਂ
ਆਪਣਾ ਹਾਂ ਘਰ ਲੁਟਾ ਰਿਹਾ, ਹੋਰਾਂ ਦਾ ਚੌਂਕੀਦਾਰ ਹਾਂ
ਵੱਡੇ ਵਤਨ ਦਾ ਸ਼ਦਾਦ ਹਾਂ, ਹੋਇਆ ਫਿਰਦਾ ਬਰਬਾਦ ਹਾਂ
ਐਸੀ ਤਾਂ ਕੋਈ ਮੁਸ਼ਕਲ ਨਹੀਂ, ਜੋ ਹੋ ਸਕਦੀ ਹੱਲ ਨਹੀਂ
'ਪਦਮ' ਜੇ ਆਖਰ ਬਲ ਧਰਾਂ, ਹੋ ਸਕਦਾ ਆਜ਼ਾਦ ਹਾਂ।

(4-4-42)

ਰਫ਼ਿਊਜੀ

ਮੈਂ ਆਇਆ ਪਾਕਿਸਤਾਨ ਤੋਂ, ਮੈਨੂੰ ਕਹਿਣ ਰਫ਼ੂਜੀ ਲੋਗ
ਮੈਂ ਨਵਾਂ ਨਵਾਂ ਬੀਮਾਰ ਹਾਂ, ਕੋਈ ਵੈਦ ਨਾ ਜਾਣੇ ਰੋਗ
ਮੇਰੇ ਅੰਦਰ ਵੇਦਨ ਕਸਕ ਦੀ, ਉਸ ਸੁਣ ਸੁਣ ਸਭ ਘਬਰਾਣ
ਬੇਘਰ ਬੇਨਸੀਬ ਦੇ, ਕੋਲ਼ ਨੇ ਖ਼ਾਲੀ ਵੈਣ
ਨਿੱਤ ਰੋ ਰੋ ਫਾਵਾ ਹੋ ਰਿਹਾ, ਨਾ ਮਿਲਦੀ ਕਿਧਰੇ ਚੈਨ।
ਕੈਂਪਾਂ ਵਿੱਚ ਬਹਿ ਦੇਖਿਆ, ਨਾ ਗਰੀਬ ਦੀ ਪੁੱਛ
ਪੈਸੇ ਵਾਲ਼ੇ ਪੁਛੀਂਦੇ, ਮੈਂ ਕਿੱਥੇ ਰੋਵਾਂ ਦੁੱਖ
ਬੜੀ ਦੂਰ ਤੱਕ ਵੱਸਦਾ, ਦਿਸਦਾ ਹਿੰਦੁਸਤਾਨ
ਮੇਰੇ ਰਹਿਣ ਲਈ ਅਜੇ ਤੱਕ, ਮਿਲੇ ਨਾ ਕੋਈ ਮਕਾਨ।
ਜੱਗ ਸੁੰਨਾ ਸੁੰਨਾ ਜਾਪਦਾ, ਮੇਰੀ ਖੋਅ ਗਈ ਬਾਂਕੀ ਨਾਰ
ਮੈਂ ਛਾਣ ਮਾਰਿਆ ਹਿੰਦ ਸਭ, ਕਿਸੇ ਨਾ ਸੁਣੀ ਪੁਕਾਰ
ਮੈਂ ਬਨਵਾਸੀ ਰਾਮ ਵੇ, ਮੇਰੀ ਸੀਤਾ ਲੈ ਗਿਆ ਕੌਣ
ਹਾਇ ਲਛਮਣ ਬੀਰ ਬਗੈਰ ਉਸ, ਮੋੜ ਲਿਆਵੇ ਕੌਣ
ਮੈਂ ਆਖਾਂ ਮਿਰਜ਼ੇ ਜੱਟ ਨੂੰ, ਇਨ੍ਹਾਂ ਚੰਧੜਾਂ ਕੋਲੋਂ ਬਚਾ
ਮੇਰੀ ਸਾਹਿਬਾ ਖੋਹ ਕੇ ਲੈ ਗਏ, ਦਿੱਤਾ ਈ ਰੰਕ ਬਣਾ
ਮੈਨੂੰ ਤੀਰ ਕਮਾਨ ਦੇ ਆਪਣਾ, ਗੱਲ ਲਊਂ ਮੈਂ ਆਪੇ ਨਿਪਟਾ
ਮੈਂ ਹਾਂ ਪੰਜਾਬੀ ਬੀਰ ਵੇ, ਦਿਆਂ ਵੈਰੀ ਨੂੰ ਸੁੱਕਣੇ ਪਾ।
ਮੈਂ ਆਇਆ ਪਾਕਿਸਤਾਨ ਤੋਂ, ਮੈਨੂੰ ਆਖਣ ਲੋਕ ਸ਼ੈਤਾਨ
ਮੈਂ ਆਪ ਬੜਾ ਪਰੇਸ਼ਾਨ ਹਾਂ, ਤੇ ਲੋਕ ਵੀ ਨੇ ਪਸ਼ੇਮਾਨ
ਮੈਥੋਂ ਵਿਛੜਿਆ ਮੇਰਾ ਵਤਨ ਓ, ਮੇਰੀਆਂ ਬਾਰਾਂ ਰਹੀਆਂ ਦੂਰ
ਹਾਇ ਕਿੱਥੋਂ ਤੋੜ ਕੇ ਖਾ ਲਵਾਂ, ਮੁਲਤਾਨ ਦੀ ਮਿੱਠੀ ਖ਼ਜੂਰ।
ਮੇਰੇ ਖੂਹ ਮੁਰੱਬੇ ਕੱਸੀਆਂ, ਨਰਮੇ ਅਤੇ ਕਪਾਹ

ਕਣਕਾਂ ਦੇ ਖੇਤ ਵੀ ਵਿਛੜੇ, ਕੋਈ ਨਾ ਚੱਲੀ ਵਾਹ
ਮੈਂ ਆਇਆ ਰਾਵੀ ਪਾਰ ਤੋਂ, ਮੈਨੂੰ ਕਹਿਣ ਰਫ਼ੂਜੀ ਲੋਗ
ਹਾਇ ਓਥੇ ਬੰਨ੍ਹੀ ਰਹਿ ਗਈ, ਮੇਰੀ ਹਰਨਾਂ ਵਰਗੀ ਜੋਗ
ਮੇਰੀਆਂ ਚਰਦੀਆਂ ਰਹਿਣਗੀਆਂ ਘੋੜੀਆਂ, ਮੱਝੀਆਂ ਦੁੱਧ ਭਰਪੂਰ
ਹਾਇ ਕਿਤੇ ਨਾ ਸਾਹਵੇਂ ਦਿਸਦੀਆਂ, ਗੁਆਚਾ ਨੈਣਾਂ ਦਾ ਨੂਰ।
ਉਹ ਝਨਾਂ ਵੀ ਖੁੱਸਿਆ, ਜਿੱਥੇ ਪਲੀ ਸਲੇਟੀ ਹੀਰ
ਨਾਲ਼ੇ ਰਾਂਝੇ ਮੱਝੀਆਂ ਚਾਰੀਆਂ ਯਾਰ ਦੇ ਹੋ ਫਕੀਰ
ਜਿੱਥੇ ਮਹੀਵਾਲ ਨੂੰ ਸੋਹਣੀ ਨਿੱਤ ਮਿਲਦੀ ਸੀ ਜਾ
ਉਹ ਕੱਚੇ ਘੜੇ ਦੀਆਂ ਬੇੜੀਆਂ ਨਾ ਦਿਸਣ ਬਿਨਾਂ ਝਨਾਂ
ਲੱਦ ਗਏ ਲੁੱਡਣ ਯਾਰ ਉਹ, ਬੇੜੀਆਂ ਆਪਣੀਆਂ ਖੋਲ੍ਹ
ਹੁਣ ਨਹੀਂ ਕਦੀ ਸੁਣ ਸਕਣੇ, ਉਹ ਢੋਲੇ ਦੇ ਬੋਲ
ਯਾਦ ਆਂਵਦੇ ਰਹਿਣਗੇ, ਜਾਂਗਲੀ ਚਿਰ ਦੇ ਮੀਤ
ਕਦੀ ਵੀ ਨਹੀਂ ਜੇ ਭੁੱਲਣੀ, ਭੋਲੀ ਉਜਲੀ ਉਜਲੀ ਪ੍ਰੀਤ
ਮੈਂ ਸੰਦਲਬਾਰ ਦਾ ਜੱਟ ਹਾਂ, ਮੇਰਾ ਸੰਦਲ ਵਰਗਾ ਰੂਪ
ਹਾਇ ਦੁੱਖਾਂ ਮੈਨੂੰ ਮਾਰਿਆ ਮੇਰਾ ਰੂਪ ਲਿਆ ਈ ਚੂਪ
ਅੱਜ ਹੁਸਨ ਤੇ ਇਸ਼ਕ ਝਨਾਂ ਦੀ, ਕੀ ਮੈਂ ਆਖਾਂ ਗੱਲ
ਭੁੱਖ ਨੰਗ ਬੇਘਰੀ, ਆ ਬੈਠੀ ਬੂਹਾ ਮੱਲ
ਹੋਏ ਪਰਾਏ ਆਪਣੇ, ਕੋਈ ਨਾ ਮੇਰੇ ਵੱਲ
ਜਿਸ ਨੂੰ ਆਖਾਂ ਉਹੀ ਹੀ, ਆਖੇ ਅੱਗੇ ਚੱਲ।
ਮੈਂ ਆਇਆ ਪਾਕਿਸਤਾਨ, ਤੋਂ ਮੈਨੂੰ ਕਹਿਣ ਰਫ਼ੂਜੀ ਲੋਗ
ਮੈਂ ਨਵਾਂ ਨਵਾਂ ਬੀਮਾਰ ਹਾਂ, ਮੇਰਾ ਵੈਦ ਨਾ ਜਾਣੇ ਰੋਗ
ਮੇਰੇ ਅੰਦਰ ਵੇਦਨ ਕਸਕ ਦੀ, ਸੁਣ ਸੁਣ ਸਭ ਘਬਰੋਣ
ਮੈਂ ਬੇਘਰ ਪਨਾਹਗੀਰ ਨੂੰ ਦੱਸੋ ਝੱਲੇ ਕੌਣ?

ਕੌਮੀ ਗੀਤ

ਸਾਰੇ ਜਹਾਨੋਂ ਵਧੀਆ, ਇਹ ਹਿੰਦੁਸਤਾਨ ਸਾਡਾ
ਇਹ ਆਨ ਸ਼ਾਨ ਸਾਡੀ, ਜੀਵਨ ਪ੍ਰਾਣ ਸਾਡਾ।
ਧਰਤੀ ਇਹਦੀ ਹਰਿਆਲੀ, ਨੀਲਾ ਅਸਮਾਨ ਸਾਡਾ
ਪਰਬਤ ਤੇ ਨਦੀਆਂ ਨਾਲੇ, ਜੰਗਲ਼ ਮੈਦਾਨ ਸਾਡਾ।
ਰੋਹੀਆਂ ਤੇ ਟੋਏ ਟਿੱਬੇ, ਔਹ ਰੇਗਸਤਾਨ ਸਾਡਾ
ਮਿਹਰਾਂ ਦੇ ਮੀਂਹ ਵਰ੍ਹਦੇ, ਸਾਗਰ ਮਹਾਨ ਸਾਡਾ।
ਹਿੰਦੂ ਮੁਸਲਮ ਤੇ ਸਿੱਖ ਦਾ, ਸਾਂਝਾ ਅਸਥਾਨ ਸਾਡਾ
ਅਸੀਂ ਫੁੱਲ ਬੂਟੇ ਇਹਦੇ, ਇਹ ਬਾਗ਼ਬਾਨ ਸਾਡਾ।
ਉਹ ਰਾਮ ਧਨੁਖ ਧਾਰੀ, ਉਹ ਕ੍ਰਿਸ਼ਨ ਕਾਨ੍ਹ ਸਾਡਾ
ਨਾਨਕ ਗੁਰੂ ਗੋਬਿੰਦ ਦਾ, ਦਰਸ਼ਨ ਈਮਾਨ ਸਾਡਾ।
ਇਹ ਜੋਧਿਆਂ ਦੀ ਧਰਤੀ, ਤੀਰੋ ਕਮਾਨ ਸਾਡਾ
ਜ਼ੁਲਮਾਂ ਨਾਲ਼ ਹਮੇਸ਼ਾਂ ਹੁੰਦਾ, ਘਮਸਾਨ ਸਾਡਾ।
ਚੜ੍ਹਦੀਕਲਾ 'ਚ ਰਹਿਣਾ, ਬਣਿਆ ਅਖਾਣ ਸਾਡਾ
ਅਜ਼ਾਦੀਆਂ ਦਾ ਰਾਖਾ, ਹੈ ਕਾਰਵਾਨ ਸਾਡਾ।
ਰਾਂਝੇ ਮਹੀਂਵਾਲ ਸਾਡੇ, ਮਿਰਜ਼ਾ ਜੁਆਨ ਸਾਡਾ
ਇਹ ਭਗਤ ਸਿੰਘ ਸਰਾਭਾ, ਹੈ ਖਾਨਦਾਨ ਸਾਡਾ।
ਅਸੀਂ ਹਾਂ ਭਾਈ ਭਾਈ, ਹਰ ਇੱਕ ਇਨਸਾਨ ਸਾਡਾ
ਅਜ਼ਾਦੀ ਤੇ ਅਮਨ ਦਾ, ਝੁੱਲੇ ਨਿਸ਼ਾਨ ਸਾਡਾ।
ਐਟਮ ਦਾ ਅੰਤ ਕਰਨਾ, ਆਦਰਸ਼ ਆਣ ਸਾਡਾ
ਸਰਬਤ ਦੇ ਭਲੇ ਦਾ, ਗੂੰਜੇਗਾ ਗਾਨ ਸਾਡਾ।

ਫ਼ਰਿਆਦ

ਐ ਪ੍ਰਭੂ ! ਮਨਜ਼ੂਰ ਮੇਰੀ ਇਹ ਫ਼ਰਿਆਦ ਹੋ ਜਾਇ
ਮੇਰੇ ਦੇਸ ਦਾ ਬੰਦਾ, ਹਰ ਇੱਕ ਆਜ਼ਾਦ ਹੋ ਜਾਇ
ਗੁਲਾਮੀ ਦੇ ਸੰਗਲ ਨੇ ਚਿਰਾਂ ਤੋਂ ਹਾਂ ਬਧੇ
ਮੇਰਾ ਇਹ ਕੈਦਖ਼ਾਨਾ ਕਿਵੇਂ ਵੀ ਬਰਬਾਦ ਹੋ ਜਾਇ
ਝੱਖੜਾਂ ਤੂਫ਼ਾਨਾਂ ਦਾ ਖੌਫ਼ ਨਹੀਂ ਜੇ ਕੋਈ
ਬੇਸ਼ਕ ਜ਼ਾਲਮ ਮਜ਼ਲੂਮ ਦਾ ਵੀ ਫਸਾਦ ਹੋ ਜਾਇ
ਦੇਹ ਕੋਈ ਸ਼ਕਤੀ ਵਤਨ ਦੇ ਮਰਨ ਖ਼ਾਤਰ
ਦੇਸ ਦਾ ਜ਼ਰਰਾ ਜ਼ਰਰਾ ਹੀ ਪ੍ਰਹਿਲਾਦ ਹੋ ਜਾਇ
ਉਂਝ ਤੇ ਤੈਨੂੰ ਸਾਰਾ ਆਪੇ ਹੀ ਫ਼ਿਕਰ ਹੋਸੀ
ਕਿਹਾ ਇਸ ਲਈ ਏ ਤੈਨੂੰ ਮੁੜ ਯਾਦ ਹੋ ਜਾਇ
ਕੌਮੀ ਇਤਿਹਾਦ ਕਰ ਦੇ, ਸਾਡਾ ਦਿਲਸ਼ਾਦ ਕਰ ਦੇ
ਇਨਕਲਾਬ ਕੋਈ ਲਿਆ ਦੇ ਵਤਨ ਆਜ਼ਾਦ ਹੋ ਜਾਇ।

(16-7-42)

ਕਿੱਥੇ ਗਈਆਂ ਵੇ ਸਿੰਘਾ/ ਤੇਰੀਆਂ ਸਰਦਾਰੀਆਂ *

ਕਿੱਥੇ ਰਿਹਾ ਨਨਕਾਣਾ ਤੇਰਾ, ਜਿੱਥੇ ਨਾਨਕ ਨੇ ਮੱਝੀਂ ਚਾਰੀਆਂ
ਕਿੱਥੇ ਰਿਹਾ ਉਹ ਵਣ ਦਾ ਬੂਟਾ, ਜਿੱਥੇ ਚੜ੍ਹੀਆਂ ਕਿਸੇ ਨਾਮ ਖ਼ੁਮਾਰੀਆਂ
ਕਿੱਥੇ ਕੁ ਰਹੀ ਉਹ ਸੁੰਦਰ ਬਸਤੀ, ਸਾਡੇ ਮਾਹੀ ਸੀ ਰਾਤਾਂ ਗੁਜ਼ਾਰੀਆਂ
ਕਿੱਥੇ ਹੈ ਉਹ ਸ਼ਹੀਦਾਂ ਦੀ ਭੱਠੀ, ਜਿਸ ਕੌਮੀ ਕਿਸਮਤਾਂ ਢਾਲੀਆਂ
ਧਰਮ ਦੀ ਖਾਤਰ ਮਾਂਵਾਂ ਨੇ ਜਿੱਥੇ, ਲਾਲਾਂ ਦੀਆਂ ਜਿੰਦਾਂ ਵਾਰੀਆਂ
ਕਿੱਥੇ ਕੁ ਰਿਹਾ ਪੰਜੇ ਦਾ ਸੋਮਾ, ਤੱਤੀਆਂ ਰੂਹਾਂ ਠਾਰੀਆਂ
ਸੋਨਾ ਉਗਲ਼ਦੀ ਧਰਤੀ ਰਹੀ ਕਿੱਥੇ ਮੰਦਰ ਤੇ ਮਹਿਲ ਅਟਾਰੀਆਂ
ਕਿੱਥੇ ਕਪਾਹਾਂ ਤੇ ਕਣਕਾਂ ਬਾਂਕੀਆਂ, ਖੜੀਆਂ ਸੀ ਹਿੱਕੀ ਉਭਾਰੀਆਂ
ਕਿੱਥੇ ਰਹੇ ਤੇਰੇ ਬਾਗ਼ ਬਗ਼ੀਚੇ, ਹੁਸਨਾਂ ਦੀਆਂ ਫੁਲਵਾੜੀਆਂ
ਰਹਿ ਗਏ ਨੇ ਕਿੱਥੇ ਜੰਗਲ ਦੇ ਢੋਲੇ, ਕਿੱਥੇ ਝਨਾਂ ਦੀਆਂ ਤਾਰੀਆਂ
ਕਿੱਥੇ ਰਹੇ ਸ਼ਹਿਜ਼ਾਦੇ ਤੇਰੇ, ਕਿੱਥੇ ਕਿੱਥੇ ਰਾਜਕੁਮਾਰੀਆਂ
ਕਿੱਥੇ ਗੁਆਚਾ ਸੁਹਾਗ ਦਾ ਚੂੜਾ, ਰੋਂਦੀਆਂ ਕੰਤਾਂ ਵਾਲੀਆਂ
ਬਾਗਾਂ ਦੀਆਂ ਉਹ ਬਹਾਰਾਂ ਨੇ ਕਿੱਥੇ, ਮਰਦਾਂ ਸੀ ਘਾਲਾਂ ਘਾਲੀਆਂ
ਵਸਦੇ ਚਮਨ ਨੂੰ ਛੱਡ ਕੇ ਮਾਲੀਓ, ਕਿੱਥੇ ਦੀਆਂ ਹੋਈਆਂ ਤਿਆਰੀਆਂ
ਕਿੱਥੇ ਗਈਆਂ ਵੇ ਸਿੰਘਾਂ ਤੇਰੀਆਂ ਸਰਦਾਰੀਆਂ!

(25-11-47)

* *(ਪੱਛਮੀ ਪੰਜਾਬ ਦੇ ਸਿੱਖਾਂ ਦੇ ਘਰਬਾਰ ਜ਼ਮੀਨ ਛੱਡਣ ਤੇ ਮਜਬੂਰ ਹੋ ਕੇ ਆਉਣ ਤੇ ਲਿਖੀ)*

ਏਕਤਾ ਦਾ ਗੀਤ

ਅਸੀਂ ਹਾਂ ਇੱਕੋ ਮਾਂ ਦੇ ਜਾਏ, ਇੱਕੋ ਬਾਪ ਦੇ ਬੇਟੇ ਹਾਂ
ਸਾਗਰ ਇੱਕੋ ਪਾਣੀ ਇੱਕੋ, ਇੱਕੋ ਲਹਿਰ ਲਪੇਟੇ ਹਾਂ।
ਪੌਣ ਪਾਣੀ ਤੇ ਮਿੱਟੀ ਇੱਕੋ, ਇੱਕੋ ਸਾਸ ਪ੍ਰਣਾਲੀ ਹੈ
ਖਾਣਾ ਪੀਣਾ ਗੌਣਾ ਸੌਣਾ, ਸਭ ਦੀ ਇੱਕੋ ਚਾਲੀ ਹੈ।
ਸਾਵੇਂ ਨੈਣਾਂ ਵਿੱਚ ਇੱਕ ਜੋਤੀ, ਗੂੰਜੇ ਜਿਹਵਾ ਬਾਣੀ ਹੈ
ਜੰਮਣ ਮਰਨ ਤੇ ਆਉਣ ਜਾਣ ਦੀ, ਸਭ ਦੀ ਇੱਕ ਕਹਾਣੀ ਹੈ।
ਇੱਕੋ ਅੱਲ੍ਹਾ ਰਾਮ ਅਸਾਡਾ, ਇੱਕੋ ਸਤਿਗੁਰ ਪਿਆਰਾ ਹੈ
ਮੰਦਰ ਮਸਜਿਦ ਮੱਠ ਤੇ ਗਿਰਜਾ, ਇੱਕੋ ਗੁਰੂਦੁਆਰਾ ਹੈ।
ਆਰਤੀ ਅਤੇ ਨਿਮਾਜ਼ ਇੱਕ ਹੈ ਇੱਕੋ ਪਾਠ ਤੇ ਪੂਜਾ ਹੈ
ਇੱਕੋ ਦੇ ਅਸੀਂ ਆਸ਼ਕ ਸਾਰੇ, ਨਾਹੀ ਕੋਈ ਦੂਜਾ ਹੈ।
ਇੱਕ ਬਗ਼ੀਚੇ ਦੇ ਫੁੱਲ ਸਭ ਹਾਂ, ਮਹਿਕ ਖਿਲਾਰਨ ਆਏ ਹਾਂ
ਉੱਚ ਗਗਨ ਦੇ ਪਿਆਰੇ ਤਾਰੇ, ਨੂਰ ਪਸਾਰਨ ਆਏ ਹਾਂ।
ਭਾਰਤ ਦੇਸ ਦੇ ਵਾਸੀ ਹਾਂ ਸਭ, ਬ੍ਰਾਹਮਣ ਚਾਹੇ ਰੰਘਰੇਟੇ ਹਾਂ
ਸਤਲੁਜ ਗੰਗਾ ਬ੍ਰਹਿਮਪੁੱਤਰ ਦੇ, ਸੱਚੇ ਸੁੱਚੇ ਬੇਟੇ ਹਾਂ।
ਫਿਰ ਕਿਉਂ ਕਿਸੇ ਨੂੰ ਨਫ਼ਰਤ ਕਰੀਏ, ਜਾਂ ਸਭ ਭਾਈ ਭਾਈ ਹਾਂ
ਆਓ ਪ੍ਰੀਤ ਦੀ ਪੀਂਘ ਪਾਵੀਏ, ਮਿਲੀਏ ਚਾਈਂ ਚਾਈਂ ਹਾਂ।

ਮੇਰਾ ਦੇਸ ਹੈ ਹਿੰਦੁਸਤਾਨ

ਮੈਂ ਮੰਨਦਾ ਹਾਂ ਸੱਚੀ ਮੁੱਚੀ, ਮੇਰਾ ਦੇਸ ਹੈ ਹਿੰਦੁਸਤਾਨ।
ਅਜ਼ਾਦੀ ਇਹਦੀ ਆਜ਼ਾਦੀ ਮੇਰੀ, ਇਹਦੀ ਸ਼ਾਨ ਮੇਰੀ ਸ਼ਾਨ।
ਹੀਰੇ ਲਾਲ ਜਵਾਹਰਾਂ ਵਾਲਾ ਦੇਸ ਮੇਰਾ ਧਨਵਾਨ
ਦੁੱਧ ਤੇ ਘਿਉ ਦੀਆਂ ਵਗਣ ਨਦੀਆਂ ਜਾਣੇ ਕੁਲ ਜਹਾਨ।
ਗੁਰੂਆਂ ਪੀਰਾਂ ਦੀ ਇਹ ਧਰਤੀ ਸ਼ਾਇਰ ਇਹ ਫ਼ੁਰਮਾਣ।
ਮੈਂ ਮੰਨਦਾ ਹਾਂ ਸੱਚੀ ਮੁੱਚੀ ਮੇਰਾ ਦੇਸ ਹੈ ਹਿੰਦੁਸਤਾਨ।
ਪਰ ਜਿਹੜੀ ਧਰਤ ਸੋਨਾ ਉੱਗਲੇ, ਕਿਉਂ ਭੁੱਖਾ ਮਰੇ ਕਿਸਾਨ?
ਕਿੰਨਿਆਂ ਹੀ ਮਜ਼ਦੂਰਾਂ ਲਈ ਇਹ ਮਿਲਾਂ ਬਣੀਆਂ ਮਸਾਣ
ਸੜਕਾਂ ਉੱਤੇ ਰਾਤਾਂ ਕੱਟਣ ਅਸਮਾਨ ਚੰਦੋਆ ਤਾਣ
ਖਬਰੇ ਇਨ੍ਹਾਂ ਦੀ ਖੇਡ ਦੇਖਣ ਲਈ, ਸੁੱਤਾ ਕਿੱਥੇ ਭਗਵਾਨ
ਕੀੜਾ ਥਾਪ ਦੇਇ ਪਾਤਸ਼ਾਹੀ, ਕਹਿ ਗਏ ਗੁਰੂ ਸੁਜਾਨ
ਬਚਨ ਕਦੋਂ ਇਹ ਹੋਸੀ ਪੂਰਾ, ਦੂਰ ਦਾ ਧਰਾਂ ਧਿਆਨ
ਮੈਂ ਮੰਨਦਾ ਹਾਂ ਸੱਚੀ ਮੁੱਚੀ..............
ਹਾਲੇ ਕਲ੍ਹ ਹੀ ਮਿਲੇ ਸੀ ਦੋ ਰਫ਼ਿਊਜੀ ਰੋਂਦੇ ਕਹਿੰਦੇ ਜਾਣ
ਹੁਣ ਤੇ ਰਾਸ਼ਨ ਵੀ ਬੰਦ ਹੋਇਆ, ਕੈਂਪਾਂ ਚੋਂ ਲੱਗੇ ਓਠਾਣ
ਭੁੱਖੇ ਮਰਗੇ ਦੋਵੇਂ ਬੱਚੇ, ਲੱਭਦੇ ਫਿਰੀਏ ਮਸਾਣ
ਕਫ਼ਨ ਕੰਨੋਂ ਤੇ ਸਰ ਹੀ ਜਾਊ, ਲੱਕੜਾਂ ਕਿਥੋਂ ਆਣ
ਮੈਂ ਮੰਨਦਾ ਹਾਂ ਸੱਚੀ ਮੁੱਚੀ ਮੇਰਾ ਦੇਸ ਹੈ ਹਿੰਦੁਸਤਾਨ..............
ਅਜ਼ਾਦੀ ਇਹਦੀ ਅਜ਼ਾਦੀ, ਮੇਰੀ ਸ਼ਾਨ ਇਹਦੀ ਮੇਰੀ ਸ਼ਾਨ
ਨਵੇਂ ਨਵੇਂ ਨੇ ਹਾਕਮ ਆਏ ਤੇ ਕਰਨ ਨਵੇਂ ਫ਼ੁਰਮਾਨ
ਭਾਸ਼ਨਾਂ ਵਿੱਚੋਂ ਕੁਛ ਨਾ ਲੱਭਦਾ, ਰੋਟੀ ਮੰਗੇ ਮੇਰੀ ਜਾਨ
ਏਸ ਸ਼ੋਰ ਵਿੱਚ ਦੇਖੋ ਯਾਰੋ! ਹੋਇਆ ਗਰੀਬ ਦਾ ਘਾਣ
ਮੈਂ ਮੰਨਦਾ ਹਾਂ ਸੱਚੀ ਮੁੱਚੀ..............ਮੇਰਾ ਦੇਸ ਹੈ ਹਿੰਦੁਸਤਾਨ
ਅਜ਼ਾਦੀ ਇਹਦੀ ਅਜ਼ਾਦੀ ਮੇਰੀ, ਸ਼ਾਨ ਇਹਦੀ ਹੈ ਮੇਰੀ ਸ਼ਾਨ।

(ਨਵੰਬਰ੧੯੪੯)

ਹਲੂਣਾ

ਐ ਖਾਲਸਾ ਪੰਥ ਕਦੀ ਸੋਚਿਆ ਜੇ,
ਕਿਤਨੀ ਉੱਚੀ ਤੇ ਸੁੱਚੀ ਸੀ ਸ਼ਾਨ ਤੇਰੀ।
ਤੇਰਾ ਨਾਮ ਸੁਣ ਕੇ ਵੈਰੀ ਕੰਬਦੇ ਸੀ,
ਵੱਡੇ ਵੱਡੇ ਵੀ ਮੰਨਦੇ ਸੀ ਆਨ ਤੇਰੀ।
ਰੂਸ ਅਤੇ ਫਰਾਂਸ ਵੀ ਮੰਨਦਾ ਸੀ,
ਇੱਜ਼ਤ ਕਰਦਾ ਸੀ ਇੰਗਲਸਤਾਨ ਤੇਰੀ।
ਜ਼ੁਲਮ ਦੂਰ ਕਰਨਾ, ਡਟਣਾ ਸੱਚ ਉੱਤੇ,
'ਮਜ਼ਲੂਮ ਰੱਖਿਆ' ਹੈਸੀ ਬਾਨ ਤੇਰੀ।
ਤੇਰੀ ਭਬਕ ਦੀ ਸ਼ੇਰਾ ਛਬੀਲਿਆ ਵੇ,
ਧਾਂਕ ਪਈ ਸੀ ਕਾਬਲ ਕੰਧਾਰ ਅੰਦਰ।
ਤੇਰੇ ਨਾਲ ਮੁਕਾਬਲਾ ਕਰਨ ਵਾਲੀ,
ਤਾਕਤ ਸੀ ਨਹੀਂ ਕੋਈ ਸੰਸਾਰ ਅੰਦਰ।
ਤੇਰੇ ਨਾਮ ਦੀ ਯਾਦ ਕਰਾ ਲੋਕੀ,
ਰੋਂਦੇ ਬੱਚਿਆਂ ਤਾਈਂ ਬਰਾਉਂਦੇ ਸਨ।
ਤੇਰੇ ਦਲ ਨੂੰ ਆਉਂਦਿਆਂ ਵੇਖ ਕੇ,
ਵੈਰੀ ਭੱਜ ਕੇ ਜਾਨ ਬਚਾਉਂਦੇ ਸਨ।

ਤੇਰੇ ਜੰਗਾਂ ਦੇ ਰੰਗਾਂ ਨੂੰ ਵੇਖ ਕੇ ਤੇ,
ਨਾਦਰ ਜੇਹੇ ਵੀ ਦੰਗ ਰਹਿ ਜਾਂਵਦੇ ਸਨ।
ਆਉਂਦੇ ਸਨ ਜੋ ਤੈਨੂੰ ਮੁਕਾਉਣ ਖਾਤਰ,
ਆਖਰ ਉਹੋ ਹੀ ਆਪ ਮੁੱਕ ਜਾਂਵਦੇ ਸਨ।
ਪਤਾ ਲੱਗਦਾ ਨਹੀਂ ਸੀ ਕਿਸੇ ਤਾਈਂ,
ਖ਼ਬਰੇ ਕੀ ਸੀ ਤੇਰੀ ਤਲਵਾਰ ਅੰਦਰ।
ਤੋਬਾ ਤੋਬਾ ਪੁਕਾਰਦੇ ਪਿਛਲ ਪੈਰੀਂ,
ਭੱਜੇ ਜਾਂਦੇ ਸੀ ਮੁੜ ਕੰਧਾਰ ਅੰਦਰ।
ਉਹ ਤੂੰਹੀਓਂ ਸੈਂ ਜਿਹੜਾ ਇਕੱਲੜਾ ਹੀ,
ਨਾਲ ਲੱਖਾਂ ਦੇ ਯੁੱਧ ਮਚਾਂਵਦਾ ਸੈਂ।
ਛਿਲ ਪੱਤੇ ਬ੍ਰਿਛਾਂ ਦੇ ਚੱਬ ਕੇ ਤੇ,
ਮਾਸਖ਼ੋਰਿਆਂ ਨੂੰ ਭਾਜੜਾਂ ਪਾਂਵਦਾ ਸੈਂ।
ਵਿੱਚ ਚਮਕੌਰ ਦੇ ਕੱਚੀ ਗੜ੍ਹੀ ਅੰਦਰ,
ਟਿੱਡੀ ਦਲ ਨੂੰ ਹੱਥ ਦਿਖਾਂਵਦਾ ਸੈਂ।
ਕਈ ਲੱਖਾਂ ਦੀ ਅਲਖ ਮੁਕਾ ਕੇ ਤੇ,
ਆਖਰ ਆਪ ਸ਼ਹੀਦੀਆਂ ਪਾਂਵਦਾ ਸੈਂ।
ਭਾਵੇਂ ਸੈਂ ਤੂੰ ਆਟੇ ਵਿੱਚ ਲੂਣ ਵਾਂਙੂ
ਪਰ ਇਹ ਅਜਬ ਤੈਂ ਜੌਹਰ ਦਿਖਾਇਆ ਸੀ।
ਹਿੰਦੁਸਤਾਨ ਦੇ ਲੁੱਟਣ ਵਾਲਿਆਂ ਨੂੰ,
ਮੂੰਹ ਭੰਨ ਕੇ ਪਿਛਾਂਹ ਭੁਆਇਆ ਸੀ।
ਉਹ ਤੂੰ ਹੀ ਸੈਂ ਕਿਧਰੇ ਹੱਸ ਕੇ ਤੇ,
ਬੰਦ ਬੰਦ ਪਿਆ ਜੁਦਾ ਕਰਾ ਰਿਹਾ ਸੀ।

ਕਿਧਰੇ ਖੋਪਰੀ ਸਿਰੋਂ ਉਤਰਾ ਰਿਹਾ ਸੀ,
ਕਿਧਰੇ ਡਾਂਗਾਂ ਤੇ ਗੋਲੀਆਂ ਖਾ ਰਿਹਾ ਸੀ।
ਕਿਧਰੇ ਜਿਊਂਦਾ ਹੀ ਭੱਠੀਆਂ ਵਿੱਚ ਸੜ ਸੜ,
ਨਾਲ ਮੌਤ ਦੇ ਜੱਫੀਆਂ ਪਾ ਰਿਹਾ ਸੀ।
ਸਿਰਾਂ ਧੜਾਂ ਦੀਆਂ ਬਾਜ਼ੀਆਂ ਲਾ ਕਿਧਰੇ,
ਨਾਲ ਇੰਜਨ ਦੇ ਮੋਰਚੇ ਲਾ ਰਿਹਾ ਸੀ।
ਉਹ ਤੂੰ ਪੁੱਠੀਆਂ ਖੱਲਾਂ ਲੁਹਾ ਕੇ ਤੇ
ਫਿਰ ਵੀ ਮਸਤ ਸੈਂ ਕਿਸੇ ਬਹਾਰ ਅੰਦਰ।
ਉਹ ਵੀ ਦਿਨ ਸੀ ਜਦੋਂ ਖ਼ਿਜ਼ਾਂ ਵਾਲੇ,
ਸਿਰ ਬਿਕਦੇ ਸੀ ਤੇਰੇ ਬਜ਼ਾਰ ਅੰਦਰ।
ਲੱਖਾਂ ਹੜਾਂ ਤੂਫ਼ਾਨਾਂ ਦੇ ਅੰਦਰੇ ਵੀ,
ਤੇਰੀ ਸ਼ਾਨ ਉਵੇਂ ਬਰਕਰਾਰ ਰਹਿੰਦੀ
ਡਾਇਰ ਦੀ ਕੀਤੀ ਗੜ੍ਹੇਮਾਰ ਅੰਦਰ,
ਸਗੋਂ ਤੇਰੇ 'ਤੇ ਖਿੜੀ ਬਹਾਰ ਹੁੰਦੀ।
ਲੋਕ ਮੌਤ ਤੋਂ ਡਰਦੇ ਭੱਜਣ ਪਿੱਛੇ,
ਤੇਰੀ ਛਾਤੀ ਪਰ ਸਦਾ ਤਿਆਰ ਰਹਿੰਦੀ।
ਮੈਨੂੰ ਮਾਣ ਹੈ ਤੇਰੀਆਂ ਬਰਕਤਾਂ 'ਤੇ,
ਤੇਰੇ ਨਲੂਆਂ ਦੀ ਲੱਗੀ ਭਰਮਾਰ ਰਹਿੰਦੀ।
ਵੀਹਵੀਂ ਸਦੀ ਦੇ ਅਜਬ ਕਮਾਲ ਤੇਰੇ,
ਯਾਦ ਰਹਿਣਗੇ ਸਦਾ ਇਤਿਹਾਸ ਅੰਦਰ।
ਆਪਣੇ ਇਤਿਹਾਸ ਨੂੰ ਤੂੰ ਬਣਾਈ ਰੱਖਣਾ
ਪਿੱਛੇ ਹਟਣਾ ਨਹੀਂ ਕਿਸੇ ਵੀ ਹਾਲ ਅੰਦਰ।

ਕੀ ਹੈ?

ਹਨੇਰੀ ਹੈ, ਤੂਫ਼ਾਨ ਹੈ ਯਾ ਕਿਆਮਤ ਦਾ ਇਹ ਸਾਮਾਨ ਹੈ
ਦੈਂਤਾਂ ਦਾ ਦਲ ਕੋਈ ਆ ਗਿਆ ਯਾ ਪਾਗਲ ਹੋਇਆ ਇਨਸਾਨ ਹੈ।
ਤਾਰੇ ਚੰਦ ਹੈਰਾਨ ਹਨ, ਪਸ਼ੂ ਪੰਛੀ ਪਸ਼ੇਮਾਨ ਹਨ
ਬਨਸਪਤੀ ਸਭ ਘਾਬਰੀ, ਧਰਤੀ ਹੋਈ ਲਹੂ ਲੁਹਾਨ ਹੈ।
ਸਾਗਰ ਲਿਤਾੜੇ ਜਾ ਰਹੇ, ਵਸਦੇ ਉਜਾੜੇ ਜਾ ਰਹੇ
ਮਨੁੱਖਤਾ ਦੇ ਖਾੜੇ ਪੁੱਟ ਕੇ, ਰਚੇ ਹਵਾਈ ਅਖਾੜੇ ਜਾ ਰਹੇ।
ਅਕਾਸ਼ 'ਚ ਮਾਰੂ ਬੰਬਾਂ ਦੀ, ਸ਼ੂਕਦੀ ਭਿਆਨਕ ਅਵਾਜ਼ ਹੈ
ਕੂਕਾਂ ਪੁਕਾਰਾਂ ਵੈਣ ਨੇ, ਮਾਰੋ ਮਾਰ ਦਾ ਰਾਜ ਹੈ।
ਖਤਰੇ ਦੇ ਅਲਾਰਮ ਹੋ ਰਹੇ, ਸਾਇੰਸ ਕਰ ਰਹੀ ਕਮਾਨ ਹੈ
ਪਨਾਹਗਾਹਾਂ ਲਈ ਨੱਸ-ਭੱਜ ਹੈ, ਤਹਿਜ਼ੀਬ ਦੀ ਇਹ ਸ਼ਾਨ ਹੈ।

ਆਖਰ ਇਹ ਸਾਰੀ ਖੇਡ ਕੀ, ਗੱਲ ਕੀ ਬਣਾਈ ਜਾ ਰਹੀ
ਇਨਸਾਨੀਅਤ ਦੇ ਨਾਮ 'ਤੇ, ਖੇਹ ਕੀ ਉਡਾਈ ਜਾ ਰਹੀ?
ਡਿਕਟੇਟਰੀ ਤੇ ਡੀਫੈਂਸ ਲਈ, ਕਾਮੇ ਖਪਾਏ ਜਾ ਰਹੇ
ਸਰਮਾਇਆ ਹੈ ਸਾਰਾ ਹੁਟ ਰਿਹਾ, ਤਬਾਹੀ ਮਚਾਈ ਜਾ ਰਹੀ।
ਥਾਂ ਥਾਂ ਤੇ ਫੈਕਟਰੀਆਂ ਵਿੱਚ ਬਾਰੂਦ ਹੀ ਹੈ ਬਣ ਰਿਹਾ
ਹਰ ਇੱਕ ਕਾਰਖਾਨਾ ਟੈਂਕਾਂ ਤੇ ਤੋਪਾਂ ਬੰਦੂਕਾਂ ਜਣ ਰਿਹਾ।
ਦੁਨੀਆਂ ਦੀ ਬੇਹਤਰੀ ਇਵੇਂ ਹੀ ਹੈ? ਕਿਸ ਲਈ ਹੈ ਕੀਤਾ ਜਾ ਰਿਹਾ
ਕਿਉਂ ਸੱਭਿਅਤਾ ਦੇ ਨਾਂ ਤੇ ਸ਼ੈਤਾਨੀ ਦਾ, ਸਿੱਕਾ ਚਲਾਇਆ ਜਾ ਰਿਹਾ।
ਕੋਈ ਗੱਲ ਨਹੀਂ.....ਆਖਰ ਨਹੀਂ ਕਿਧਰੇ ਆ ਗਈ
ਇਹ ਮਾਦਾਪ੍ਰਸਤੀ ਨਾਗਣੀ ਹੈ ਜਾਏਂ ਆਪਣੇ ਖਾ ਰਹੀ।
ਇਸ ਦੇ ਕਪਟੋ ਫਰੇਬ ਤੋਂ, ਮਨੁੱਖਤਾ ਹੋਈ ਨਰਾਜ਼ ਹੈ
ਢਾਹ ਕੇ ਦੁਨੀਆਂ ਵਸਾਣ ਲਈ, ਤੇ ਬੇਤਾਬ ਹੋਇਆ ਸਮਾਜ ਹੈ।
ਡਿਕਟੇਟਰਾਂ ਦੀਆਂ ਹੱਡੀਆਂ ਦੀ, ਰੋੜੀ ਹੈ ਕੁੱਟੀ ਜਾ ਰਹੀ
ਸਰਮਾਏਦਾਰੀ ਦੀ ਹਿੱਕ 'ਤੇ, ਇਹ ਨੀਂਹ ਪੁੱਟੀ ਜਾ ਰਹੀ।
ਸਾਂਝੇ ਰੱਬ ਦੇ ਨਕਸ਼ਾਂ 'ਤੇ, ਦੁਨੀਆਂ ਵਸਾਈ ਜਾਏਗੀ
ਰੋੜੇ ਸਭ ਭੰਨੇ ਜਾਣਗੇ, ਧਰਤੀ ਪਧਰਾਈ ਜਾਏਗੀ।
ਕੁਝ ਹੋਏਗਾ ਕੁਝ ਹੋਏਗਾ, ਹੋ ਕੇ ਜਰੂਰ ਕੁਝ ਰਹੇਗਾ
ਕੁਦਰਤ ਦਾ ਬੇਟਾ ਮਨੁੱਖ ਇਹ, ਹੱਤਕ ਨਹੀਂ ਆਪਣੀ ਸਹੇਗਾ।
ਕਾਰਖਾਨੇ ਬਾਰੂਦ ਹਥਿਆਰਾਂ ਦੇ, ਆਪੇ ਹੀ ਫੂਕੇ ਜਾਣਗੇ
ਰਕੀਬਾਂ ਦੀ ਸੁਣੀ ਜਾਏਗੀ, ਸ਼ਾਂਤੀ ਦੇ ਬੱਦਲ ਆਣਗੇ।

(26-1-43)

ਹਿੰਦੁਸਤਾਨੀ ਦੇ ਨਾਮ ਸੰਦੇਸ਼

ਓ ਅਜ਼ਾਦੀ ਦਿਆ ਮਸਤਾਨਿਆ! ਉੱਠ ਧੁੰਮੜ ਪਾ ਦੇ
ਸਿਰ ਦੇ ਕਫ਼ਨ ਬੰਨ੍ਹ ਕੇ ਤਰਥਲ ਮਚਾ ਦੇ
ਸ਼ਾਂਤੀ ਕੋਈ ਨਹੀਂ ਮੰਨਦਾ, ਛੋੜ ਮਾਦਮ ਤਸ਼ੱਦਦ
ਓ ਰਣ ਦੇ ਅੰਦਰ ਆਣ ਕੇ ਖੰਡਾ ਖੜਕਾ ਦੇ।
ਕਿੰਨਾ ਚਿਰ ਤੂੰ ਸਹੇਂਗਾ, ਆਪਣੀ ਬਰਬਾਦੀ
ਰੈਜ਼ੋਲਿਊਸ਼ਨਾ ਨਾਲ ਨਹੀਂ, ਮਿਲਣੀ ਅਜ਼ਾਦੀ
ਜਲਵਾ ਆਪਣੇ ਹੱਥਾਂ ਦੇ, ਦੁਨੀਆਂ ਨੂੰ ਦਿਖਾ ਦੇ
ਸ਼ੇਰਾ! ਭਬਕ ਇੱਕ ਮਾਰ ਕੇ, ਜੰਗਲ਼ ਗੂੰਜਾ ਦੇ।
ਨੜੀਆਂ ਨੌਆਬਾਦੀਆਂ, ਨਿੱਤ ਨਿੱਤ ਦੇ ਲਾਰੇ
ਮਿੱਠੇ ਮਿੱਠੇ ਹੌਂਸਲੇ, ਦਿਲ ਕੋਹਣ ਵਾਲੇ
ਨਾ ਸੁਣ ਇਹ ਚਾਪਲੂਸੀਆਂ, ਇਹ ਆਸ ਚੁਕਾ ਦੇ
ਲੈਣ ਕੁਝ ਸਿਰਾਂ ਧੜਾਂ ਦੀ, ਚਾ ਬਾਜੀ ਲਾ ਦੇ।
ਚਿੜੀ ਸੋਨੇ ਦੀ ਹੱਥ ਆਈ, ਰੱਖੀ ਕੈਦ ਖ਼ਾਨੇ

ਸੁਖੀ ਸਾਂਦੀ ਛੱਡਣ ਕਿਉਂ ਉਹ ਪੁੱਤ ਬਿਗਾਨੇ
ਜ਼ੋਰ ਫਰੇਬੀ ਲਈ ਏ, ਤੂੰ ਵੀ ਬਲ ਲਾ ਦੇ
ਮਾਰ ਤੜਾਕਾ ਤੋੜ ਦੇ, ਗੜ੍ਹ ਕੁਫ਼ਰ ਦੇ ਢਾਹ ਦੇ।
ਮਿੰਨਤਾਂ ਨਹੀਂ ਕਿਸੇ ਮੰਨਣੀਆਂ, ਤਰਲੇ ਨਹੀਂ ਸੁਣਨੇ
ਤਰਸ ਨਹੀਂ ਕੋਈ ਜਾਣਦਾ, ਸਭ ਲੱਗੇ ਘੁਣ ਨੇ
ਆਪੇ ਨਵੀਆਂ ਉਸਾਰੀਆਂ, ਫਿਰ ਆਪ ਹੋ ਜਾਸਣ
ਇੱਕ ਵਾਰ ਭੂਚਾਲ ਲਿਆ, ਕੋਇਟਾ ਗਰਕਾ ਦੇ।
ਸਦੀਆਂ ਨੇ ਕਈ ਬੀਤੀਆਂ ਹੁਣ ਜਾਗਣਾ ਨਹੀਂ ਏ
ਤੌਂਕ ਗੁਲਾਮੀ ਦਾ ਗਲ਼ੋਂ ਅਜੇ ਤਿਆਗਣਾ ਨਹੀਂ ਏ
ਚੁੱਪ ਕੀਤੇ ਸਹੀ ਜਾਣ ਦੀ ਇਹ ਬਾਣ ਭੁਲਾ ਦੇ
ਘਰ ਵਿੱਚ ਜੇ ਖ਼ੁਸ਼ੀ ਲੱਭਣੀ, ਉੱਥੇ ਸਿਆਪੇ ਪੁਆ ਦੇ।
ਤੇਰੇ ਦੇਸ ਦੀ ਆਨ ਸ਼ਾਨ ਰੁਲ ਗਈ ਵਿੱਚ ਘੱਟੇ
ਮਾਲ ਦੌਲਤ ਸਭ ਪਤਾ ਨਹੀਂ, ਕਿਤੇ ਪੈ ਰਹੇ ਖੱਡੇ
ਵੱਡੇ ਏਸ ਅਮੀਰ ਦੇ, ਬੱਚੇ ਨੇ ਰੋਂਦੇ
ਭੁੱਖੇ ਨੰਗੇ ਫਿਰ ਰਹੇ, ਵਾਲ ਸਿਰ ਦੇ ਖਹੋਂਦੇ।
ਪੁੱਠੀਆਂ ਕੀ ਧੁਰੋਂ ਪੈ ਗਈਆਂ, ਸਿੱਧੀਆਂ ਕਰਵਾ ਦੇ
ਫੜ ਕੇ ਰੱਬ ਦੀ ਕਲਮ ਆਪ, ਕਿਸਮਤ ਪਲਟਾ ਦੇ
ਨਹੀਂ ਪਲਟਾਊ ਨਾ ਸਈ, ਨਵੀਂ ਲਿਖਵਾ ਦੇ
ਕੀਤਿਆਂ ਹੀ ਕੁਝ ਹੋਵਣਾ, ਆਪੇ ਨਹੀਂ ਹੋਣਾ
ਸੂਰਤ ਸ਼ਕਲ ਗੁਲਾਮੀ ਦੀ, ਇੱਕ ਵਾਰ ਉਡਾ ਦੇ।
ਪੜੀਆਂ ਪੈਂਟਾ ਪਾਉਣੀਆਂ, ਇਹ ਨਾ ਹੁਣ ਫੱਬਣ
ਇਹ ਨਿਸ਼ਾਨ ਗੁਲਾਮ ਦੇ, ਪਏ ਭੈੜੇ ਲੱਗਣ

ਬਣ ਜਾ ਬੰਦਾ ਭਾਰਤੀ, ਗਲੋਂ ਯੋਰਪ ਲਾਹ ਦੇ
ਟਾਈਆਂ ਟੜੀਆਂ ਟੋਪੀਆਂ, ਪਰੇ ਦੂਰ ਵਗਾਹ ਦੇ।
ਐਨਕ ਸ਼ੈਨਕ ਬੂਟ ਸੂਟ ਇਹ ਹੈਟ ਹਟਾ ਦੇ
ਇਹ ਗੀਤ ਬਿਗਾਨੇ ਦੇਸ ਦੀ, ਇਹ ਜਲ ਪ੍ਰਵਾਹ ਦੇ
ਸ਼ਾਹ ਤੈਮੂਰ ਜਾਂ ਹਿੰਦ ਤੇ ਸੀ ਕਰੀ ਚੜ੍ਹਾਈ
ਕਰ ਗੁਲਾਮ ਅਸਾਂ ਨੂੰ ਸੀ ਟੋਪੀ ਪੁਆਈ।
ਵਰਦੀ ਇਹ ਗੁਲਾਮ ਦੀ, ਹੁਣ ਤਾਂ ਤੂੰ ਲਾਹ ਦੇ
ਅਣਖ ਵੀ ਕੋਈ ਚੀਜ਼ ਹੈ, ਇਨੂ ਪਰੇ ਵਗਾਹ ਦੇ
ਛੱਡ ਦੇ ਚਾਹ ਪਿਆਲੀਆਂ, ਕੇਕ ਬਿਸਕੁਟ ਖਾਣੇ
ੳ ਰੁਖੀ ਮਿਸੀ ਖਾਇਕੇ, ਇਹ ਵਕਤ ਲੰਘਾ ਦੇ।
ਐਪਰ ਦੇਸ ਤੇ ਕੌਮ ਲਈ ਸਭ ਕੁਝ ਲੁਟਾ ਦੇ
ਬੈਠ ਗਪੌੜੇ ਮਾਰਨੇ ਖੁੰਢਾਂ ਦੇ ਉੱਤੇ ਤਾਸ਼ਾਂ ਜੂਏ ਖੇਡਣੇ ਪਏ ਰਹਿਣਾ ਸੁੱਤੇ
ਹੱਥ ਤੇ ਹੱਥ ਧਰ ਬਹਿਣ ਦਾ, ਇਹ ਢੰਗ ਬਦਲਾ ਦੇ
ਉਠ ਉਇ ਬੀਰਾ ਦੇਸ ਵਿੱਚ ਇਨਕਲਾਬ ਲਿਆ ਦੇ।
ਜਾਗ ਓਇ ਰੁਸਤਮਾ ਹਿੰਦੀਆ, ਉੱਠ ਥਾਪੀ ਲਾ ਦੇ
ਦੁਸ਼ਮਨਾਂ ਕਾਇਰਾਂ ਪਾਮਰਾਂ ਨੂੰ ਭਾਜੜ ਪਾ ਦੇ
ਯੂਨੀਅਨ ਜੈਕ ਫਲੈਗ ਦੇ ਧੁਰਰੇ ਉਡਾ ਦੇ
ਹਿੰਦੁਸਤਾਨੀ ਕੌਮ ਦਾ ਝੰਡਾ ਝੂਲਾਅ ਦੇਂ।
ਕੀ ਕਿਸੇ ਦਾ ਹੱਕ ਹੈ, ਆ ਹੁਕਮ ਚਲਾਏ
ਆ ਇਨਸਾਨੀ ਜਾਤ ਨੂੰ ਹੈਵਾਨ ਬਣਾਏ
ਭੁੱਲੇ ਹੋਏ ਮਨੁੱਖ ਨੂੰ ਚੱਲ ਹੋਸ਼ ਲਿਆ ਦੇ
ਆਪਣੇ ਹੱਕ 'ਤੇ ਰਹਿਣ ਦਾ ਚਾ ਸਬਕ ਪੜ੍ਹਾ ਦੇ।

ਹਿੰਦੀ ਨੂੰ ਹਲੂਣਾ

ਉਠ ਓਇ ਜਾਗ ਓਇ ਸੁੱਤੇ ਹੋਏ ਹਿੰਦੀਆ।
ਸਦਾ ਸੁੱਤੇ ਰਹਿਣਾ ਕੀ ਏਹੋ ਤੇਰਾ ਹਾਲ ਹੈ।
ਚੋਰਾਂ ਤੇਰਾ ਲੁਟਿਆ ਜੇ ਤਖਤਿ ਤਾਊਸ ਵੀ,
ਖੁਲ੍ਹਾ ਪਿਆ ਘਰ ਤੇਰਾ ਚੋਫਾਲ ਹੈ।
ਕੋਹਿਨੂਰ ਹੀਰਾ ਤੇਰਾ ਕੋਈ ਲੁੱਟ ਕੇ ਲੈ ਗਿਆ,
ਭੁੱਖੇ ਬਾਜ਼ ਵਾਂਗੂ ਮਾਰ ਝੁੱਟ ਲੈ ਗਿਆ।
ਤੈਨੂੰ ਨਹੀਂ ਪਤਾ ਓਵੇਂ ਲੁਟ ਜਾਰੀ ਏ,
ਭੰਗ ਜਾਂ ਪਿਲਾ ਕੇ ਤੇਰੀ ਮਤ ਮਾਰੀ ਏ।
ਹੋਸ਼ ਕਰ ਹੋਸ਼ ਕਰ, ਕੀ ਇਹ ਤੇਰਾ ਦੇਸ ਨਹੀਂ,
ਜਾਂ ਮੈਂ ਹੀ ਭੁਲਾਂ, ਤੇਰਾ ਮਰਦ ਦਾ ਭੇਸ ਨੀ।
ਛੱਡ ਦੇ ਇਹ ਵਹਿਮ ਇਨ੍ਹਾਂ ਘੁੱਟੀ ਤੇਰੀ ਜਾਨ ਏ,

ਤੈਨੂੰ ਅੱਜ ਪਤਾ ਨਹੀਂ ਕਿੱਥੇ ਪਹੁੰਚਿਆ ਜਹਾਨ ਏ।
ਕਿੱਥੇ ਗਿਆ ਜਰਮਨ ਕੀ ਬਣਿਆ ਜਪਾਨ ਏ,
ਕਿੱਥੇ ਅਮਰੀਕਾ ਤੇ ਇੰਗਲਸਤਾਨ ਏ।
ਤੇਰੀ ਅਜੇ ਮੁੱਕੀ ਨਹੀਂ ਪੜ੍ਹਤ ਪੁਰਾਣੀ ਓਇ,
ਅੱਗੇ ਵਧੀ ਜਾਂਦੀ ਸਾਰੀ ਸਾਥੀਆਂ ਦੀ ਢਾਣੀ ਓਇ।
ਵੇਹਲਾ ਬੈਠ ਵਤਨ ਦੀ ਕਰ ਪਟੀ ਮੇਸ ਨਾ,
ਢੱਠੀ ਹੋਈ ਜਿੰਦੜੀ ਨੂੰ ਲਾ ਹੋਰ ਠੇਸ ਨਾ।
ਬਣ ਕੇ ਤੈਂ ਬੈਲ ਅਜੇ ਕਿੰਨੇ ਚਿਰ ਚਲਣਾ,
ਆਦਮੀਆਂ ਦੇ ਵਿੱਚ ਅਜੇ ਨਹੀਂ ਜੇ ਰਲ਼ਣਾ।
ਕਿੰਨਾ ਚਿਰ ਮਾਰ ਤੂੰ ਬਿਦੇਸੀਆਂ ਦੀ ਸਹਿਣੀ ਏ,
'ਹਾਂ ਹਜ਼ੂਰ' ਕਿੰਨਾ ਚਿਰ ਇਨ੍ਹਾਂ ਮੂਹਰੇ ਕਹਿਣੀ ਜੇ।
ਕਿੰਨਾ ਚਿਰ ਬਾਕੀ ਅਜੇ ਪਹਿਰਾ ਤੈਂ ਬਜੌਣਾ ਏ,
ਗੋਰਿਆਂ ਦੇ ਬੂਹੇ ਕਿੰਨਾ ਸਮਾਂ ਬਿਹਾਉਣਾ ਜੇ।
ਸਦਾ ਮਿਹਮਾਨਾਂ ਦੀ ਸੇਵਾ ਕਰੀ ਜਾਣੀ ਏ,
ਇਨ੍ਹਾਂ ਲਈ ਅਣਖ ਆਨ ਗਹਿਣੇ ਧਰੀ ਜਾਣਾ ਏ।
ਘਰਬਾਰ ਆਪਣੇ ਦੀ ਕਾਰ ਗਿਉਂ ਭੁੱਲ ਤੂੰ,
ਗੋਰੇ ਗੋਰੇ ਪਿੰਡੇ ਵੇਖ ਐਵੇਂ ਗਿਓਂ ਡੁੱਲ੍ਹ ਤੂੰ।
ਸਾਹਿਬ ਕਿਉਂ ਕਹੇ ਤੂੰ ਨੀਤ ਦੇ ਕੰਗਾਲ ਨੂੰ,
ਸਮਝਦਾ ਤੂੰ ਨਹੀਂ ਟੋਪੀ ਵਾਲ਼ਿਆਂ ਦੀ ਚਾਲ ਨੂੰ।
ਦੱਸ ਤੈਨੂੰ ਇਨ੍ਹਾਂ ਕੀ ਦਿੱਤਾ ਤੇ ਦਿਵਾਇਆ ਏ,
ਖ਼ਾਤਰ ਤੈਂ ਏਸ ਦੀ ਜਾ ਖ਼ੂਨ ਵੀ ਵਹਾਇਆ ਏ।
ਜਰਮਨ ਤੇ ਚੀਨ ਵਿੱਚ ਜਾ ਜਾ ਸੈਂ ਤੂੰ ਲੜਿਆ,

ਜਿੱਥੇ ਜਿੱਥੇ ਕਿਹਾ ਉੱਥੇ ਉੱਥੇ ਜਾ ਮਰਿਆ।
ਕਦਰ ਤੇਰੀ ਕੱਖ ਜਿੰਨੀ ਇਨ੍ਹਾਂ ਕਦੇ ਪਾਈ ਹੈ?
ਠਾਰਾਂ, ਕੁ ਰੁਪਈਏ ਸਾਰੀ ਨੌਕਰੀ ਲਗਾਈ ਏ।
ਕੁਝ ਹੁਣ ਦਿੱਤੇ ਸਮੁੰਦਰ ਵਿੱਚ ਰੋੜ੍ਹ ਨੇ,
ਤੇਰੇ ਸੋਹਣੇ ਵੀਰ ਦਿੱਤੇ ਮੌਤ ਘਰ ਤੋਰ ਨੇ।
ਦਿਲ ਦੇ ਅਰਮਾਨ ਲੈ ਗਏ ਦਿਲ ਵਿੱਚ ਹੀ,
ਵਤਨ ਦੀ ਯਾਦ ਸੁੱਤੀ ਰਹਿ ਗਈ ਵਿੱਚ ਵਿੱਚ ਹੀ।
ਮਿਸਰ ਵਿੱਚ ਵੇਖ ਹੁਣ ਤੇਰੀ ਛਿਲ ਲਾਹੀਦੀ,
ਤੇਰੇ ਸੋਹਣੇ ਬਾਂਕਿਆਂ ਦੀ ਫ਼ੌਜ ਅੱਗੇ ਡਾਹੀਦੀ।
ਨਾਜ਼ੀਆਂ ਦੇ ਬੰਬਾਂ ਥੱਲੇ ਸ਼ੋਲੇ ਹੋ ਰਹੇ,
ਖ਼ਾਤਰ ਬਿਦੇਸੀਆਂ ਦੀ ਤੇਰੇ ਕੋਲੇ ਹੋ ਰਹੇ।
ਤੈਨੂੰ ਅਜੇ ਖ਼ਬਰ ਨਹੀਂ ਕੀ ਕੀ ਬਣ ਰਿਹਾ,
ਗੋਰਾ ਕਾਲਾ ਕਾਲ ਲੰਬਾ ਜਾਲ ਤਣ ਰਿਹਾ।
ਨੜੀ ਨੌਅਬਾਦੀਆਂ ਦੇ ਲਾਵੇਂ ਹੁਣ ਲਾਰੇ ਏ,
ਵਾਅਦੇ ਇਹਨੇ ਕੀਤੇ ਹੈਨ ਝੂਠੇ ਸਾਰੇ ਇਹ।
ਝੂਠੀ ਏ ਜ਼ਬਾਨ ਇਹਦੀ ਨਿਮਕ ਹਰਾਮ ਇਹ,
ਠੱਗੀ ਧੋਖੇਬਾਜ਼ੀ ਕਰਨਾ ਕੰਮ ਇਹਦਾ ਆਮ ਏ।
ਅਜ਼ਾਦੀ ਦੀ ਮੰਗ ਲਈ ਤਰਲੇ ਹੁਣ ਭਰੀਂ ਨਾ,
ਮਿੱਠੀਆਂ ਮਿੱਠੀਆਂ ਗੱਲਾਂ ਸੁਣ ਯਕੀਨ ਹੁਣ ਕਰੀਂ ਨਾ।
ਜਿਹਦੀ ਹੋਵੇ ਲਾਠੀ ਉਹਦੀ ਭੈਂਸ ਹੁੰਦੀ ਹੈ,
ਬਲ ਨਾਲ਼ ਹੁਣ ਲਾੜੀ ਆਜ਼ਾਦੀ ਵਿਆਹੁਣੀ ਏ।

(22-4-41)

ਭਾਰਤ ਦਾ ਤ੍ਰਾਹ

ਮੇਰਾ ਦੇਸ ਸੋਹਣਾ ਜਰੂਰ ਹੈ, ਦੌਲਤ ਵੀ ਇਹਦੀ ਮਸ਼ਹੂਰ ਹੈ।
ਅੰਨ ਦੀ ਵੀ ਘਾਟ ਨਹੀਂ, ਹੁਸਨੀ ਵੀ ਇਹ ਭਰਪੂਰ ਹੈ।
ਲੀਡਰ ਦੀਆਂ ਕੁਝ ਮਜਬੂਰੀਆਂ, ਜਾਬਰ ਦੀਆਂ ਕੁਝ ਮਗਰੂਰੀਆਂ।
ਜੰਗ ਇੱਥੇ ਪੁੱਜਿਆ ਨਹੀਂ, ਲੋੜ੍ਹੇ ਦਾ ਪਿਆ ਫ਼ਤੂਰ ਹੈ।
ਕੋਨੇ ਕੋਨੇ 'ਚ ਚੀਕਾਂ ਪੈਂਦੀਆਂ, ਵੈਣਾਂ ਦੀਆਂ ਜੰਵਾਂ ਲਹਿੰਦੀਆਂ।
ਲੋਹੇ ਦੀਆਂ ਕੜੀਆਂ ਖਹਿੰਦੀਆਂ, ਕੁਝ ਦੁੱਖ ਹੈ ਕੁਝ ਘੂਰ ਹੈ।
ਜੇਲ੍ਹਾਂ ਦੀਆਂ ਵਲਗਣਾਂ ਵਧੀਆਂ, ਵੈਣਾਂ ਦੀ ਸਰਗਮਾਂ ਵਧੀਆਂ।
ਕੁਝ 'ਹੱਕ ਪੁਲਸੀ' ਵੱਧ ਗਏ, ਇਹ ਕੁਝ ਹੋਇਆ ਜਰੂਰ ਹੈ।
ਭਾਰਤ ਸਾਰਾ ਖੰਡਿਆ ਗਿਆ, ਵੰਡਿਆ ਗਿਆ ਵੰਡਿਆ ਗਿਆ।
ਭਰਤੀ ਦੇ ਸਾਗਰ ਹੇਠ ਕੁਝ, ਬੰਬਾਂ ਦੀ ਸ਼ੂਕਰ ਹੇਠ ਕੁਝ।
ਜੇਲ੍ਹਾਂ ਦੀਆਂ ਚੱਕੀਆਂ ਹੇਠ ਕੁਝ, ਰਹਿੰਦਾ ਬੰਦੂਕਾਂ ਹੇਠ ਕੁਝ।
ਬਾਕੀ ਦਾ ਭੁੱਖ ਦੇ ਦੁੱਖ ਨਾਲ਼, ਮਰੁੰਡਿਆ ਗਿਆ ਢੁੰਡਿਆ ਗਿਆ।
ਖਾਣ ਨੂੰ ਮਿਲਦਾ ਕੁਝ ਨਹੀਂ, ਪੀਣ ਨੂੰ ਮਿਲਦਾ ਕੁਝ ਨਹੀਂ।
ਗੱਡੀਆਂ ਸਭ ਗੱਡੀਆਂ ਗਈਆਂ ਜਾਣ ਨੂੰ ਮਿਲਦਾ ਕੁਝ ਨਹੀਂ।
ਧੱਕਾ ਹੈ, ਕੁਝ ਜ਼ੋਰ ਹੈ, ਕੁਝ ਕੁਝ ਕਿਤੇ ਭੰਨ ਤੋੜ ਹੈ।
ਕੁਝ ਕੋੜ੍ਹ ਦਾ ਵੀ ਸ਼ੋਰ ਹੈ ਕੁਝ ਹੋਰ ਹੈ ਕੁਝ ਹੋਰ ਹੈ।

(28-9-1946)

ਪੰਜਾਬ

ਜੀਵੇ ਪੰਜਾਬ ਖ਼ਾਤਰ ਮਰ ਗਏ ਪੰਜਾਬ ਖ਼ਾਤਰ,
ਕਰਦਾ ਰਖਵਾਲੀ ਰਿਹਾ ਪੁਰਖ ਅਕਾਲ ਸਾਡਾ।
ਜਿਸ ਨੇ ਵੀ ਨਜ਼ਰ ਚੁੱਕੀ ਪਿਆਰੇ ਪੰਜਾਬ ਵਲੀਂ,
ਜੀਵਨ ਮਰਨ ਦਾ ਉਸ ਨਾਲ਼ ਹੋਇਆ ਸਵਾਲ ਸਾਡਾ।
ਮੁਗਲ ਦੁਰਾਨੀ ਧੱਕੇ ਕੱਢਦੇ ਪੰਜਾਬੋਂ ਸਾਨੂੰ,
ਏਸੇ ਹੀ ਖ਼ਾਤਰ ਰਿਹਾ ਪੈਂਦਾ ਭੂਚਾਲ ਸਾਡਾ।
ਜ਼ਾਲਮਾਂ ਅੰਧੇਰ ਪਾਇਆ, ਝਖੜ ਤੂਫ਼ਾਨ ਝੁਲੇ,
ਜਗਦਾ ਰਿਹਾ ਦੀਵਾ ਐਪਰ ਉੱਚਾ ਵਿਸ਼ਾਲ ਸਾਡਾ।
ਤਾਣੇ ਤੇ ਪੇਟੇ ਵਾਂਗੂੰ ਜਿੰਦੜੀ ਇੱਕਮਿੱਕ ਸਾਡੀ,
ਅਸੀਂ ਪੰਜਾਬ ਦੇ ਹਾਂ ਪਿਆਰਾ ਪੰਜਾਬ ਸਾਡਾ।
ਸੈਦੇ ਦੇ ਤਰਲੇ ਵਾਧੂ ਹੀਰ ਤਾਂ ਰਾਂਝੇ ਦੀ ਹੀ,
ਭੌਰੇ ਹਾਂ ਆਸ਼ਕ ਇਦ੍ਹੇ ਇਹ ਫੁੱਲ ਗੁਲਾਬ ਸਾਡਾ।
ਛੱਡ ਨਹੀਂ ਸਕਦੇ ਕਿਵੇਂ ਸੋਹਣੇ ਪੰਜਾਬ ਤਾਈਂ,
ਮਰਨ ਲਈ ਡਟਿਆ ਖੜ੍ਹਾ ਚਾਲੀ ਲੱਖ ਲਾਲ ਸਾਡਾ।
ਧਰਤੀ ਆਸਮਾਂ ਬਦਲੇ ਵਤਨ ਨਹੀਂ ਛੁਟ ਸਕਦਾ,
ਮੰਦਰ ਮਸੀਤ ਗਿਰਜਾ ਏਹੋ ਧਰਮਸ਼ਾਲ ਸਾਡਾ।
ਏਹੋ ਹੀ ਜ਼ਿੰਦ ਸਾਡੀ ਏਹੋ ਹੀ ਜਾਨ ਸਾਡੀ,
ਏਸ ਨੂੰ ਦੱਸ ਛਡ ਕੇ ਹੋਊ ਕੀ ਹਾਲ ਸਾਡਾ।
ਕਿਸੇ ਵੀ ਕੀਮਤ 'ਤੇ ਇਹ ਸੌਦਾ ਨਹੀਂ ਪੁੱਗਦਾ ਸਾਨੂੰ,
ਮਿ. ਜਿਨਾਹ ਬਾਬੂ ਸਮਝੇ ਖ਼ਿਆਲ ਸਾਡਾ।
ਮਰ ਜਾਂਗੇ ਛੱਡਾਂਗੇ ਨਹੀਂ ਪੰਜਾਬ ਨੂੰ,
ਇਹੋ ਹੀ ਗੀਤ ਗਾਵੇ ਬੁੱਢਾ ਤੇ ਬਾਲ ਸਾਡਾ।

ਮੈਂ ਪੰਜਾਬੀ

ਸਮਝ ਲਓ ਚੰਗੀ ਤਰ੍ਹਾਂ ਮੈਂ ਬੀਰ ਪੰਜਾਬੀ ਹਾਂ,
ਬਣ ਕੇ ਫ਼ਕੀਰ ਸ਼ਾਨ ਰੱਖਦਾ ਨਵਾਬੀ ਹਾਂ।
ਖਾਵਾਂ ਮੈਂ ਸਾਗ ਪਿੰਨਾ ਮੱਖਣਾ ਦਾ ਪਾਇਕੇ,
ਪੀਵਾਂ ਮੈਂ ਲੱਸੀ ਤਿਓੜ ਤੇ ਛੰਡਿਆਈ ਰਗੜਾਇਕੇ।
ਮਾਰ ਕੇ ਪਚਾਕੇ ਖਾਵਾਂ ਕਦੇ ਦਾਣੇ, ਕਦੇ ਛੱਲੀਆਂ,
ਹੋਲਾਂ ਕਦੀ ਭੁੰਨਾਂ ਕਦੀ ਚੂਪਾਂ ਗੰਨੇ ਬੈਠ ਬੰਨੀਆਂ,
ਗਾਵਾਂ ਨਵੇਂ ਗੀਤ ਬੈਲ ਵਜਾਂਵਦੇ ਟੱਲੀਆਂ।
ਤਾਰਿਆਂ ਦੀ ਛਾਂਵੇਂ ਛਾਂਵੇਂ ਹਲ਼ ਨਿੱਤ ਜੋੜਦਾ,
ਫੇਰ ਕੇ ਸੁਹਾਗਾ ਇੱਟ ਵੱਟੇ ਸਭ ਫੋੜਦਾ।
ਬੋਲੀਆਂ ਜਾਂ ਪਾਵਾਂ ਮੇਰਾ ਦਿਲ ਪਵੇ ਨੱਚ ਨੀ,
ਨਵੇਂ ਰਾਗ ਛੇੜ ਛੇੜ ਆਖਾਂ ਸਦਾ ਸੱਚ ਨੀ।
ਰੰਬਾ ਦਾਤੀ ਖੁਰਪਾ ਤੇ ਕਹੀ ਬਾਜ ਤੰਗਲੀ,
ਪੰਛੀ ਖਲੋ ਜਾਂਦੇ ਵਜਾਵਾਂ ਜਦੋਂ ਵੰਝਲੀ।
ਪੰਜਾਬ ਦਾ ਕਿਸਾਨ ਮੈਂ ਪੰਜਾਬ ਦਾ ਜੁਆਨ ਹਾਂ,
ਛਿੰਜਾਂ ਦਾ ਘੁਲਾਟੀਆ ਤਕੜਾ ਭਲਵਾਨ ਹਾਂ।

ਮੇਰਾ ਪੰਜਾਬ ਹੋਰ ਤੇ ਤੇਰਾ ਹੋਰ

ਮੇਰਾ ਪੰਜਾਬ ਸਿੰਧ ਤੋਂ ਜਮਨਾ ਤੱਕ ਲਹਿਲਹਾਉਂਦਾ ਹੈ,
ਤੇਰਾ ਰਾਜਸੀ ਹੱਦ ਬੰਨਿਆਂ ਵਿੱਚ ਭੰਨਿਆ ਤੋੜਿਆ ਹੋਇਆ ਹੈ।
ਮੇਰਾ ਪੰਜਾਬ ਜੰਗਲ਼ਾਂ ਬੇਲਿਆਂ ਦਾ ਪੰਜਾਬ ਹੈ,
ਤੇਰਾ ਖੇਤਾਂ ਤੇ ਮੁਰੱਬਿਆਂ ਦਾ।
ਮੇਰੇ ਪੰਜਾਬ ਦਾ ਹਿਮਾਲਾ ਪਹਿਰੇਦਾਰੀ ਕਰਦਾ,
ਮੇਰੇ ਪੰਜਾਬ ਦੇ ਅਸਮਾਨ 'ਤੇ ਸੂਰਜ ਦੀ ਲਿਸ਼ਕ ਹੈ।
ਤੇਰਾ ਬਿਜਲੀ ਦੇ ਚਾਨਣ ਵਿੱਚ ਗੁਆਚਾ ਗੁਆਚਾ।
ਮੇਰਾ ਪੰਜਾਬ ਵੰਝਲੀਆਂ ਅਲਗੋਜ਼ਿਆਂ ਤੇ ਇੱਕ ਤਾਰਿਆਂ
ਦੀ ਛਣਕਾਰ ਨਾਲ਼ ਗੂੰਜਦਾ,
ਤੇਰਾ ਪੰਜਾਬ ਸਿਨਮੇ ਦੀਆਂ ਤਰਜਾਂ ਦਾ ਸ਼ਿਕਾਰ ਹੈ।
ਮੇਰਾ ਪੰਜਾਬ ਗਿੱਧਿਆਂ ਭੰਗੜਿਆਂ ਤੇ ਸੰਮੀ ਨਾਚਾਂ ਦਾ ਪਿੜ ਹੈ,
ਤੇਰੇ ਪੰਜਾਬ ਦਾ ਨੱਚਣ ਵਾਲ਼ਾ ਪੈਰ ਪਿੰਗਲਾ ਹੋ ਗਿਆ।
ਮੇਰਾ ਪੰਜਾਬ ਲੰਮੀ ਬਾਂਹ ਕਰਕੇ ਤੇ ਕਦੀ ਹੂੰ ਤੇ ਹਾਂ ਕਰਕੇ
ਨੱਚਣ ਵਾਲ਼ਾ ਹੈ,
ਪਰ ਹੁਣ ਨਾਚ ਦਾ ਰੰਗ ਬਦਲਿਆ।
ਮੇਰਾ ਪੰਜਾਬ ਰਾਂਝਿਆਂ ਮਹੀਵਾਲਾਂ ਜੇਹੇ ਬਾਂਕਿਆਂ ਦਾ ਹੈ,
ਤੇਰਾ ਪੰਜਾਬ ਨਸ਼ਿਆਂ ਵਿੱਚ ਮਧੋਲੇ ਗੱਭਰੂਆਂ ਦਾ।

ਮੇਰੇ ਪੰਜਾਬ ਵਿੱਚ ਦੁੱਧ ਦੀਆਂ ਨਦੀਆਂ ਵਗਦੀਆਂ ਹਨ,
ਤੇਰੇ ਵਿੱਚ ਚਾਹ ਤੇ ਕਾਫੀ ਦੀਆਂ ਚੁਸਕੀਆਂ।
ਮੇਰਾ ਪੰਜਾਬ ਨਾ ਮੁਕਤੀ ਚਾਹੁੰਦਾ ਹੈ
ਅਤੇ ਨਾ ਹੀ ਐਸ਼ਪ੍ਰਸਤੀ ਮੰਗਦਾ ਹੈ,
ਇਹ ਰੱਜ ਕੇ ਜੀਉਣਾ ਚਾਹੁੰਦਾ ਸੂਰਜ ਵਾਂਗ ਸਤਾਰਿਆਂ ਵਾਂਗ।
ਮੇਰੇ ਪੰਜਾਬ ਦੀ ਦੇਸੀ ਕਣਕ ਤੇ ਦੇਸੀ ਗੰਨਾ ਹੈ,
ਤੇਰਾ ਪੰਜਾਬ ਕੁਆਲਿਟੀ ਦੀ ਥਾਂ ਕੁਆਂਟਿਟੀ ’ਤੇ ਮਰਦਾ ਹੈ।
ਮੇਰਾ ਪੰਜਾਬ ਛੱਲੀਆਂ ਮੁਰਮਰਰਿਆਂ ਤੇ ਹੋਲ਼ਾਂ ਦਾ ਪੰਜਾਬ ਹੈ,
ਤੇਰਾ ਪੰਜਾਬ ਟਾਫੀਆਂ ਚਾਕਲੇਟਾਂ ਦਾ।
ਮੇਰਾ ਪੰਜਾਬ ਘਿਓ ਦੀ ਚੂਰੀ ਖਾਣ ਵਾਲ਼ਾ ਹੈ,
ਤੇਰਾ ਡਾਲਡੇ ਦੇ ਡੱਬੇ ਮੁਕਾਉਣ ਵਾਲ਼ਾ।
ਮੇਰਾ ਪੰਜਾਬ ਬਾਗ਼ਾਂ ਫੁਲਕਾਰੀਆਂ ਤੇ ਸਾਲੂਆਂ ’ਚ ਲਪੇਟਿਆ,
ਤੇਰਾ ਪੰਜਾਬ ਉਸ ਲਿਬਾਸ ਵਿੱਚ ਜੋ ਸ਼ਰਮ ਤੇ
ਲੱਜਾ ਦਾ ਗਹਿਣਾ ਨਹੀਂ।
ਮੇਰਾ ਪੰਜਾਬ ਦਰਿਆਵਾਂ ਨਦੀਆਂ ਨਾਲਿਆਂ ਦਾ ਹੈ,
ਤੇਰਾ ਪੰਜਾਬ ਸੂਇਆਂ ਤੇ ਖਾਲ਼ਾਂ ਦਾ।
ਮੇਰਾ ਪੰਜਾਬ ਸਾਹ ਲੈਂਦਾ ਹੈ ਤੇ,
ਤੇਰਾ ਪੰਜਾਬ ਡਸਕੋਰੇ ਭਰਦਾ।
ਮੇਰਾ ਪੰਜਾਬ ਕੱਚਿਆਂ ਨਾਲ਼ ਵੀ ਤਰਨ ਦੀ ਹਿੰਮਤ ਰੱਖਦਾ,
ਤੇਰਾ ਪੰਜਾਬ ਸੁੱਕੀਆਂ ਥਾਂਵਾਂ ਵਿੱਚ ਡੁੱਬਦਾ ਫਿਰਦਾ ਹੈ।
ਮੇਰਾ ਪੰਜਾਬ ਜ਼ਿੰਦਗੀ ਦੇ ਸਾਗਰਾਂ ਦੀ ਥਾਹ ਲੈਂਦਾ ਹੈ,
ਤੇਰਾ ਪੰਜਾਬ ਅਸਮਾਨਾਂ ਵਿੱਚ ਚੰਦ ਭਾਲ਼ਦਾ ਫਿਰਦਾ।

ਸ਼ੇਰੇ ਪੰਜਾਬ ਦੀ ਯਾਦ ਵਿੱਚ

ਓ ਬਾਂਕਿਆ ਸ਼ੇਰਾ ਪੰਜਾਬ ਦਿਆ ਵੇ,
ਕਿਕਣ ਕਰਾਂ ਮੈ ਸਿਫ਼ਤ ਬਿਆਨ ਤੇਰੀ।
ਸਾਰੇ ਪਾਸਿਓਂ ਪੂਰਾ ਰਣਜੀਤ ਸੈਂ ਤੂੰ,
ਹਰ ਇੱਕ ਦਿਲ 'ਤੇ ਉੱਕਰੀ ਏ ਸ਼ਾਨ ਤੇਰੀ।
ਤਿਰੀ ਬੀਰਤਾ ਦੀ ਧਾਂਕ ਪਈ ਡਾਢੀ,
ਕਾਬਲ ਕੰਧਾਰ ਵੀ ਮੰਨਦਾ ਸੀ ਆਨ ਤੇਰੀ।
ਭਾਵੇਂ ਸਿੱਖਾਂ ਦਾ ਤੂੰ ਬਾਦਸ਼ਾਹ ਸੀਗਾ,
ਪਰ ਸੀ ਆਪੇ ਨੂੰ ਚਾਕਰ ਸਦੌਣ ਵਾਲ਼ਾ।
ਨਾਲ਼ ਪ੍ਰੇਮ ਦੇ ਵਿੱਚ ਦਰਬਾਰ ਜਾ ਕੇ,
ਦਾੜ੍ਹੇ ਤਾਈ ਬੁਹਾਰੀ ਬਣੌਣ ਵਾਲ਼ਾ।
ਸ਼ਾਹੀ ਸਿੱਕੇ 'ਤੇ ਆਪਣਾ ਨਾਮ ਛੱਡ ਕੇ,
ਸੀ ਨਾਨਕ ਗੋਬਿੰਦ ਲਿਖੌਣ ਵਾਲ਼ਾ।
ਜੇਕਰ ਲਿਖੇ ਕਿਸੇ ਲਫਜ਼ ਮਾਣ ਵਾਲ਼ੇ,

ਝੱਟ ਉਨ੍ਹਾਂ ਥੀ ਜਾ ਮਿਟੌਣ ਵਾਲ਼ਾ।
ਤੂੰ ਹੀ ਸੈਂ ਦਰਯਾਵਾਂ ਵਹਿੰਦਿਆਂ ਨੂੰ,
ਅਟਕ ਆਖ ਕੇ ਅਟਕਾਂ ਪੌਣ ਵਾਲ਼ਾ।
ਸੋਹਣਾ ਲੱਗਾ ਨੌ ਲੱਖਾ ਜੋ ਹਾਰ ਸੋਹਣਾ,
ਨਗਰੀ ਰਾਮਦਾਸ ਦੀ ਭੇਟ ਚੜ੍ਹੌਣ ਵਾਲਾ।
ਤੂੰ ਬਖਸ਼ਸ਼ਾਂ ਦਾ ਭੰਡਾਰ ਹੈ ਸੈਂ,
ਕੀੜਿਆਂ ਬਦਲੇ ਮੋਹਰਾਂ ਸੀ ਦਾਨ ਤੇਰਾ।
ਸੁੱਟੇ ਤਵੇ ਨੂੰ ਪਾਰਸ ਬਣਾ ਕੇ ਤੇ,
ਸੋਨਾ ਕਰਨਾ ਸੀ ਕੰਮ ਮਹਾਨ ਤੇਰਾ।
ਤੇਰੇ ਦੁਨੀਆਂ ਤੋਂ ਕੂਚ ਕਰਨ ਵੇਲ਼ੇ,
ਕੂਚ ਕਰ ਗਈ ਪੰਜਾਬੀਅਤ ਪੰਜਾਬ ਵਾਲੀ।
ਤੇਰੇ ਨਾਲ਼ ਸੀ ਉਹਦਾ ਪਿਆਰ ਡਾਢਾ,
ਤੂੰ ਉਹਦਾ ਸੈਂ ਉਹ ਸੀ ਜਨਾਬ ਵਾਲੀ।
ਛੱਡ ਸਕੀ ਨਾ ਇਸੇ ਲਈ ਸਾਥ ਤੇਰਾ,
ਛੱਡੀ ਬਾਣ ਪਹਿਲੇ ਵਰਤਾਵ ਵਾਲੀ।
ਰਾਜ ਤਾਜ ਤੇ ਧਰਮ ਸੂਰਬੀਰਤਾ ਥੋਂ,
ਇਸੇ ਕਾਰਣ ਹੋ ਰਿਹਾ ਪੰਜਾਬ ਖਾਲੀ।
'ਦੀਨ' ਜਾਬਰਾਂ ਮ੍ਰਿਗਾਂ ਭਜਾਵਣੇ ਨੂੰ,
ਮਾਤ ਭੂਮੀ ਪੰਜਾਬ ਦਾ ਸ਼ੇਰ ਸੈਂ ਤੂੰ।
ਇਸ ਧਰਤੀ ਦਾ ਹੀਰਾ ਸਪੂਤ ਸੀਗਾ,
ਗੁਣ ਭੰਡਾਰ ਸਮਸ਼ੇਰ ਸੈਂ ਤੂੰ।

(ਜੂਨ 1939)

ਨਵੀਂ ਸਵੇਰ

ਮੈਂ ਗੱਭਰੂ ਪੰਜ ਦਰਿਆ ਦਾ, ਮੇਰੀ ਬੱਕੀ ਨਵੀਂ ਨਵੇਲ
ਇਹ ਜਾਵੇ ਸਾਗਰ ਚੀਰਦੀ, ਤੇ ਪਰਬਤ ਸਿੰਧ ਸੁਮੇਰ।
ਮੈਂ ਕਿੰਨੀਆਂ ਵਾਟਾਂ ਕੱਢੀਆਂ, ਕਈ ਸਾਜੇ ਸਮੇਂ ਦੇ ਫੇਰ
ਮੈਂ ਕਰਤਾ ਹਾਂ ਨਵਯੁੱਗ ਦਾ, ਤੇ ਲੋਕਰਾਜ ਦਾ ਸ਼ੇਰ।
ਮੇਰੀਆਂ ਭਬਕਾਂ ਸੁਣ ਕੇ ਕੰਬਦੀਆਂ, ਸਭ ਜੂਹਾਂ ਚਾਰ ਚੁਫੇਰ
ਮੇਰੀ ਅੱਖ ਦਾ ਸੂਰਜ ਤੱਕ ਕੇ, ਭੱਜ ਜਾਂਦਾ ਫੇਰ ਅਨ੍ਹੇਰ।
ਮੈਂ ਮਿੱਟੀ ਸੋਨਾ ਕਰ ਦਿਆਂ ਜੇ ਦਿਆਂ ਕਿਤੇ ਹੱਥ ਫੇਰ
ਮੇਰੇ ਹਲ਼ ਦੇ ਬਾਲ ਇਹ ਕਪੜੇ, ਤੇ ਕਣਕਾਂ ਸੰਦੇ ਢੇਰ।

ਮੇਰੀ ਕਰਾਮਾਤ ਨੂੰ ਮੰਨਦੇ, ਕਈ ਦਿਉਤੇ ਵਲੀ ਦਲੇਰ
ਕਿਸਮਤ ਵੀ ਪ੍ਰੇਸ਼ਾਨ ਹੈ ਦੇਖ ਨਵੇਂ ਨਵੇਂ ਮੇਰੇ ਖੇਲ।
ਮੈਂ ਜੁਆਲਾਮੁਖੀ ਤੂਫ਼ਾਨ ਹਾਂ, ਕੋਈ ਝੱਖੜ ਦਿਆਂ ਉਡੇਲ
ਜੀ ਕਰਦਾ ਇੱਕ ਇਨਕਲਾਬ ਹੋਰ, ਲਿਆ ਦੇਖਾਂ ਇੱਕ ਵੇਰ।
ਇਸ ਜ਼ਾਲਮ ਸਾਮਰਾਜ ਦੇ ਸਭ ਪੱਤਰੇ ਦੇਵਾਂ ਉਖੇੜ
ਕੋਈ ਉੱਚਾ ਨੀਂਵਾਂ ਨਾ ਰਹੇ, ਨਾ ਰਹੇ ਮੇਰ ਤੇ ਤੇਰ।
ਹੱਸ ਹੱਸ ਕੇ ਜੀਵੇ ਜ਼ਿੰਦਗੀ, ਚੱਲੇ ਖ਼ੁਸ਼ੀਆਂ ਦਾ ਗੇੜ
ਸਾਹਮੇਂ ਮੇਰੇ ਪਏ ਨੇ, ਕਰਨਯੋਗ, ਕਈ ਕੰਮਾਂ ਦੇ ਢੇਰ।
ਇਸ ਲਈ ਮੈਂ ਆਖਾਂ ਗੋਰੀਏ! ਤੂੰ ਗੱਲ ਨਾ ਬਿਰਹੋਂ ਦੀ ਛੇੜ
ਤੇ ਨਾ ਦਰਸਾ ਸ਼ਿੰਗਾਰ ਰੂਪ, ਨਾ ਖ਼ੁਸ਼ਬੂਆਂ ਭਿੰਨੇ ਤੇਲ।
ਮੇਰੇ ਗਾੜ੍ਹੇ ਪਸੀਨੇ ਦੀ ਵਾਸਨਾ, ਬਣ ਜਾਵੇ ਅਤਰ ਫ਼ਲੇਲ
ਮੈਂ ਅੱਜ ਕੱਲ੍ਹ ਹਾੜ੍ਹੀ ਵਢਦਾ, ਮੈਨੂੰ ਇਸ਼ਕ ਦੀ ਨਹੀਂ ਜੇ ਵੇਹਲ।
ਮੇਰੀ ਦਾਤੀ ਜਾਂਦੀ ਨੱਚਦੀ, ਜਿਉਂ ਇੰਜਨ ਵਾਲ਼ੀ ਰੇਲ
ਇਸ ਹੋਰ ਕਿੰਨਾ ਕੁਝ ਵੱਢਣਾ, ਸਭ ਵਾਧੂ ਕੰਡ ਕੰਡੇਲ।
ਇਹ ਬੋਹੜ ਪੂੰਜੀਵਾਦ ਦਾ, ਤੇ ਅਮਰਵੇਲ ਦੀ ਵੇਲ
ਮੈਂ ਧਰਤੀ ਸਭ ਪਧਰਾ ਦਿਆਂ ਤੇ ਲਾਵਾਂ ਬਾਗ਼ ਚੁਫੇਰ।
ਪਏ ਖਿੜਨ ਪੁਸ਼ਪ ਰੰਗੀਲੜੇ, ਤੇ ਮਹਿਕਾਂ ਦੇਵਣ ਢੇਰ
ਇਹ ਜਨਤਾ ਜੁਗ ਜੁਗ ਜੀਏ ਪਈ, ਨਵਾਂ ਜੀਵਨ ਦਿਆਂ ਖਿਲੇਰ।
ਕਰ ਸਬਰ ਉਡੀਕੀਂ ਸੁੰਦਰੀ! ਤੇਰੀ ਸੁਣਾਂ ਕਹਾਣੀ ਫੇਰ
ਮੈਨੂੰ ਜਾ ਕੇ ਸੁਆਗਤ ਕਰਨ ਦੇ, ਆਹ ਆ ਰਹੀ ਨਵੀਂ ਸਵੇਰ।

(5-5-49)

ਜਾਗ ਪਏ ਕਿਰਸਾਨ

ਧਰਤੀ ਦੇ ਬੁੱਲ੍ਹਾਂ 'ਤੇ ਆਈ, ਚਿਰ ਪਿਛੋਂ ਮੁਸਕਾਨ
ਬੱਚੇ ਉਸ ਦੇ ਜਾਗ ਪਏ ਨੇ, ਜਾਗ ਪਏ ਕਿਰਸਾਨ
ਕਣਕਾਂ ਦੇ ਸਿਰ ਉੱਤੇ ਵੇਖੋ, ਝੂਲੇ ਵਿਜੈ ਨਿਸ਼ਾਨ
ਬੈਲਾਂ ਦੇ ਗਲ਼ ਟੱਲੀਆਂ ਵੱਜੀਆਂ, ਛਿੜੀ ਵੰਝਲੀ ਤਾਨ
ਗੱਭਰੂ ਗਾਂਦੇ ਹੱਸਦੇ ਨੱਚਦੇ, ਦੂਹਰੇ ਹੁੰਦੇ ਜਾਣ
ਖੇਤਾਂ ਅੰਦਰ ਜਗਮਗ ਜਗਮਗ, ਜਾਗ ਪਏ ਕਿਰਸਾਨ।
ਬਹੁਤਾ ਚਿਰ ਹੁਣ ਸਾਮਰਾਜ ਦਾ ਨਹੀਂ ਰਹੇਗਾ ਰਾਜ
ਇਸ ਤੂਫ਼ਾਨੀ ਹੱਲੇ ਅੱਗੇ, ਖਾਣੀ ਇਸ ਨੇ ਭਾਜ
ਅੱਜ ਇਸ਼ਆਈ ਧਰਤੀ ਉੱਤੇ, ਦੀਵੇ ਜਗਦੇ ਜਾਣ
ਕਿਵੇਂ ਅੰਧੇਰਾ ਛੁਪਿਆ ਰਹਿਸੀ, ਅੰਦਰ ਹਿੰਦੁਸਤਾਨ
ਔਹ ਵਿਗਸੀ ਪੂਰਬ 'ਤੇ ਲਾਲੀ, ਕਰਦੀ ਨਵੇਂ ਐਲਾਨ
ਵੱਜਿਆ ਬਿਗਲ ਕ੍ਰਾਂਤੀ ਵਾਲ਼ਾ, ਜਾਗ ਪਏ ਕਿਰਸਾਨ।
ਨਵੇਂ ਹੀ ਆਗੂ ਨਵੀਆਂ ਵਿਉਂਤਾਂ, ਨਵੇਂ ਹੀ ਨਵੇਂ ਨਿਸ਼ਾਨ
ਧਰਤੀ ਤੇ ਆਕਾਸ਼ ਸੁਣ ਰਿਹਾ, ਨਵਾਂ ਨਵਾਂ ਕੋਈ ਗਾਨ
ਬਾਲਾਂ ਵਾਂਗੂੰ ਨਹੀਂ ਲੜੇਗੀ, ਸੱਭਿਅਤਾ ਹੋਈ ਜੁਆਨ
ਨਾਲ਼ ਧਰਮ ਦੇ ਸਮਝੌਤਾ ਕਰਦਾ, ਦਿਸੇ ਅੱਜ ਵਿਗਿਆਨ
ਜਾਗ੍ਰਤ ਵਾਲ਼ੀ ਨਵੀਂ ਹੀ ਰਚਨਾ, ਸਾਜ ਰਿਹਾ ਭਗਵਾਨ
ਝੂਮ ਉੱਠੀ ਮਸਤਾਂ ਦੀ ਦੁਨੀਆਂ, ਜਾਗ ਪਏ ਕਿਰਸਾਨ।
ਇਸ ਦੁਨੀਆਂ ਦੇ ਤਖ਼ਤ ਦੇ ਉੱਤੇ, ਬੈਠੇਗਾ ਮਜ਼ਦੂਰ
ਕੈਸਰ ਜ਼ਾਰ ਦੇ ਭਾਈਆਂ ਤਾਈਂ, ਜਾਣਾ ਪਊ ਜਰੂਰ
ਮੰਜ਼ਲ ਮੁਕਣ 'ਤੇ ਹੈ ਆਈ, ਨਹੀਂ ਜੇ ਦਿੱਲੀ ਦੂਰ
ਕਿਰਤੀ ਦੇ ਮਸਤਕ 'ਤੇ ਦਮਕੇ, ਡੁਲ੍ਹ ਡੁਲ੍ਹ ਪੈਂਦਾ ਨੂਰ
ਮਿਹਨਤ ਕਿਰਤ ਗਰੀਬੀ ਨੇਕੀ, ਬਣਸੀ ਫਿਰ ਸੁਲਤਾਨ
ਭਾਗ ਭਲੇ ਜਾਗੇ ਜਨਤਾ ਦੇ, ਜਾਗ ਪਏ ਕਿਰਸਾਨ।

(ਜੂਨ 1949)

ਸੰਤ ਮੰਡਲੀ

ਟੈਗੋਰ ਨੂੰ ਅਸੀਂ ਛੋੜ ਬਹੇ ਪਰ ਉਸ ਜੇਹਾ ਕੋਈ ਹੋਰ ਨਹੀਂ
ਇਕਬਾਲ ਜਹੈ ਲਾਲ ਕਦ ਲੱਭਣੇ, ਕਿਸੇ ਹੋਰ 'ਚ ਵੈਸਾ ਜ਼ੋਰ ਨਹੀਂ
ਪੂਰਨ ਮਸਤਾਨੇ ਜੋਗੀ ਦੀ ਲਟਬੋਰੀ ਤੋਰ ਕੋਈ ਹੋਰ ਨਹੀਂ
ਵੀਰ ਸਿੰਘ ਗਹਿਰਾਈ ਸਾਗਰ ਦੀ, ਉਸ ਜੇਹਾ ਗੋਤਾਖੋਰ ਨਹੀਂ
ਸੰਤ ਅਤਰ ਸਿੰਘ ਜਿਉਂ ਸਿੰਘ ਗਰਜੇ, ਉਸ ਜੇਹੀ ਸੁਣੀ ਘਨਘੋਰ ਨਹੀਂ
ਰਾਮ ਤੀਰਥ ਇੱਕ ਤੀਰਥ ਸੀ, ਸਾਨੂੰ ਹੋਰ ਤੀਰਥ ਦੀ ਲੋੜ ਨਹੀਂ
ਕੌਰ ਸਿੰਘ ਅਕਾਲੀ ਜਲਾਲੀ ਸੀ, ਇਹ ਦੱਸਣ ਦੀ ਲੋੜ ਨਹੀਂ
ਇਹ ਸੰਤ ਮੰਡਲੀ ਸਤਲੁਜ ਦੀ, ਇਸ ਦਾ ਸਾਨੀ ਕੋਈ ਹੋਰ ਨਹੀਂ।

ਲਾਲੋ ਨਾਲ਼ ਗੱਲਾਂ

ਜਿੰਦਾਂ ਬੀਤੀ ਉਦਾਂ ਹੀ ਦੱਸਾਂ, ਸੁਣੀ ਜ਼ਰਾ ਕੰਨ ਲਾਇ ਵੇ ਲਾਲੋ
ਸੰਨ ਸੰਤਾਲੀ ਨੇਰ੍ਹੀ ਕਾਲੀ, ਅੰਬਰ ਧਰਤਿ ਕੰਬਾਇ ਵੇ ਲਾਲੋ
ਨੱਚੀ ਕਲਹ ਮਾਰ ਕਿਲਕਾਰੀ, ਨਾਰਦ ਡਓਰੂ ਵਾਇ ਵੇ ਲਾਲੋ
ਚੀਰਿਆ ਦੇਸ ਫਿਰੰਗੀਆਂ ਸਾਡਾ, ਖ਼ੂਨ ਦੀ ਵਗੀ ਝਨਾਇ ਵੇ ਲਾਲੋ
ਨਾ ਕੋਈ ਬਾਬਰ ਕਾਬਲੋਂ ਚੜ੍ਹਿਆ, ਨਾਹੀ ਲਸ਼ਕਰ ਆਇ ਵੇ ਲਾਲੋ
ਈਸ਼ਵਰ, ਅਲ੍ਹਾ, ਵਾਹਿਗੁਰੂ ਵਾਲ਼ੇ ਆਪਸ ਵਿੱਚ ਲੜਾਇ ਵੇ ਲਾਲੋ
ਭੁੱਲੇ ਗ੍ਰੰਥ ਤੇ ਵੇਦ ਕਿਤੇਬਾਂ, ਅਕਲ ਮੁਈ ਵਿਹੁ ਖਾਇ ਵੇ ਲਾਲੋ
ਲੀਡਰ ਰਹਿਗੇ ਹੱਕੇ ਬੱਕੇ, ਦੰਦੀ ਉਂਗਲ ਪਾਇ ਵੇ ਲਾਲੋ
ਚੱਲੇ ਛੁਰੇ ਤੇ ਵਰ੍ਹੀਆਂ ਛਵੀਆਂ, ਤਲਵਾਰਾਂ ਦਿੱਤੇ ਘਾਇ ਵੇ ਲਾਲੋ
ਬਿਨਾਂ ਜੰਗ ਤੇ ਰੰਗ ਭੂਮਿ ਦੇ, ਗੱਭਰੂ ਮਰਗੇ ਹਾਇ ਵੇ ਲਾਲੋ
ਲੱਖਾਂ ਜੋਬਨ ਬਚਪਨ ਕੋਹੇ, ਨਾਮ ਧਰਮ ਦੇ ਲਾਇ ਵੇ ਲਾਲੋ
ਨੇਜ਼ਿਆਂ ਉੱਤੇ ਲਾਸ਼ਾਂ ਟੰਗੀਆਂ, ਝੰਡੇ ਜਬਰ ਝੁਲਾਇ ਵੇ ਲਾਲੋ
ਜੋ ਆਇਆ ਸੋ ਪਾਰ ਬੁਲਾਇਆ, ਹੱਡਾਂ ਕੂੰ ਕੜਕਾਇ ਵੇ ਲਾਲੋ
ਧਰਮ ਈਮਾਨ ਦਇਆ ਉੱਠ ਭਜੀ, ਸ਼ਰਮ ਉਡੀ ਖੰਭ ਲਾਇ ਵੇ ਲਾਲੋ
ਐਸੇ ਮੱਚੇ ਘਲੂਘਾਰੇ, ਕਲਿਯੁਗ ਵੀ ਸ਼ਰਮਾਇ ਵੇ ਲਾਲੋ
ਕੰਬ ਉੱਠੀ ਰੂਹ ਬੁੱਧ ਈਸਾ ਦੀ ਨੈਣ ਨੀਰ ਭਰ ਆਇ ਵੇ ਲਾਲੋ
ਦੇਸ ਪੰਜਾਬ ਵੈਣ ਪਿਆ ਪਾਵੇ, ਮੌਤ ਸੋਹਲੇ ਗਾਇ ਵੇ ਲਾਲੋ
ਖ਼ਲਕਤ ਧਾਹਾਂ ਮਾਰੇ ਰੋਵੇ, ਕੂੰਜ ਵਾਂਙ ਕੁਰਲਾਇ ਵੇ ਲਾਲੋ
ਗੋਰਾ ਲੰਦਨ ਬੈਠਾ ਹੱਸਿਆ, ਨੱਚਿਆ ਖਿਲੀ ਪਾਇ ਵੇ ਲਾਲੋ
ਡਿਪਲੋਮੇਸੀ ਦੀ ਮਦਹੋਸ਼ੀ, ਦਿੱਤੀ ਸੁਰਤਿ ਗਵਾਇ ਵੇ ਲਾਲੋ
ਕੀ ਮੈਂ ਦੱਸਾਂ ਖੋਲ੍ਹ ਖੋਲ੍ਹ ਕੇ, ਭਾਈਆ ਭਾਈ ਮਰਾਇ ਵੇ ਲਾਲੋ

ਪੜ੍ਹਨ ਗਏ ਮੁੰਡੇ ਨਾ ਪਰਤੇ, ਮਾਪੇ ਰਹੇ ਵਿਲਲਾਇ ਵੇ ਲਾਲੋ
ਵੈਣ ਭੈਣਾਂ ਦੇ ਸੁਣੇ ਨਾ ਜਾਂਦੇ, ਵੀਰਨ ਜਿਨ੍ਹਾਂ ਗੁਆਇ ਵੇ ਲਾਲੋ
ਰੋਵਣ ਬੈਠੀਆਂ ਚੂੜੇ ਵਾਲ਼ੀਆਂ, ਕੰਤ ਨਾ ਮੁੜ ਕੇ ਆਇ ਵੇ ਲਾਲੋ
ਪਟਰੋਲਾਂ ਦੀ ਬਾਰਸ਼ ਹੋਏ, ਘਰ ਘਰ ਲੰਬੂ ਲਾਇ ਵੇ ਲਾਲੋ
ਮਹਲ ਮਾੜੀਆਂ ਫੂਕ ਫੂਕ ਕੇ ਦਿੱਤੇ ਥੇਹ ਬਣਾਇ ਵੇ ਲਾਲੋ
ਗੁੰਡਿਆਂ ਲੁੱਚਿਆਂ ਠੱਗਾਂ ਚੋਰਾਂ, ਚੰਗੇ ਲੱਗੇ ਦਾਇ ਵੇ ਲਾਲੋ
ਪਰਲੋ ਅਤੇ ਕਿਆਮਤ, ਖਬਰੇ ਹੋਰ ਕਿਸ ਤਰ੍ਹਾਂ ਆਇ ਵੇ ਲਾਲੋ
ਮਹਲਾਂ ਅਤੇ ਮੁਰੱਬਿਆਂ ਵਾਲ਼ੇ, ਹੋ ਬੇਵਤਨ ਸਿਧਾਇ ਵੇ ਲਾਲੋ
ਭੁੱਬਾਂ ਮਾਰਦੇ ਲੋਕੀ ਚੱਲੇ, ਦੁਨੀਆਂ ਬਣੀ ਸਰਾਇ ਵੇ ਲਾਲੋ
ਕਾਫ਼ਲਿਆਂ 'ਤੇ ਗੋਲੀਆਂ ਚੱਲੀਆਂ, ਲੁੱਟੀ ਅਸਮਤ ਜਾਇ ਵੇ ਲਾਲੋ
ਹੋਰ ਮੈਂ ਲਾਲੋ! ਕੀ ਕੀ ਦੱਸਾਂ, ਦਿਲ ਮੈਂਡਾ ਤੜਫਾਇ ਵੇ ਲਾਲੋ
ਬਹੁਤੇ ਤੇਰੇ ਹੀ ਭਾਈ ਮਾਰੇ, ਭਾਗੋ ਤਾਂ ਭੱਜ ਆਇ ਵੇ ਲਾਲੋ
ਮਿਲਟਰੀ, ਲਾਰੀ ਉਡਨ ਖਟੋਲੇ, ਮਰਦੇ ਲਏ ਬਚਾਇ ਵੇ ਲਾਲੋ
ਪਰ ਗ਼ਰੀਬ ਹੋ ਜ਼ਖ਼ਮੀ ਮਰਗੇ, ਪਾਣੀ ਘੁਟੋਂ ਤਿਹਾਇ ਵੇ ਲਾਲੋ
ਰਹਿੰਦੇ ਖੂੰਹਦੇ ਭੁੱਖ ਨਾਲ਼ ਘੁਲਦੇ, ਬੈਠੇ ਕੈਂਪ ਲਗਾਇ ਵੇ ਲਾਲੋ
ਢਿਡੋਂ ਭੁੱਖੇ ਵਿਲਕਣ ਬੱਚੇ, ਚੱਪਾ ਟੁੱਕ ਨਾ ਥਿਆਇ ਵੇ ਲਾਲੋ
ਕਫ਼ਨਾਂ ਕੰਨੀਓਂ ਲਾਸ਼ਾਂ ਪਈਆਂ, ਕਾਈ ਨਾ ਚਲੀ ਵਾਹ ਵੇ ਲਾਲੋ
ਰਾਸ਼ਨ ਲੋਨ, ਸਰਕਾਰੀ ਗ੍ਰਾਂਟਾਂ, ਮਲਕ ਭਾਗੋ ਗਏ ਖਾ ਵੇ ਲਾਲੋ
ਇਹ ਹੁਣ ਕਾਂਡ ਸਮਾਪਤ ਹੋਇਆ, ਕਵੀ ਇਉਂ ਬਚਨ ਸੁਣਾਇ ਵੇ ਲਾਲੋ
ਮਲਕਸ਼ਾਹੀ ਦੀ ਪਤਝੜ ਮੁੱਕੀ, ਰੁੱਤ ਬਸੰਤ ਦੀ ਆਇ ਵੇ ਲਾਲੋ
ਤੇਰੀ ਕੋਧਰੇ ਵਾਲ਼ੀ ਰੋਟੀ, ਜਲਵਾ ਨਵਾਂ ਦਿਖਾਇ ਵੇ ਲਾਲੋ
ਆ ਰਿਹਾ ਇੱਕ ਨਵਾਂ ਜ਼ਮਾਨਾ ਤੈਨੂੰ ਤਖਤ ਬਿਠਾਇ ਵੇ ਲਾਲੋ।

(25-10-1948)

ਪਿੰਡ ਨੂੰ ਬਚਾਓ

ਜੀ ਪਿੰਡ ਨੂੰ ਬਚਾਓ ਮੇਰਾ ਪਿੰਡ ਮੁੱਕ ਚੱਲਿਆ
ਨੀ ਗਿਧੇ ਨੂੰ ਮਨਾਓ ਸਾਥੋਂ ਗਿੱਧਾ ਰੁਸ ਚੱਲਿਆ।
ਤ੍ਰਿੰਞਣਾਂ ਦੇ ਬਾਗ਼ ਉਹ ਵਿਰਾਨ ਸਾਰੇ ਹੋ ਗਏ
ਛਿੰਝਾਂ ਖਾੜਿਆਂ ਦੇ ਥਾਂ ਬੀਆਬਾਨ ਹੋ ਗਏ।
ਜ਼ਿੰਦਗੀ ਦਾ ਹਰਾ ਭਰਾ ਬੂਟਾ ਸੁੱਕ ਚੱਲਿਆ
ਜਾਂਦਾ ਜਾਂਦਾ ਕਾਫ਼ਲਾ ਇਹ ਕਿੱਦਾਂ ਰੁਕ ਚੱਲਿਆ।

ਸਾਰੰਗੀ ਨਗੋਜੇ ਅਤੇ ਢੱਡ ਕਿੱਥੇ ਭੱਜਗੀ
ਲੋਕ ਗੀਤਾਂ ਵਾਲੀ ਹਾਇ ਪੱਗ ਕਿਤੇ ਲੱਥਗੀ।
ਚੂੜੇ ਵਾਲੀ ਬਾਂਹ ਹੁਣ ਕੌਣ ਦੱਸ ਉਲਾਰੇਗਾ
ਕੇਹੜਾ ਰਾਂਝਾ ਬਾਰਾਂ ਵਰ੍ਹੇ ਮੱਝੀਆਂ ਚਰਾਏਗਾ
ਮੱਝੀਆਂ ਬੇਗਾਨੀਆਂ ਨੂੰ ਹੂੰਗਰ ਕੌਣ ਮਾਰੇਗਾ
ਕੀਹਨੇ ਕੱਚੇ ਘੜਿਆਂ 'ਤੇ ਨਦੀਆਂ ਨੂੰ ਤਰਨਾ ਏ
ਕੇਹੜੀ ਸੱਸੀ ਜਾ ਕੇ ਤੱਤੇ ਥਲਾਂ ਵਿੱਚ ਸੜਨਾ ਏ।
ਡਾਚੀਆਂ ਦੀਆਂ ਪੈੜਾਂ ਨੂੰ ਕੌਣ ਹੁਣ ਪਛਾਣੇਗਾ
ਯਾਰ ਦੀਆਂ ਨਿਸ਼ਾਨੀਆਂ ਕੌਣ ਪੁਣ ਛਾਣੇਗਾ।
ਮੋਤੀਆਂ ਦਾ ਥਾਲ ਕੌਣ ਪੂਰਨ ਲਈ ਲਿਆਏਗਾ
ਕੇਹੜਾ ਜੋਗੀ ਸੁੰਦਰਾਂ ਨੂੰ ਜਲਵਾ ਦਿਖਾਏਗਾ।
ਗੋਰਖ ਦਾ ਟਿੱਲਾ ਖੁਰ ਖੁਰ ਚੱਲਿਆ
ਜੋਗੀਆਂ ਦਾ ਧੂਣਾ ਬੁਝ ਬੁਝ ਚੱਲਿਆ
ਪਿੰਡ ਨੂੰ ਬਚਾਓ ਮੇਰਾ ਪਿੰਡ ਮੁੱਕ ਚੱਲਿਆ।
ਵੰਝਲੀ ਦੀ ਵਾਜ ਵੀ ਕਿਤੇ ਕੋਈ ਆਵੇ ਨਾ
ਕੋਈ ਗੋਰੀ, ਕਿਸੇ ਪਿੜ ਝਾਂਜਰ ਛਣਕਾਵੇ ਨਾ।
ਕਿਸੇ ਖੂਹ ਉੱਤੇ ਕੋਈ ਡੋਲ ਖੜਕਾਵੇ ਨਾ
ਆਉਂਦੇ ਜਾਂਦੇ ਪਾਂਧੀਆਂ ਨੂੰ ਪਾਣੀ ਕੋਈ ਪਿਲਾਵੇ ਨਾ।
ਮੇਲਿਆਂ ਦਾ ਹੱਸਣਾ ਸੌਣਾ ਬੇਲਿਆਂ ਦਾ ਨੱਚਣਾ ਟੱਪਣਾ
ਸਭ ਰੁੜ ਚੱਲਿਆ
ਪਿੰਡ ਨੂੰ ਬਚਾਓ ਮੇਰਾ ਪਿੰਡ ਮੁੱਕ ਚੱਲਿਆ।
ਭੁੱਖੀ ਤਹਿਜ਼ੀਬ ਦਾ ਦਾਣਾ ਪਾਣੀ ਰੁਲਿਆ

ਪਿੰਡ ਨੂੰ ਬਚਾਓ, ਮੇਰਾ ਪਿੰਡ ਮੁੱਕ ਚੱਲਿਆ।
ਕਰੋ ਕੁਝ ਤ੍ਰਿੰਞਣਾਂ ਦੀ ਰੌਣਕ ਜਗਾ ਦਿਓ
ਆਓ ਕੋਈ ਜ਼ਿੰਦਗੀ ਦਾ ਛੋਪ ਨਵਾਂ ਪਾ ਦਿਓ।
ਨੰਗੀ ਇਨਸਾਨੀਅਤ ਨੂੰ ਝੱਗਾ ਕੋਈ ਸਵਾ ਦਿਓ
ਬੁੱਝਦੇ ਇਸ ਦੀਵੇ ਵਿੱਚ ਤੇਲ ਹੋਰ ਪਾ ਦਿਓ।
ਕਿੱਥੇ ਦੱਸੋ ਦੁੱਧ ਦੀਆਂ ਧਾਰਾਂ ਹੈ ਨੇ ਵਗਦੀਆਂ
ਬੁੱਕ ਬੁੱਕ ਦੁੱਧ ਲਈ ਮਾਂਵਾਂ ਵੀ ਨੇ ਤਰਸਦੀਆਂ।
ਲੱਸੀ ਮੱਖਣ ਪੇੜਿਆਂ ਦੀ ਗੱਲ ਦੂਰ ਰਹਿ ਗਈ
ਚੰਦਨ ਦੇ ਚਰਖਿਆਂ ਦੀ ਘੂਕਰ ਕਿਤੇ ਸੌਂ ਗਈ।
ਕਿੱਥੇ ਗਏ ਨਕਲੀਏ ਤੇ ਕਿੱਥੇ ਰਾਸਧਾਰੀਏ
ਨੱਚਣ ਵਾਲੀ ਨਾਜ਼ੋ ਨੂੰ ਕਿੱਥੇ ਹਾਕ ਮਾਰੀਏ।
ਹੱਸਣ ਹਸਾਉਣ ਵਾਲਾ ਮੀਰ ਕਿੱਥੇ ਤੁਰ ਗਿਆ
ਢਿੱਡੀ ਪੀੜਾਂ ਪਾਉਣ ਵਾਲਾ ਫਕੀਰ ਕਿੱਥੇ ਤੁਰ ਗਿਆ।
ਤਾਰਿਆਂ ਭਰੀ ਰਾਤ ਵਿੱਚ ਕੌਣ ਮੁਸਕਾਏਗਾ
ਪਾ ਕੇ ਬੁਝਾਰਤਾਂ ਕੌਣ ਭੇਦ ਸੁਲਝਾਏਗਾ।
ਵਜਦਾ ਨਾ ਦੋਤਾਰਾ ਨਾ ਡੱਗਾ ਲੱਗੇ ਢੋਲ 'ਤੇ
ਨੱਚ ਨੱਚ ਟੱਪਦਾ ਨਾ ਕੋਈ ਕਿਸੇ ਬੋਲ 'ਤੇ।
ਜੰਗਲੀ ਕਬੂਤਰ ਨੇ ਆਲ੍ਹਣਾ ਉਠਾ ਲਿਆ
ਪਤਾ ਨਹੀਂ ਕਿਹੜੇ ਦੇਸ ਫੇਰਾ ਉਸ ਪਾ ਲਿਆ।
ਜ਼ਿੰਦਗੀ ਦਾ ਕਾਫ਼ਲਾ ਕਿਉਂ ਇੱਥੇ ਆ ਕੇ ਰੁਕ ਗਿਆ
ਸਾਗਰ ਜੋ ਲਹਿਰਾਉਂਦਾ ਕਿੱਥੇ ਆ ਕੇ ਸੁੱਕ ਗਿਆ
ਪਿੰਡ ਨੂੰ ਬਚਾਓ ਮੇਰਾ ਪਿੰਡ ਮੁੱਕ ਚਲਿਆ।

ਝਨਾਂ ਦਾ ਦੀਵਾ

ਝਨਾਂ ਕਿਨਾਰੇ ਕਈ ਹੈਨ ਸਮਾਧਾਂ
ਬਣੀਆਂ ਇਸ਼ਕ ਚੰਦਰੇ ਦੀਆਂ ਯਾਦਾਂ
ਉੱਤੇ ਦੀਵਾ ਪਿਆ ਇੱਕ ਬਲਦਾ
ਤਾਬ ਤਾਰਿਆਂ ਦੀ ਜੋ ਨਾ ਝਲਦਾ
ਟਿਮ ਟਿਮ ਟਿਮਕੇ ਵਾਂਙ ਸਿਤਾਰੇ
ਨਾਲੇ ਤਾਰਿਆਂ ਨੂੰ ਮੇਹਣੇ ਮਾਰੇ
'ਕੀ ਤੁਸੀਂ ਮਾਣ ਕਰੇਂਦੇ ਹੋ ਇਹ?
ਅਰਸ਼ ਹੁਲਾਰੇ ਲੈਂਦੇ ਹੋ ਇਹ?
ਝੂਠਾ ਮਾਣ ਤੁਹਾਡਾ ਹੈ ਇਹ
ਸੱਚਾ ਮਾਣ ਅਸਾਡਾ ਹੈ ਇਹ
ਤੁਸੀਂ ਦੁਨੀਆਂ ਤੋਂ ਹੋ ਕਿਨਾਰੇ
ਟਿਮਕੋ ਲਵੋ ਮਟਕ ਹੁਲਾਰੇ
ਮੈਂ ਪਰ ਵਿੱਚ ਦੁਨੀਆਂ ਦੇ ਚਮਕਾਂ
ਮਿੱਟੀ ਦੇ ਵਿੱਚ ਹੀਰਾ ਦਮਕਾਂ
ਚੰਗੇ ਉਹ, ਜੋ ਮੰਦੀਂ ਚੰਗੇ
ਉਹ ਕੀ ਚੰਗੇ? ਚੰਗੀਂ ਚੰਗੇ?
ਤੁਸੀਂ ਇੱਕ ਚੰਦ 'ਤੇ ਮਾਣ ਕਰੋਂ ਪਏ
ਅਸਾਂ ਝਨਾਉਂ ਕੰਢੇ ਕਈ ਚੰਦ ਚਾੜ੍ਹੇ
ਕਿੰਨੇ ਕ੍ਰਿਸ਼ਨ ਤੇ ਕਿੰਨੀਆਂ ਰਾਧਾ
ਸੁੱਤੀਆਂ ਪਈਆਂ ਵਿੱਚ ਸਮਾਧਾਂ
ਇਹ ਪਿਆ ਸਾਡਾ ਰਾਂਝਣ ਸੁੱਤਾ

ਹੀਰ ਪ੍ਰੇਮ ਦੇ ਵਿੱਚ ਪ੍ਰਤਾ
ਜੀਉਂਦਿਆਂ ਨੂੰ ਦੁਨੀਆਂ ਮੰਨਦੀ ਨਹੀਂ
ਕੋਈ ਅਕੀਦਾ ਬੰਨ੍ਹਦੀ ਨਾਹੀਂ
ਕਬਰਾਂ ਵਿੱਚ ਬੈਠੇ ਯਾਰਾਂ 'ਤੇ
ਕਰਨ ਮੇਲੇ ਆ ਮਜ਼ਾਰਾਂ 'ਤੇ
ਮੈਂ ਵੀ ਘਰੋਂ ਭੱਜ ਕੇ ਆਇਆ
ਤਖਤ ਹਜਾਰਾ ਛੱਡ ਕੇ ਆਇਆਂ
ਨੌਕਰ ਹੋ ਝਨਾਂ ਦਰਬਾਰੀ
ਹੀਰ ਦਾ ਬਣਿਆ ਆ ਪੁਜਾਰੀ
ਫਿਰ ਮੈਂ ਟੁਰ ਗੁਜਰਾਤੋਂ ਆਇਆ
ਸੋਹਣੀ ਮੈਨੂੰ ਸਬਕ ਪੜ੍ਹਾਇਆ
ਜਾਂਦੀ ਹਾਂ ਮੈਂ ਝਨਾਂ ਕਿਨਾਰੇ
ਤੂੰ ਵੀ ਆਵੀਂ ਦੀਵੇ ਪਿਆਰੇ
ਜਗਣਾ ਹੋਊ ਝਨਾਂ ਦੇ ਕੰਢੇ
ਜਿੱਥੇ ਝੂਲਣ ਇਸ਼ਕ ਦੇ ਝੰਡੇ
ਮਾਣ ਆਪਣੇ ਵਿੱਚ ਸੱਚਾ ਹਾਂ ਮੈਂ
ਸੋਹਣੀ, ਸੋਹਣੀ ਦਾ ਬੱਚਾ ਹਾਂ ਮੈਂ
ਹੀਰ ਉਸੇ ਦੀ ਭੈਣ ਵਡੇਰੀ
ਜਿੱਥੇ ਸੇਵਾ ਲੱਗੀ ਮੇਰੀ
ਕਬਰ ਉਸ ਦੀ 'ਤੇ ਜਗਾਂ ਜਗਾਵਾਂ
ਦਿਨ ਨੂੰ ਗੋਦ ਮਾਂ ਦੀ ਸੌਂ ਜਾਵਾਂ
ਲੋਕੋ ਮੈਂ ਹਾਂ ਝਨਾਂ ਦਾ ਦੀਵਾ
ਹੀਰ ਰਾਂਝੇ ਦੀ ਪ੍ਰੀਤ ਝਨਾਂ ਦਾ ਖੀਵਾ।

ਮੈਂ ਪੰਜਾਬ ਨਾ ਛੱਡ ਕੇ ਜਾਵਾਂ

ਨਾ ਅਖਾਉਤੀ ਅਜ਼ਾਦੀ ਚਾਹਾਂ
ਨਾ ਹੀ ਸ੍ਵਰਗੀ ਸ਼ਹਿਜ਼ਾਦੀ ਚਾਹਾਂ
ਮੈਂ ਪੰਜਾਬ ਦੇ ਢੋਲੇ ਗਾਵਾਂ
ਮੈਂ ਪੰਜਾਬ ਨਾ ਛੱਡ ਕੇ ਜਾਵਾਂ।
ਨਾ ਮੈਂ ਚਾਹਾਂ ਬੇਪਰਵਾਹੀਆਂ
ਨਾ ਮੈਂ ਮੰਗਦਾ ਵੱਡੀਆਂ ਸ਼ਾਹੀਆਂ
ਮੰਗਾਂ ਪੰਜਾਬ ਦੀਆਂ ਠੰਢੀਆਂ ਛਾਂਵਾਂ।
ਮੈਂ ਪੰਜਾਬ ਨਾ ਛੱਡ ਕੇ ਜਾਵਾਂ।
ਮਖ਼ਮਲੀ ਸੋਹਣੇ ਸੋਹਣੇ ਵਿਛੌਣੇ
ਮੇਰੇ ਨਾ ਕਿਸੇ ਕੰਮ ਇਹ ਔਣੇ
ਮੈਂ ਪੰਜਾਬ ਦੇ ਗੀਤ ਹੀ ਗਾਵਾਂ
ਮੈਂ ਪੰਜਾਬ ਨਾ ਛੱਡ ਕੇ ਜਾਵਾਂ।

ਛੈਲ ਕੁੜੀ ਪੰਜਾਬ ਦੀ

ਸਹੀਆਂ ਨਾਲ ਮਤਾ ਪਕਾ ਕੇ, ਕਈਆਂ ਨੂੰ ਜਾ ਘਰੀਂ ਬੁਲਾ ਕੇ
ਲੈ ਕੇ ਟੋਲੀ ਸਾਰੀ ਨੂੰ ਟੁਰ ਪਈ, ਛੈਲ ਕੁੜੀ ਪੰਜਾਬ ਦੀ।
ਦੇ ਦੇ ਗੰਢਾਂ ਪੀਚ ਪੀਚ ਕੇ, ਗੋਲ ਬਾਹੀਂ ਵਿੱਚ ਝੋਲੀ ਪਾ ਕੇ
ਜੋਗਨ ਬਣ ਕੇ ਗੰਦਲਾ ਤੋੜੇ ਕੁੜੀ ਪੰਜਾਬ ਦੀ।
ਛੇਤੀ ਛੇਤੀ ਕਾਹਲੀ ਕਾਹਲੀ, ਏਧਰ ਦੇਖੇ ਉਧਰ ਦੇਖੇ
ਤੋੜਦੀ ਜਾਂਦੀ ਟੁਰਦੀ ਜਾਂਦੀ, ਛੈਲ ਕੁੜੀ ਪੰਜਾਬ ਦੀ।
ਪੁੱਛਦੀ ਜਾਂਦੀ ਦੱਸਦੀ ਜਾਂਦੀ, ਕਿੰਨੀਆਂ ਚੀਰਨੀਆਂ ਤੋੜੀਆਂ ਭੈਣੇ
ਚਾਰ ਚੀਰਨੀਆਂ ਤੋੜੀਆਂ ਭੈਣੇ, ਦੱਸੇ ਕੁੜੀ ਪੰਜਾਬ ਦੀ।
ਕੱਚੀਆਂ ਕੱਚੀਆਂ, ਲਵੀਆਂ ਲਵੀਆਂ, ਚੁਣ ਚੁਣ ਤੋੜੇ
ਝੋਲੀ ਭਰਦੀ ਜਾਂਦੀ, ਛੈਲ ਕੁੜੀ ਪੰਜਾਬ ਦੀ।
ਸਖੀਆਂ ਨਾਲ ਹੱਸਦੀ ਖੇਡਦੀ, ਪੈਲਾਂ ਪਾਉਂਦੀ ਗੁਣਗੁਣਾਉਂਦੀ
ਕਰਕੇ ਕਠੀਆਂ ਸਾਰੀਆ ਸਹੀਆਂ, ਬੰਨ੍ਹ ਕੇ ਸਾਗ ਦੀਆਂ ਗਠੜੀਆਂ
ਮੁੜ ਆਈ ਘਰ ਤਾਈਂ, ਛੈਲ ਕੁੜੀ ਪੰਜਾਬ ਦੀ।

ਲਿਪਾਵੀ

ਕੁੜੀਏ ਤੂੰ ਨਾ ਮਿੱਟੀ ਲਾ
ਹੁਸਨ 'ਤੇ ਨਾ ਇਹ ਧੱਬੇ ਪਾ।
ਲਾਇਕ ਤੂੰ ਨਾ ਲਾਉਣ ਦੇ ਮਿੱਟੀ
ਕਿਸ ਨੇ ਮਣੀ ਘੱਟੇ ਵਿੱਚ ਸਿੱਟੀ
ਰੱਬ ਦੇਸੀ ਉਸ ਸਜ਼ਾ ।
ਦਿੱਤਾ ਹੁਸਨ ਜੇ ਤੈਨੂੰ ਸਾਈਂ
ਪਾ ਲੈ ਕਦਰ ਚਾਈਂ ਚਾਈਂ
ਇਸ 'ਤੇ ਨਾ ਧੱਬੇ ਲਾ।
ਉਛਲ ਉਛਲ ਤੂੰ ਥੋਬੇ ਲਾਵੇਂ
ਛਿੱਟੇ ਆਪਣੀ ਝੋਲੀ ਪਾਵੇਂ
ਛੱਡ ਦੇ ਇਸ ਨੂੰ ਇਸੇ ਥਾਂ।
ਜੰਪਰ ਵੀ ਤੇਰਾ ਫਟਿਆ ਫਟਿਆ
ਲੀੜਾ ਸਿਰ ਦਾ ਘਸਿਆ ਘਸਿਆ
ਜਾ ਕਪੜੇ ਨਵੇਂ ਬਦਲਾ।
ਦਿਲ ਦੇ ਅੰਦਰ ਪੋਚਾ ਫੇਰ
ਹੁਸਨ ਦੇ ਮੋਤੀ ਗਲੋਂ ਨਾ ਕੇਰ
ਜਾਹ ਵਿੱਚ ਝਨਾਂ ਦੇ ਨਹਾ।
ਕੁੜੀਏ ਤੂੰ ਨਾ ਮਿੱਟੀ ਲਾ
ਹੁਸਨ 'ਤੇ ਨਾ ਇਹ ਧੱਬੇ ਪਾ।

ਸਾਗ ਵੇਚਣ ਮੈਂ ਆਈ

ਸਾਗ ਵੇਚਣ ਮੈਂ ਆਈ ਨੀ ਕੁੜੀਓ
ਸਾਗ ਵੇਚਣ ਮੈਂ ਆਈ
ਕੋਈ ਲੈ ਲੋ ਸਰੋਂ ਦੀਆਂ ਗੰਦਲਾਂ
ਬਾਥੂ ਕੋਈ ਚਲਾਈ
ਫੇਰਾ ਸਾਡਾ ਜੋਗੀਆਂ ਵਾਲਾ
ਨਿੱਤ ਦੀ ਨਹੀਂ ਆਵਾਜਾਈ।

ਇੱਕ ਰਾਹੀ

ਕੌਣ ਸੀ ਰਾਹੀ ਨੀ ਸਾਨੂੰ ਵੀ ਦੱਸ ਖਾਂ,
ਆਈ ਏਂ ਕਿੱਥੇ ਤੂੰ ਪਹਿਰ ਲਗਾ।
ਅਸੀਂ ਹਾਂ ਥੱਕੀਆਂ ਡੀਕਦੀਆਂ ਤੈਨੂੰ,
ਖੋਲ੍ਹ ਕੇ ਸਾਰੀ ਵਿਥਿਆ ਸੁਣਾ।
ਘੜੇ ਦਾ ਪਾਣੀ ਕਿਧਰ ਗਿਆ ਨੀ,
ਮਾਂ ਨੂੰ ਜਾਸੇਂ ਘਰ ਕੀ ਵਿਖਾ।
ਲੁਕਾਵੇਂ ਕੀ ਸਾਥੋਂ, ਬੋਲ ਖਾਂ ਨੀ ਸਖੀ,
ਨਹੀਂ ਤਾਂ ਦਸਨੀਆਂ ਘਰ ਤਿਰੇ ਜਾ।

"ਰਾਹੀ ਸੀ ਕੋਈ ਪ੍ਰਦੇਸੀਆ ਅੜੀਓ,
ਕਹਿੰਦਾ ਮੈਨੂੰ ਚਾ ਪਾਣੀ ਪਿਲਾ।
ਕਿਹਾ ਮੈਂ ਕੋਈ ਨੀ ਕੋਲ ਕਟੋਰਾ,
ਆਖੇਂ ਤਾਂ ਦੇਵਾਂ ਘਰੋਂ ਲਿਆ।
ਰਾਹੀ ਮੁਸਕਰਾਇਆ, ਸੀ ਤ੍ਰਿਹਾਯਾ,
ਕਹਿੰਦਾ ਨਾ ਜਾਹ, ਬੁੱਕੀਂ ਪਿਲਾ।
ਕੀਤਾ ਉਸ ਉਂਜਲ ਮੈਂ ਹੱਥ ਘੜੇ
ਧਰ ਦਿੱਤੀ ਲਿਸ਼ਕਦੀ ਧਾਰ ਵਗਾ।
ਨੈਣ ਨੈਣਾਂ ਵਿੱਚ ਧਸ ਗਏ ਸਾਡੇ,
ਗਈ ਸੁ ਸਾਰੀ ਹੋਸ਼ ਭੁਲਾ।
ਤੋੜ ਕੇ ਬੁੱਕ ਤੇ ਖੋਲ੍ਹ ਕੇ ਉਂਗਲਾਂ
ਪੀਂਦਾ ਰਿਹਾ ਉਹ ਪਾਣੀ ਰਸਾ।
ਰਾਹੀ ਦੇ ਮੂੰਹ ਤਾਂ ਪਿਆ ਹੀ ਥੋੜ੍ਹਾ,
ਦਿੱਤਾ ਈ ਸਾਰਾ ਧਰਤੀ ਰੁੜ੍ਹਾ।
ਇਉਂ ਮੇਰੇ ਘੜੇ ਦਾ ਪਾਣੀ 'ਚ ਮੁੱਕਾ,
ਆਈ ਆਂ ਰਾਹੀ ਨੂੰ ਪਾਣੀ ਪਲਾ।
ਰਿਹਾ ਤਿਹਾਇਆ ਪਰ ਉਹ ਰਾਹੀ,
ਪਾਣੀ ਦੀ ਡੰਝ ਨਾ ਲੱਥੀ ਸੀ ਚਾ।
ਇੱਕ ਦੋ ਹੰਝੂ ਮੇਰੇ ਨੈਣਾਂ 'ਚੋਂ ਡਿੱਗੇ,
ਦਿੱਤਾ ਜਿਨ੍ਹਾਂ ਨੇ ਉਹਨੂੰ ਰਜਾ ।
ਇਉਂ ਚਿਰ ਲੱਗਿਆ ਅਗਾਂਹ ਨਾ ਦੱਸਣਾ,
ਇਉਂ ਮੇਰੇ ਘੜੇ ਦਾ ਪਾਣੀ ਮੁੱਕਾ।"

ਸੋਹਣੀ ਦਾ ਘੜਾ

ਸੋਹਣੀ ਦਿਆ ਘੜਿਆ! ਤੁਲੇ ਦਿਆ ਘੜਿਆ!
ਕੱਚਿਆ ਘੜਿਆ ਤੂੰ ਖੁਰਿਆ ਤਾਂ ਨਹੀਂ
ਹੋਰ ਘੜੇ ਪਏ ਅੱਗ ਵਿੱਚ ਸੜਦੇ
ਤੂੰ ਉਸ ਰਾਹੇ ਟੁਰਿਆ ਤਾਂ ਨਹੀਂ
ਲੱਗ ਕੇ ਸੋਹਣੀ ਦੇ ਸੀਨੇ ਦੇ ਨਾਲ
ਪੈਂਡੇ ਬਿਖੜੇ ਝੁਰਿਆ ਤਾਂ ਨਹੀਂ
ਜਾਨ ਮਿਟਾ ਕੇ ਪਾਣੀ ਹੋ ਗਈ
ਪਰ ਤੂੰ ਜਾਣੋ ਮੁੜਿਆ ਤਾਂ ਨਹੀਂ
ਤੂੰ ਹੈਂ ਪੱਕਾ ਸੋਹਣੀ ਦੀ ਇੱਜ਼ਤ
ਇੱਜ਼ਤ ਦੀ ਇੱਜ਼ਤ ਨਾਲ ਲੜਿਆ ਤਾਂ ਨਹੀਂ
ਟੁੱਬੀ ਲਾ ਲਈ ਵਿੱਚ ਝਨਾਂ ਦੇ
ਨਰਕਾਂ ਦੀ ਅੱਗ ਵਿੱਚ, ਆ ਸੜਿਆ ਤਾਂ ਨਹੀਂ
ਤੂੰ ਸਭ ਤੋਂ ਹੈਂ ਸੋਹਣਾ, ਸੋਹਣੀ ਦਾ ਸੋਹਣਾ
ਇਸ਼ਕ ਦੀਆਂ ਧਮਕੀਆਂ ਤੋਂ ਡਰਿਆ ਤਾਂ ਨਹੀਂ
ਵਿੱਚ ਹੀ ਡੁੱਬ ਕੇ ਸੁਆਦ ਏ ਆਉਂਦਾ
ਚੰਗਾ ਕੀਤਾ ਤੂੰ ਪਾਰ ਤਰਿਆ ਤਾਂ ਨਹੀਂ।

ਇਹ ਮੇਰਾ ਪੰਜਾਬ ਹੈ

ਇਹ ਮੇਰਾ ਸੁਹਣਾ ਪੰਜਾਬ ਹੈ
ਇਹ ਸਾਰਾ ਈ ਇਸ਼ਕ ਚਨਾਬ ਹੈ
ਇਹ ਸਾਰਾ ਈ ਮਿੱਠਾ ਸ਼ੀਰ ਹੈ
ਹਾਂ ਸਾਰਾ ਈ ਇਹ ਕਸ਼ਮੀਰ ਹੈ
ਇਥੋਂ ਦੀਆਂ ਕੁੜੀਆਂ ਸ਼ੀਹਣੀਆਂ
ਸੁੱਚੇ ਪਿਆਰਾਂ ਦੀਆਂ ਘੁੱਟਾਂ ਪੀਣੀਆਂ
ਫੜ ਫੜਕੇ ਆਪੋ ਵਿੱਚ ਵੀਣੀਆਂ
ਪਈਆਂ ਖੇਲਣ ਰੰਗ ਰਸੀਵੀਆਂ
ਇਸ ਦੇਸ ਦੀਆਂ ਨਿੱਕੀਆਂ ਛੋਹਰੀਆਂ
ਅਤਿ ਸੋਹਣੀਆਂ ਲੰਬੀਆਂ ਗੋਰੀਆਂ
ਕਰਦੀਆਂ ਫਿਰਨ ਹੁਸਨ ਦੀਆਂ ਚੋਰੀਆਂ
ਸਭ ਹੀਰਾਂ ਜੀਵਨ-ਜੋਰੀਆਂ

ਇਨ੍ਹਾਂ ਦੇ ਗੋਰੇ ਗੋਰੇ ਰੰਗ ਨੇ
ਲੱਕ ਪਤਲੇ ਵਾਂਙ ਪਤੰਗ ਨੇ
ਡੀਲ ਡੌਲ ਤੇ ਭਰਵੇਂ ਅੰਗ ਨੇ
ਇਨ੍ਹਾਂ ਨਾਲ ਸਾਰੇ ਹੀ ਮੁਲਕ ਕੰਗ ਨੇ
ਇੱਥੋਂ ਦੇ ਮੁੰਡੇ ਛੈਲ ਜੁਆਨ
ਪਏ ਸਿੱਧੇ ਲੰਮੇ ਝੁੱਗੇ ਪਾਣ
ਗਲ ਗਾਨੀਆਂ ਕਾਲੀਆਂ 'ਚ ਸਜਾਣ
ਹੱਸ ਹੱਸ ਕੇ ਮੇਲਿਆਂ ਵਿੱਚ ਜਾਣ।
ਡਾਚੀ ਦੇ ਉੱਤੇ ਚੜ੍ਹ ਕੇ ਇਹ
ਜਾ ਜਾ ਕੇ ਛਿੰਜੀ ਲੜਨ ਇਹ
ਹੱਥ ਲੰਬੀਆਂ ਡਾਗਾਂ ਫੜਨ ਇਹ
ਛੱਡ ਤੁਰਰੇ ਮੂਹਰੇ ਖੜ੍ਹਨ ਇਹ
ਇਹ ਸਚਮੁੱਚ ਕੋਈ ਸ਼ਹਿਜ਼ਾਦੇ ਨੇ
ਲੱਗਦੇ ਗੰਭੀਰ ਤੇ ਸਾਦੇ ਨੇ
ਇਹ ਭੋਲੇ ਇਵੇਂ ਜੁਗਾਂ ਦੇ ਨੇ
ਖ਼ਬਰੇ ਇਹ ਪੁੱਤ ਖ਼ੁਦਾ ਦੇ ਨੇ
ਇੱਥੋਂ ਦੇ ਭੋਲੇ ਭਾਲੇ ਕਿਸਾਨ
ਜਿਨ੍ਹਾਂ ਨੂੰ ਵਤਨ ਦੀ ਮਿੱਟੀ ਦਾ ਹੈ ਮਾਣ
ਇਹ ਮਿੱਟੀ ਵਿੱਚ ਸੋਨਾ ਉਗਾਉਂਦੇ ਨੇ
ਪੰਜਾਬ ਪ੍ਰੀਤ ਦੇ ਸੋਹਲੇ ਗਾਉਂਦੇ ਨੇ
ਇਹ ਮੇਰਾ ਪੰਜਾਬ ਹੈ
ਇਹ ਸੋਹਣਾ ਪੰਜਾਬ!

ਦਰਵੇਸ਼ ਸੰਤ ਦੇ ਕਤਲ 'ਤੇ

ਓ ਸਾਥੀਓ ! ਓ ਮੁਸਾਫ਼ਰੋ ! ਓ ਕਾਇਰੋ! ਓ ਕਾਫ਼ਰੋ!
ਓ ਚੰਦ੍ਰੀ ਕਿਸਮਤ ਵਾਲਿਓ, ਨਸ਼ੁਕਰਿਓ ਓ ਬਾਫ਼ਰੋ!
ਮਲਾਹਾਂ ਨੂੰ ਮਾਰਨਾ ਕਿੱਥੇ ਲਿਖਿਐ,
ਮਸੀਹਿਆਂ ਨੂੰ ਤਾੜਨਾ ਕਿੱਥੇ ਲਿਖਿਆ ਐ
ਓ ਦਰਿੰਦਿਓ! ਦਰਵੇਸ਼ ਨੂੰ ਸੂਲੀ 'ਤੇ ਚਾੜ੍ਹਨਾ ਕਿੱਥੇ ਲਿਖਿਆ ਐ
ਓ ਬਾਗ਼ਾਂ ਦੇ ਝੱਲੇ ਰਾਖਿਓ, ਫੁੱਲਾਂ ਨੂੰ ਸਾੜਨਾ ਕਿੱਥੇ ਲਿਖਿਐ
ਰੁੱਖ ਲਾਉਣ ਦਾ ਮੌਸਮ ਹੈ,
ਲੱਗਿਆਂ ਨੂੰ ਉਖਾੜਨਾ ਕਿੱਥੇ ਲਿਖਿਆ ਐ।
ਸਰਸਬਜ਼ ਜਿਹੀ ਧਰਤਿ 'ਤੇ,
ਅੰਗਿਆਰ ਖਿਲਾਰਨਾ ਕਿੱਥੇ ਲਿਖਿਆ ਐ।
ਯਾਰਾਂ ਦੀ ਮਹਿਫਲ ਵਿੱਚ, ਇਹ ਹਾਥੀ ਚਿੰਘਾੜਨਾ ਕਿੱਥੇ ਲਿਖਿਐ
ਸਿੱਖੀ ਹੈ ਸਰਬੱਤ ਦਾ ਭਲਾ, ਹਿੰਸਾ ਨਾਲ ਹੰਕਾਰਨਾ ਕਿੱਥੇ ਲਿਖਿਐ
ਪੰਥ ਹੈ ਚੜ੍ਹਦੀਕਲਾ, ਚੜ੍ਹਿਆਂ ਨੂੰ ਉਤਾਰਨਾ ਕਿੱਥੇ ਲਿਖਿਐ
ਜੰਗਲ਼ ਨੂੰ ਅੱਗ ਲੱਗੀ ਹੈ, ਪਾ ਤੇਲ ਉਭਾਰਨਾ ਕਿੱਥੇ ਲਿਖਿਐ
ਪਾਟਿਆਂ ਨੂੰ ਸਿਊਂਣਾ ਧਰਮ ਹੈ, ਮੁੜ ਮੁੜ ਪਾੜਨਾ ਕਿੱਥੇ ਲਿਖਿਐ
ਓ ਅੱਕਾਂ ਦੇ ਵਣਜਾਰਿਓ, ਲੌਂਗਾਂ ਨੂੰ ਉਜਾੜਨਾ ਕਿੱਥੇ ਲਿਖਿਐ
ਓ ਅੰਨ੍ਹੇ ਬੋਲੇ ਸ਼ਿਕਾਰੀਓ, ਆਪਣਾ ਦਿਲ ਪਾੜਨਾ ਕਿੱਥੇ ਲਿਖਿਐ
ਓ ਪ੍ਰੇਮ ਅਮਨ ਦੇ ਅਵਤਾਰ ਨੂੰ,
ਇਓਂ ਚਿਖਾ 'ਤੇ ਚਾੜ੍ਹਨਾ ਕਿੱਥੇ ਲਿਖਿਐ।

(21-8-85)

ਜ਼ਿੰਦਗੀ

ਜ਼ਿੰਦਗੀ ਤੂਫ਼ਾਨ ਹੈ ਤੂਫ਼ਾਨ ਹੀ ਹੈ ਜ਼ਿੰਦਗੀ
ਚੁੱਪਚਾਪ ਚੰਦਰੀ ਚੈਨ ਨਹੀਂ, ਘਮਸਾਨ ਹੈ ਇਹ ਜ਼ਿੰਦਗੀ
ਮਿੱਟੀ ਤੇ ਪਾਣੀ ਗੁੰਨ੍ਹ ਕੇ, ਹੋਇਆ ਨਾ ਬੁੱਤ ਤਿਆਰ ਇਹ
ਖ਼ੁਦਾ ਦੀ ਲਿਖੀ ਹੋਈ, ਆਪਣੀ ਦਾਸਤਾਨ ਹੈ ਇਹ ਜ਼ਿੰਦਗੀ
ਹੈ ਤਾਂ ਪੋਰੀ ਬਾਂਸ ਦੀ, ਬਣੀ ਕਾਨ੍ਹ ਦੀ ਹੈ ਬੰਸਰੀ
ਗੋਪੀਆਂ ਨਚਾਵਣ ਵਾਸਤੇ, ਰੰਗ ਦਾ ਮੈਦਾਨ ਜ਼ਿੰਦਗੀ
ਜਪ ਤਪ ਵੀ ਇੱਕੋ ਚੁੱਪ ਨੇ, ਇਲਮ ਵੀ ਕੰਨ ਵਲ੍ਹੇਟਦਾ
ਸਵਾਲਾਂ ਦੀ ਚੰਗੀ ਬੁਛਾੜ ਹੈ, ਇਮਤਿਹਾਨ ਹੈ ਇਹ ਜ਼ਿੰਦਗੀ
ਅੜਾਉਣੀਆਂ ਕਈ ਪਾਉਣੀਆਂ, ਗੁੰਝਲਾਂ ਕਈ ਸੁਲਝਾਉਣੀਆਂ
ਹੋਣਾ ਹੈਰਾਨ ਹੈ ਜ਼ਿੰਦਗੀ, ਕਰਨਾ ਹੈਰਾਨ ਹੈ ਜ਼ਿੰਦਗੀ।

ਜੀਵਨ

ਜੀਵਨ ਇੱਕ ਦਾਤ ਇਲਾਹੀ ਹੈ, ਜੀਵਨ ਨੂੰ ਲੇਖੇ ਲਾਉਂਦਾ ਜਾਹ
ਕਿਸਮਤ ਦਾ ਪੱਲਾ ਫੜ ਕੇ ਤੂੰ, ਨਾ ਹੀਰਾ ਜਨਮ ਗਵਾਉਂਦਾ ਜਾਹ
ਇਹ ਬਖਸ਼ਸ਼ ਜੀਵਨ ਦਾਤੇ ਦੀ, ਤੇ ਬਖਸ਼ਸ਼ ਨਾਲ ਹੀ ਮਿਲਿਆ ਹੈ
ਇਸੇ ਲਈ ਮੈਂ ਕਹਿੰਦਾ ਹਾਂ, ਦਿਲਾ! ਸਮਝ ਨਾਲੇ ਸਮਝਾਉਂਦਾ ਜਾਹ
ਜੀਵਨ ਇੱਕ ਦਾਤ ਇਲਾਹੀ ਹੈ, ਜੀਵਨ ਨੂੰ ਲੇਖੇ ਲਾਉਂਦਾ ਜਾਹ।
ਉਹ ਦਾਤਾ ਨਿੱਤ ਨਿੱਤ ਰੀਝੇ ਨਾ, ਨਾ ਨਿੱਤ ਨਿੱਤ ਦਾਤਾਂ ਦਿੰਦਾ ਹੈ
ਨਾ ਨਿੱਤ ਨਿੱਤ ਵਾਰੀ ਈ ਮਿਲਦੀ ਹੈ, ਉੱਥੇ ਭੀੜ ਭੜਕਾ ਰਹਿੰਦਾ ਹੈ
ਕਦੀ ਰਹਿਮਤ ਦੇ ਘਰ ਆ ਜਾਵੇ, ਤਦ ਸ੍ਵਾਂਤਿ ਬੂੰਦ ਉਹ ਦਿੰਦਾ ਹੈ
ਫਿਰ ਮੂੰਹ ਚਾਤ੍ਰਿਕ ਦਾ ਖੋਲ੍ਹ ਦੇਵੇ, ਤਦ ਅੰਮ੍ਰਿਤ ਇਹ ਮੂੰਹ ਪੈਂਦਾ ਹੈ।
ਤੈਨੂੰ ਜੇ ਸਸਤੇ ਭਾਅ ਮਿਲਿਆ, ਨਾ ਭੰਗ ਦੇ ਭਾੜੇ ਗੁਆਉਂਦਾ ਜਾ
ਜੀਵਨ ਇੱਕ ਦਾਤ ਇਲਾਹੀ ਹੈ, ਜੀਵਨ ਨੂੰ ਲੇਖੇ ਲਾਉਂਦਾ ਜਾਹ।
ਨਿੱਤ ਨਿੱਤ ਨਹੀਂ ਝੜੀਆਂ ਲਗਣੀਆਂ, ਨਿੱਤ ਨਿੱਤ ਨਹੀਂ ਸਾਵਣ ਆਉਣਾ ਵੇ
ਇਹ ਸਹੀਆਂ ਨਿੱਤ ਨਹੀਂ ਮਿਲਣੀਆਂ, ਨਹੀਂ ਨਿੱਤ ਨਿੱਤ ਗਿੱਧਾ ਪਾਉਣਾ ਵੇ।
ਤੂੰ ਮੰਨ ਜਾ, ਮੰਨ ਜਾ, ਲੱਗ ਆਖੇ, ਅਸਾਂ ਨਿੱਤ ਨਿੱਤ ਨਹੀਂ ਮਨਾਉਣਾ ਵੇ
ਹੁਣ ਵੇਲਾ ਹੈ, ਹੁਣ ਵੱਤਰ ਹੈ, ਤੈਨੂੰ ਚਾਹੀਦਾ ਖੇਤ ਬੀਜਾਉਣਾ ਵੇ।

ਅੱਗੇ ਭੁੱਖਾ ਕੀ ਖਾਵੇਂਗਾ, ਇੱਥੋਂ ਤੋਸ਼ਾ ਤਿਆਰ ਕਰਾਉਂਦਾ ਜਾ
ਜੀਵਨ ਇੱਕ ਦਾਤ ਇਲਾਹੀ ਹੈ, ਜੀਵਨ ਨੂੰ ਲੇਖੇ ਲਾਉਂਦਾ ਜਾਹ।
ਤੂੰ ਪੈਸੇ ਬਹੁਤ ਕਮਾਵੇਂ ਪਈਂ ਤੇ ਪਾਲ਼ੇਂ ਪੁੱਤਰ ਧੀਆਂ ਨੂੰ
'ਮੈਂ ਏਨ੍ਹਾਂ ਦਾ ਇਹ ਮੇਰੇ ਹਨ ਤੂੰ ਆਖੇਂ ਸਾਰਿਆਂ ਜੀਆਂ ਨੂੰ
ਪਾ ਵਿੱਦਿਆ ਦੌਲਤ ਤਾਕਤ ਤੂੰ, ਆਖੈਂ ਮੈਂ ਵੀ ਕੁਝ ਬਣ ਗਿਆ
ਪਰ ਮਸਲਾ ਇਹ ਸਭ ਝੂਠਾ ਹੈ, ਤੂੰ ਭੁੱਲ ਗਿਐਂ ਜੀਵਨ ਲੀਹਾਂ ਨੂੰ
ਇਹ ਲੇਖਾ ਨਹੀਂ ਇਹ ਧੋਖਾ ਹੈ, ਐਵੇਂ ਨਾ ਝੁੱਗਾ ਲਟਾਉਂਦਾ ਜਾ
ਜੀਵਨ ਇੱਕ ਦਾਤ ਇਲਾਹੀ ਹੈ, ਜੀਵਨ ਨੂੰ ਲੇਖੇ ਲਾਉਂਦਾ ਜਾ।
ਮਾਇਆ ਦੇ ਗੋਰਖ-ਧੰਦੇ ਵਿੱਚ, ਨਾ ਆਪਣਾ ਆਪ ਫਸਾਉਂਦਾ ਜਾ
ਤੇ ਵੇਚ ਹੀਰਾ ਭਾਅ ਕੌਡਾਂ ਦੇ, ਤੂੰ ਜੱਗ ਨੂੰ ਨਾ ਹਸਾਉਂਦਾ ਜਾ
ਕੁਝ ਦੇਸ ਲਈ ਕੁਝ ਕੌਮ ਲਈ, ਵੀਰਾ ਹੱਥ ਪੈਰ ਹਿਲਾਉਂਦਾ ਜਾ
ਦੁਖੀਆਂ ਮਜ਼ਲੂਮਾਂ ਦੀਨਾਂ ਲਈ, ਅਣਹੋਂਦਾ ਆਪ ਵੰਡਾਉਂਦਾ ਜਾ
ਕੁਝ ਬਣ ਕੇ ਰਹੁ, ਕੁਝ ਰਹਿ ਕੇ ਬਣ, ਨਾ ਮਿੱਟੀ ਦੇ ਵਿੱਚ ਮਿੱਟੀ ਹੋ
ਤੂੰ ਮਿੱਟੀ ਦੇ ਵਿੱਚ ਮਿੱਟੀ ਹੋ, ਨਾ ਆਪਣੀ ਕਦਰ ਘਟਾਉਂਦਾ ਜਾ
ਜੀਵਨ ਇੱਕ ਦਾਤ ਇਲਾਹੀ ਹੈ, ਜੀਵਨ ਨੂੰ ਲੇਖੇ ਲਾਉਂਦਾ ਜਾਹ।
ਤੂੰ ਨਾ ਕਰ ਬੇਪ੍ਰਵਾਹੀਆਂ ਓਇ! ਨਾ ਕੀਮਤੀ ਜਨਮ ਗੁਆਉਂਦਾ ਜਾ
ਇਹ ਥੋੜ੍ਹਾ ਹੈ ਫਿਰ ਮਹਿੰਗਾ ਹੈ, ਐਵੇਂ ਨਾ ਢਿੱਲਾਂ ਪਾਉਂਦਾ ਜਾ
ਮੁੜ ਮੁੜ ਨਾ ਇਹ ਹੱਥ ਆਉਣਾ ਹੈ, ਪਲ ਪਲ ਤੋਂ ਲਾਭ ਉਠਾਉਂਦਾ ਜਾ
ਪੈ ਵਾਧੂ ਕਿੱਸੇ ਕਹਾਣੀਆ 'ਚ, ਨਾ 'ਅਜ਼ਲੀ ਸਬਕ' ਭੁਲਾਉਂਦਾ ਜਾ
ਦਿਲਾ ਕਮਲਿਆ! ਗੱਲ ਸਮਝ ਲੈ ਹੁਣ, ਤੈਨੂੰ ਮੁੜ ਮੁੜ 'ਪਦਮ' ਕਹਿੰਦਾ ਹੈ
ਜੀਵਨ ਇੱਕ ਦਾਤ ਇਲਾਹੀ ਹੈ, ਜੀਵਨ ਨੂੰ ਲੇਖੇ ਲਾਉਂਦਾ ਜਾ।

(24-2-41)

ਬਚਪਨ

ਬਚਪਨ ਦੀ ਜ਼ਿੰਦਗੀ ਮਿੱਠੀ ਸੀ
ਕੁਝ ਡਿੱਠੀ ਕੁਝ ਅਣਡਿੱਠੀ ਸੀ
ਨਾ ਰਾਈ ਵਿੱਚ ਕੁੜੱਤਣ ਸੀ
ਸਾਰੀ ਦੀ ਸਾਰੀ ਮਿੱਠੀ ਸੀ
ਖੇਲਾਂ ਦੀ ਬਸਤੀ ਵਸਦੇ ਸਾਂ
ਮੰਨੀਂਦੀ ਉੱਚੀ ਹਸਤੀ ਸੀ
ਲੋਕੀ ਸਭ ਆ ਕੇ ਨਿਊਂਦੇ ਸੀ
ਬੁੱਲ੍ਹੀਆਂ ਨੂੰ ਛੂਹ ਕੇ ਜਿਉਂਦੇ ਸੀ

ਗ਼ਮ ਨਾਲ ਫਟੇ ਦਿਲਗੀਰਾਂ ਨੂੰ
ਇੱਕ ਹਾਸੇ ਨਾਲ ਮਨਾਉਂਦੇ ਸੀ
ਇੰਨੀ ਵੱਡੀ ਇਹ ਸ਼ਾਹੀ ਸੀ
ਸਭ ਕੁਝ ਦੀ ਬੇਪਰਵਾਹੀ ਸੀ
ਰਾਜਾ ਵੀ ਸਾਡੀ ਸੈਨਾ ਦਾ
ਇੱਕ ਆਗਿਆਕਾਰ ਸਿਪਾਹੀ ਸੀ
ਜਿਧਰ ਕਿੱਧਰ ਇਸ਼ਾਰੇ ਕਰਦੇ ਸੀ
ਭੱਜਦੇ ਸਭ ਉੱਧਰ ਘਰ ਦੇ ਸੀ
ਦੁਨੀਆਂ ਸੀ ਸਾਰੀ ਹੱਥ ਵਿੱਚ
ਦੇਉਤੇ ਵੀ ਪਾਣੀ ਭਰਦੇ ਸੀ
ਕਿਤੇ ਬੁੱਲ੍ਹੀਆਂ ਸੀ ਜੇ ਟੇਰ ਦਿੰਦੇ
ਦੁਨੀਆਂ ਦੀ ਹੋਸ਼ ਸੀ ਫੇਰ ਦਿੰਦੇ
ਮੰਨਣਾ ਸੀ ਮੁਸ਼ਕਲ ਹੋ ਜਾਂਦਾ
ਇੱਕ ਹੰਝੂ ਸੀ ਜੇ ਕੇਰ ਦਿੰਦੇ
ਤਰਲੇ ਮਿੰਨਤਾਂ ਕਰਵਾ ਕੇ ਤੇ
ਮਨਮਰਜ਼ੀ ਸਭ ਮਨਵਾ ਕੇ ਤੇ
ਸੀ ਰੁਖ ਬਦਲਦੇ ਮਸੀਂ ਮਸੀਂ
ਕਈ ਸੌ ਸਿਆਪੇ ਪਾ ਕੇ ਤੇ
ਇਹ ਸਾਡੀ ਰਾਮ ਕਹਾਣੀ ਏ
ਪਰ ਅੱਜ ਸਭ ਪਲਟੀ ਤਾਣੀ ਏ
ਸਭ ਰਾਜ 'ਦੀਨ' ਤੋਂ ਖ਼ੁਸ ਗਿਆ
ਆਈ ਜਦ ਤੋਂ ਇਹ ਜੁਆਨੀ ਏ।

ਜੁਆਨੀ

ਜੁਆਨੀ ਮਰ ਜਾਣੀ ਸਦਾ ਕਰਦੀ ਸ਼ੈਤਾਨੀ
ਦੁਨੀਆਂ ਦੇ ਅੰਦਰ ਬਣੀ ਏ ਫਿਰਦੀ
ਆਪਣੇ ਹੀ ਆਪ 'ਚ ਦਾਨੀ ਪ੍ਰਧਾਨੀ
ਨਾ ਟਿਕ ਕੇ ਹੈ ਬਹਿੰਦੀ ਨਾ ਬੈਠਣ ਹੀ ਦਿੰਦੀ
ਭੌਂਦੀ ਹੈ ਫਿਰਦੀ ਕਮਲੀ ਦੀਵਾਨੀ
ਨਾ ਥੱਕਦੀ ਨਾ ਅੱਕਦੀ ਨਾ ਜਕਦੀ ਏ ਬਉਰੀ
ਪੀਤੇ ਬਿਨਾਂ ਹੀ ਹੋਈ ਮਸਤਾਨੀ
ਹਸਾਏ ਬਿਨਾਂ ਹੀ ਬੁਲਾਏ ਬਿਨਾਂ ਹੀ
ਹੱਸਦੀ ਬੋਲਦੀ ਨਵੀਂ ਈ ਸਿਆਣੀ
ਪੜ੍ਹੀ ਵੀ ਹੋਈ ਇਹ ਕਮਲੀ ਜੇ ਕੋਈ
ਚੰਦ ਦੀ ਰਿਸ਼ਮ ਜਾਂ ਲੋਹੇ ਦੀ ਕਾਨੀ
ਇਸ ਨੂੰ ਨਾ ਸ਼ਰਮ ਹਯਾ ਹੈ ਨਾ ਰਹਿਮ ਦਯਾ ਹੈ
ਕਰਦੀ ਏ ਫਿਰਦੀ ਗਰੀਬਾਂ ਦੀ ਘਾਣੀ।
ਚੰਗਾ ਨਾ ਮੰਦਾ ਇਹ ਤੱਕਦੀ ਮੁਰੈਲਣ
ਆਪਣਾ ਪਰਾਇਆ ਨਾ ਕਰਦੀ ਪਛਾਣੀ
ਤ੍ਰਿਖੜੇ ਤੀਰਾਂ ਦੀਆਂ ਲਾ ਲਾ ਕੇ ਚੋਭਾਂ
ਆਪ ਜਾ ਲੁਕਦੀ ਕਿਧਰੇ ਸਿਆਣੀ
ਸਮਝਾਈ ਨਾ ਸਮਝੇ ਹਟਾਈ ਨ ਹਟੇ
ਮਨ ਦੀ ਹੀ ਮਰਜ਼ੀ ਪੁਗਾਉਂਦੀ ਏ ਦਾਨੀ
ਕਹੀਏ ਜਾਂ ਚੰਗੀ ਜਾਂ ਕਹੀਏ ਇਸ ਮੰਦੀ
ਕਹੀਏ ਜਾਂ ਇਹਨੂੰ ਸ਼ੈਤਾਨਾਂ ਦੀ ਢਾਣੀ
ਇਹ ਅਨੋਖੀ ਅਮੀਰੀ ਅਨੋਖੀ ਫ਼ਕੀਰੀ
ਲਾਪ੍ਰਵਾਹੀ ਹੈ ਜਿਹਦੀ ਨਿਸ਼ਾਨੀ
ਪਤਾ ਨਾ ਲੱਗਦਾ ਇਸ ਬੁਝਾਰਤ ਦਾ
ਹੈਰਾਨੀ ਜੁਆਨੀ ਜੁਆਨੀ ਹੈਰਾਨੀ ਜਾਂ ਹੈ ਮਸਤਾਨੀ।

ਬੁਢੇਪਾ

ਬੁਢੇਪਾ ਹੈ ਆਇਆ ਕੀ ਜੇ ਲਿਆਇਆ?
ਦੁੱਖਾਂ ਦੀਆਂ ਪੰਡਾਂ ਚੁਕਾਵਣ ਜੇ ਆਇਆ
ਜੁਆਨੀ ਦਾ ਵੈਰੀ ਜਮਾਂ ਦਾ ਮਿੱਤਰ
ਦੂਤ ਹੈ ਬਣ ਕੇ ਬੁਲਾਵਣ ਚਾ ਆਇਆ।
ਚਸ਼ਮੇ ਬਣ ਚਸ਼ਮੇ ਪਾਣੀ ਵਗਾਉਂਦੇ
ਦਿਲ ਪਰ ਰਹਿੰਦਾ ਸਦਾ ਤ੍ਰਿਹਾਇਆ
ਕੰਨਾਂ ਨੇ ਕੰਨ ਮੋੜੇ, ਦੰਦਾਂ ਦੇ ਦੰਦ ਫੁੱਟੇ
ਰਿਹਾ ਮੂੰਹ ਖਾਲੀ ਨਾ ਹਿਲਦਾ ਹਿਲਾਇਆ।
ਰੁਖ਼ਸਾਰ ਹੋਇ ਰੁਖੇ ਗ਼ਮਾਂ ਦੇ ਅੰਦਰ
ਜਾਲ ਝੁਰੜੀਆਂ ਨੇ ਆ ਕੇ ਵਿਛਾਇਆ।

ਜੀਭ ਥਥਲਾਉਂਦੀ ਨਾ ਗੱਲ ਹੀ ਆਉਂਦੀ
ਬਣਦਾ ਨਾ ਕੁਝ ਵੀ ਜੋਰੀਂ ਬਣਾਇਆ।
ਬਿਨਾਂ ਹੀ ਬੁਖਾਰੋਂ ਬਿਨਾਂ ਹੀ ਝੋਲੇ
ਹੱਥਾਂ ਤੇ ਪੈਰਾਂ ਨੇ ਕਾਂਬਾ ਹੈ ਲਾਇਆ
ਆਪਣਾ ਰਿਹਾ ਨਾ ਕੋਈ ਧੀ ਪੁੱਤਰ
ਦੁੱਖਾਂ 'ਚ ਸਭ ਨੇ ਮੂੰਹ ਚਾ ਭੁਆਇਆ।
ਇੱਕ ਡੰਗੋਰੀ ਹੀ ਸਾਥਣ ਬਣੀ ਏ
ਹੋਰ ਨਾ ਕੋਈ ਬੋਲੇ ਬੁਲਾਇਆ
ਮੌਤ ਦੇ ਮੂੰਹ ਵਿੱਚ ਹੈ ਜਾਨ ਆਈ
ਰੋਗਾਂ ਨੇ ਆ ਕੇ ਫਤੂਰ ਹੈ ਪਾਇਆ।
ਖੰਘ ਨਾ ਟਿਕਦੀ ਨਾ ਟਿਕਣ ਹੀ ਦੇਂਦੀ
ਵਿਚੇ ਹੀ ਵਿੱਚ ਹੈ ਦਮ ਘੁਟਾਇਆ
ਨਾ ਕੋਈ ਵੈਦ ਆਉਂਦਾ ਨਾ ਦਾਰੂ ਹੀ ਲੱਗਦੀ
ਧਨ ਮਾਲ ਸਾਰਾ ਹੀ ਹੋਇਆ ਪਰਾਇਆ।
ਜੋਬਨ ਦੇ ਮੇਲੀ ਉਹ ਧਨ ਦੇ ਪਿਆਰੇ
ਹਾਰ ਉਹ ਗਲ਼ ਦੇ ਯਾਰ ਜੋ ਭਾਰੇ
ਕੋਈ ਵੀ ਆ ਕੇ ਲੈਂਦਾ ਸਾਰ ਨਾ
ਆਇਆ ਜੋ ਕਹਿਕੇ ਪਰੇ 'ਚ ਹਟਾਇਆ।
ਘਰ ਦਾ ਹੀ ਬੂਹਾ, ਆਸ ਨਾ ਸਦਾ ਦਾ
ਮੰਜਾ ਵੀ ਟੁੱਟਾ ਬਿਨਾਂ ਹੀ ਵਿਛਾਇਆ
ਸਦਾ ਦਾ ਪਹਿਰਾ ਨਾ ਅਦਲਾ ਨਾ ਬਦਲੀ
ਪਹਿਰਾ ਦੇਂਵਦੇ ਨੂੰ ਆ ਕਾਲ ਨੇ ਉਠਾਇਆ।

ਇਹ ਵੀ ਇੱਕ ਜ਼ਿੰਦਗੀ

ਸਾਰੀ ਦਿਹਾੜੀ ਕਮਾਵਣਾ, ਲਹੂ ਦਾ ਪਸੀਨਾ ਬਣਾਵਣਾ
ਝੁੱਗੀਆਂ 'ਚ ਰਾਤਾਂ ਕੱਟਣੀਆਂ, ਨਾ ਪਹਿਨਣਾ ਨਾ ਖਾਵਣਾ
ਇਹ ਵੀ ਹੈ ਇੱਕ ਜ਼ਿੰਦਗੀ, ਭੁੱਖੀ ਤਿਹਾਈ ਜ਼ਿੰਦਗੀ
ਲੰਬੀਆਂ ਲੰਬੀਆਂ ਵਾਟਾਂ ਦੀ ਭੰਨੀ ਹੰਭਾਈ ਜ਼ਿੰਦਗੀ
ਗਰੀਬ ਦਾ ਖ਼ੂਨ ਨਿਚੋੜ ਕੇ, ਵਿਹਲੇ ਬਹਿ ਜੇਬਾਂ ਭਰਨੀਆਂ
ਚਿੰਤਾ ਕੋਈ ਨਾ ਫ਼ਿਕਰ ਹੈ, ਪਏ ਖ਼ੂਬ ਐਸ਼ਾਂ ਕਰਨੀਆਂ
ਇਹ ਵੀ ਹੈ ਇੱਕ ਜ਼ਿੰਦਗੀ, ਜ਼ਾਲਮ ਕਸਾਈ ਜ਼ਿੰਦਗੀ
ਕੇਵਲ ਨਿਰੀ ਹੈਵਾਨੀਅਤ, ਅੰਨ੍ਹੀ ਬੇਹਯਾਈ ਜ਼ਿੰਦਗੀ
ਅਮੀਰੀ ਜ਼ਬਰਦਸਤੀਆਂ ਦੀ ਚਾਲ ਜਦ ਮਿਟ ਜਾਏਗੀ
ਸਾਰੀ ਹੀ ਮਨੁੱਖਤਾ ਦੀ ਕਦਮ ਚਾਲ ਫਿਰ ਮਿਲ ਜਾਏਗੀ।

ਪੱਛਮੀ ਸਿਆਣਾ

ਮੈਂ ਬੜਾ ਸਾਇੰਸਦਾਨ ਹਾਂ, ਬ੍ਰਹਿਮੰਡਾਂ ਦਾ ਰੱਖਦਾ ਗਿਆਨ ਹਾਂ
ਸਾਗਰ ਧਰਤੀ ਅਸਮਾਨ ਦੇ, ਕੋਨੇ ਕੋਨੇ ਤੋਂ ਜਾਣੀ ਜਾਣ ਹਾਂ।
ਛੁਪੇ ਭੰਡਾਰ ਮੈਂ ਫੋਲ ਲਏ, ਲੁਕੇ ਸੰਸਾਰ ਮੈਂ ਟੋਲ ਲਏ
ਪ੍ਰਮਾਣੂ ਦੇ ਟੋਟੇ ਟੋਟੇ ਕਰ, ਮੈਂ ਭੇਤ ਸਾਰੇ ਖੋਲ੍ਹ ਲਏ।
ਬਿਜਲੀਆਂ ਵੀ ਚਮਕਾਈਆਂ, ਰੇਲਾਂ ਵੀ ਮੈਂ ਦੌੜਾਈਆਂ
ਐਸੀਆਂ ਮੈਂ ਕਾਢਾਂ ਕੱਢੀਆਂ, ਵਲੈਤਾ ਤੋਂ ਮੈਂ ਖ਼ਬਰਾਂ ਮੰਗਾਈਆਂ।
ਤਸਵੀਰਾਂ ਤੋਂ ਗੀਤ ਗਵਾਏ ਮੈਂ, ਮਰਜ਼ੀ ਦੇ ਨਾਚ ਨਚਾਏ ਮੈਂ
ਕੀ ਦੱਸ ਇਹ ਕਰਾਮਾਤ ਨਹੀਂ, ਪੱਥਰ ਵੀ ਗਾਇਕ ਬਣਾਏ ਮੈਂ।
ਉੱਘਾ ਮੈਂ ਕਲਾਕਾਰ ਹਾਂ, ਪ੍ਰੋਫੈਸਰ ਤੇ ਲੈਕਚਰਾਰ ਹਾਂ
ਸ਼ਾਇਰ ਲਿਖਾਰੀ ਫਿਲਾਸਫਰ, ਨਵੇਂ ਯੁੱਗ ਦਾ ਅਵਤਾਰ ਹਾਂ।
ਐਸੀ ਤਾਂ ਕੋਈ ਗੱਲ ਨਹੀਂ, ਜਿਸ ਦਾ ਕਿ ਮੈਨੂੰ ਗਿਆਨ ਨਹੀਂ
ਪੰਡਤ ਹਾਂ ਗਿਆਨੀ ਪਾਦਰੀ, ਅਫਸੋਸ ਪਰ ਇਨਸਾਨ ਨਹੀਂ।
ਇਹ ਤਾਂ ਕਹਾਣੀ ਇਲਮ ਦੀ ਬਲ ਵਿੱਚ ਵੀ ਜੋਧਾ ਹਾਰ ਹਾਂ
ਮੰਨਿਆਂ ਬਹਾਦਰ ਚੋਣਵਾਂ, ਵੱਡਾ ਮੈਂ ਜੰਗੀ ਲਾਟ ਹਾਂ।
ਸ਼ਕਤੀਆਂ ਮੇਰੀਆਂ ਅਪਾਰ ਨੇ, ਮੰਨੀਆਂ ਇਹ ਸਭ ਸੰਸਾਰ ਨੇ
ਜੀਵਨ ਦੀਆਂ ਸ਼ਾਮਾਂ ਪਾਇਕੇ, ਦਿੱਤੇ ਮੈਂ ਕਈ ਚੰਦ ਚਾੜ੍ਹ ਨੇ।
ਦੱਸ ਇਹ ਕੋਈ ਗੱਲ ਛੋਟੀ ਹੈ, ਰੱਬ ਤੋਂ ਮੈਂ ਦੁਨੀਆਂ ਭੁਲਾ ਲਈ
ਇਤਨੇ ਵੱਡੇ ਬਾਦਸ਼ਾਹ ਵਿਰੁੱਧ, ਬਗਾਵਤ ਮੈਂ ਖ਼ੂਬ ਚਲਾ ਲਈ।
ਰੂਹ ਦੀਆਂ ਮੈਂ ਧੱਜੀਆਂ ਉਡਾਈਆਂ, ਮਜ਼ਬ ਦੀਆਂ ਮੜੀਆਂ ਬਣਾਈਆਂ
'ਮਾਦਾ ਪ੍ਰਸਤੀ' ਮਲਕਾ ਦੀਆਂ, ਗੱਡੀਆਂ ਆਕਾਸ਼ ਚੜ੍ਹਾਈਆਂ।
ਥਾਂ ਥਾਂ 'ਤੇ ਮੇਰਾ ਰੋਅਬ ਹੈ, ਥਾਂ ਥਾਂ 'ਤੇ ਮੇਰੀ ਸ਼ਾਨ ਹੈ
ਲੈ ਲੈ ਕੇ ਮੇਰਾ ਨਾਮ ਪਿਆ, ਕੰਬਦਾ ਸਾਰਾ ਜਹਾਨ ਹੈ।
ਚਾਹਾਂ ਤਾਂ ਜੰਗਲ਼ ਵਸਾ ਦਿਆਂ, ਚਾਹਾਂ ਤਾਂ ਖੰਡਰ ਬਣਾ ਦਿਆਂ
ਕੇਵਲ ਇੱਕੋ ਹੀ ਫੇਰਾ ਪਾ, ਸੌ ਸੌ ਸਿਆਪੇ ਪਾ ਦਿਆਂ।

ਅਜ਼ਾਦ ਗੁਲਾਮ ਬਣਾਏ ਮੈਂ, ਰਾਜੇ ਵੀ ਮਿੱਟੀ ਰੁਲਾਏ ਮੈਂ
ਅੱਗੇ ਨਹੀਂ ਇਤਿਹਾਸ ਵਿੱਚ, ਜੋ ਜੋ ਇਹ ਜੌਹਰ ਦਿਖਾਏ ਮੈਂ।
ਮੁਟਿਆਰਾਂ ਹਜ਼ਾਰਾਂ ਰੁਆਈਆਂ, ਵਿਧਵਾ ਕ੍ਰੋੜਾਂ ਬਣਾਈਆਂ
ਮਾਂਵਾਂ ਦੀਆਂ ਭਰੀਆਂ ਝੋਲੀਆਂ, ਮੌਤ ਦੀ ਝੋਲੀ 'ਚ ਪਾਈਆਂ
ਛਿਨ ਵਿੱਚ ਹੀ ਦਿੰਦਾ ਸਾੜ ਹਾਂ, ਉਡਾਰੂ ਅੱਛਾ ਬੰਬਾਰ ਹਾਂ
ਅੱਗ ਦੇ ਲਾਂਬੂ ਬਾਲ ਕੇ ਧਰਤੀ ਵੀ ਦਿੰਦਾ ਪਾੜ ਹਾਂ।
ਜ਼ਰਾ ਗੈਸ ਜੇਕਰ ਛੱਡ ਦਿਆਂ, ਮਿੰਟਾਂ 'ਚ ਅੰਨ੍ਹਿਆਂ ਕਰ ਦਿਆਂ
ਇਕੱਲਾ ਮੈਂ ਸਾਰੀ ਫ਼ੌਜ ਦਾ, ਹੀ ਕੀਰਤਨ ਸੋਹਿਲਾ ਪੜ੍ਹ ਦਿਆਂ।
ਇ ਟੈਂਕਾਂ ਦੇ ਲੋਹਗੜ੍ਹ ਵਿੱਚ ਬਹਿ, ਵੈਰੀ ਦੇ ਧੁਰਰੇ ਉੜਾ ਦਿਆਂ
ਜਿੱਧਰ ਵੀ ਮੇਰੀ ਮਰਜ਼ੀ ਹੋਇ, ਉੱਧਰ ਹੀ ਜਿੱਤ ਦਿਵਾ ਦਿਆਂ।
ਇਹ ਕਾਲ ਮੇਰੇ ਵਸ ਹੈ, ਚਾਹਾਂ ਤਾਂ ਤੜਕ ਕਰ ਦਿਆਂ
ਇੱਕ ਤਾਰਮੀਡੋ ਮਾਰ ਕੇ, ਬੇੜੇ ਮੈਂ ਗ਼ਰਕ ਕਰ ਦਿਆਂ।
ਨੀਤੀ ਬੜੀ ਹਾਂ ਜਾਣਦਾ, ਐਸੇ ਕਈ ਲਾਉਂਦਾ ਦਾਅ ਹਾਂ
ਗੈਬੋਂ ਹੀ ਫ਼ੌਜਾਂ ਚਾੜ੍ਹ ਕੇ, ਵੈਰੀ ਨੂੰ ਲੈਂਦਾ ਢਾਹ ਹਾਂ।
ਝੱਟਪੱਟ ਪੈਰਾਸ਼ੂਟ ਉਤਾਰ ਕੇ, ਬਣ ਬੈਠਦਾ ਬਾਦਸ਼ਾਹ ਹਾਂ
ਦੁਸ਼ਮਣਾਂ ਦਾ ਬੱਚਾ ਬੱਚਾ ਵੀ ਗੋਲੀ ਨਾਲ ਦਿੰਦਾ ਉਡਾ ਹਾਂ।
ਹਿਟਲਰ ਮੇਰਾ ਹੀ ਜਾਇਆ ਹੈ, ਮੈਸੋਲੀਨੀ ਮੈਂ ਹੀ ਖਿਡਾਇਆ ਹੈ
ਹੋਣਾ ਨਰਾਜ਼ ਨਾ, ਜੰਗ ਦਾ ਸ਼ੋਸ਼ਾ ਇਹ ਮੈਂ ਹੀ ਉਡਾਇਆ ਹੈ।
ਦੁਨੀਆਂ ਅੱਜ ਮੇਰੇ ਹੱਥ ਹੈ, ਚਾਹਾਂ ਤਾਂ ਜਿੱਧਰ ਪਲਟਾ ਦਿਆਂ
ਸਾਗਰਾਂ 'ਚ ਚਾਹਾਂ ਡੋਬ ਦਿਆਂ, ਅਸਮਾਨਾਂ 'ਚ ਚਾਹਾਂ ਚੜ੍ਹਾ ਦਿਆਂ।
ਇੱਜ਼ਤ ਤੇ ਦੌਲਤ ਇਲਮ ਦਾ ਮੰਨਿਆਂ ਮੈਂ ਸ਼ਾਹ ਸੁਲਤਾਨ ਹਾਂ
ਦੁਨੀਆਂ ਮੇਰੀ ਸ਼ਾਗਿਰਦ ਹੈ, ਮੈਂ ਉਸ ਦਾ ਸ਼੍ਰੀ ਮਾਨ ਹਾਂ।
ਸਭਯ ਵੀ ਆਖਰ ਕਹਿਲਾਉਨੈ, ਵਿਦਵਾਨ ਹਾਂ ਅਣਜਾਣ ਨਹੀਂ
ਇੱਕੋ ਅਫਸੋਸ ਹੈ ਖਾ ਰਿਹਾ, ਬਣ ਸਕਿਆ ਇਨਸਾਨ ਨਹੀਂ।

(20-1-43)

ਚੜ੍ਹਿਆ ਸੂਰਜ

ਨਫ਼ਰਤ ਨਾ ਕਰੋ, ਨਫ਼ਰਤ ਨਾਲ
ਜ਼ਿੰਦਗੀ ਦਾ ਸਾਹ ਸੁੱਕਦਾ ਹੈ
ਨਾ ਤੱਕੋ ਓਪਰੀ ਜੇਹੀ ਨਜ਼ਰੇ
ਮੁਹੱਬਤ ਦਾ ਦਰਿਆ ਰੁਕਦਾ ਹੈ।
ਆਓ ਇੱਕ ਨਗਮਾ ਗਾਈਏ
ਗਾਉਣ ਲਈ ਮੌਸਮ ਇਹ ਢੁਕਦਾ ਹੈ
ਆਓ ਸਿੰਜੀਏ ਮੁਰਝਾਏ ਬਾਗ਼ਾਂ ਨੂੰ
ਦਰਿਆ ਕੰਢੇ ਔਹ ਬੂਟਾ ਸੁੱਕਦਾ ਹੈ।
ਮਨਸੂਰ ਸਭ ਸੂਲੀ ਵੱਲ ਜਾ ਰਹੇ
ਆਸ਼ਕ ਕਦੀ ਨਾ ਨਿਸ਼ਾਨਾ ਉੱਕਦਾ ਹੈ
ਜਾਓ ਦੌੜ ਜਾਓ ਮਜ਼੍ਹਬ ਦੇ ਪੁਜਾਰੀਓ
ਰੂਹਾਨੀਅਤ ਦਾ ਸ਼ੇਰ ਬੁੱਕਦਾ ਹੈ
ਚੜ੍ਹਿਆ ਸੂਰਜ ਨਾ ਲੁਕਦਾ ਹੈ
ਚੜ੍ਹਿਆ ਸੂਰਜ ਨਾ ਲੁਕਦਾ ਹੈ।

ਪ੍ਰਭਾਤ

ਮੈਂ ਉਸ ਪ੍ਰਭਾਤ ਦੀ ਚਿਰ ਤੋਂ ਉਡੀਕ ਕਰਦਾ ਹਾਂ
ਜਦੋਂ ਮਜ਼ਦੂਰ ਵੀ ਪੰਛੀਆਂ ਵਾਂਙੂ ਚਹਿਚਹਾ ਉੱਠਣਗੇ।
ਛਾਤੀ ਤਾਣ ਕੇ ਜਾਂ ਇਨਕਲਾਬ ਨੇ ਦਿੱਤੀਆਂ ਬਾਂਗਾਂ
ਫਿਰ ਕਾਲੀਆਂ ਰਾਤਾਂ ਦੇ ਸੀਨੇ ਵੀ ਥਰਥਰਾ ਉੱਠਣਗੇ।
ਜਦੋਂ ਸੂਰਜ ਨੇ ਆ ਕੇ ਸੁਨਹਿਰੀ ਸ਼ਾਨ ਦਿਖਲਾਈ
ਇਹ ਟਿਮਟਿਮਾਂਦੇ ਤਾਰੇ ਬੇਚਾਰੇ ਤਿਲਮਲਾ ਉੱਠਣਗੇ।
ਕ੍ਰਾਂਤੀ ਪਰਤਦੀ ਨੀ ਪਿੱਛੇ, ਲੋਕੀ ਨਜ਼ਰ ਅੰਦਾਜ਼ ਕਰਦੇ ਨੇ
ਹਰਨਾਕਸ਼, ਕਾਰੂੰਆਂ ਤੇ ਜ਼ਾਰਾਂ ਦੇ ਰੂਹ ਚਿਚਲਾ ਉੱਠਣਗੇ।
ਕਰਨਗੇ ਕੂਚ ਆਪੇ ਹੀ ਪੜੇ ਪੂੰਜੀਦਾਰਾਂ ਦੇ ਟੋਲੇ
ਬੰਦ ਖਾਨਿਆਂ 'ਚ ਬੰਦੀ ਵੀ ਜੰਜ਼ੀਰਾਂ ਛਣਕਾ ਉੱਠਣਗੇ।
ਕਿਸੇ ਖ਼ੈਰ ਨੀ ਕਰਨੀ ਵੈਰ ਲੈਣਗੇ ਪੂਰੇ
ਸਾਰੇ ਹਿਸਾਬ ਹੀ ਇੱਥੇ ਕਰਾ ਉੱਠਣਗੇ
ਨੱਚੇਗੀ ਕਾਲੀ ਮਾਈ ਡੌਰੂ ਵਜਾ ਧਰਤੀ 'ਤੇ
ਮੇਰੇ ਸ਼ੇਅਰ ਵੀ ਅੰਗਾਰ ਬਰਸਾ ਉੱਠਣਗੇ।
ਤੁਸਾਂ ਦੇਖ ਲੈਣਾ ਅੱਖੀਂ, ਕੋਈ ਆਏਗੀ ਨਵੀਂ ਰੌਣਕ
ਇੱਕ ਵੇਰ ਤੇ ਨੇਕੀ ਦੇ ਚੇਹਰੇ ਸਭ ਮੁਸਕਰਾ ਉੱਠਣਗੇ।
ਮੈਖ਼ਾਨੇ ਦੀ ਬਸਤੀ ਵਿੱਚ ਇੱਕ ਛਾਊ ਐਸੀ ਮਸਤੀ
ਸੁਰਾਹੀਆਂ ਤੇ ਪਿਆਲੇ ਵੀ ਸਭ ਨਸ਼ਿਆ ਉੱਠਣਗੇ।
ਛਿੜੇਗਾ ਰਾਗ ਬੁਲਬੁਲਾਂ ਦਾ ਬਾਗ਼ ਦੇ ਬੂਟੇ ਬੂਟੇ 'ਤੇ
ਨਾਲੇ ਚਹੁੰ ਕੂੰਟਾਂ ਦੇ ਗਵੱਈਏ ਗੀਤ ਸਭ ਗਾ ਉੱਠਣਗੇ।
ਅਜੇ ਕੋਈ ਨੀ ਸੁਣਦਾ ਮੈਂ ਠੋਕ ਵਜਾ ਕੇ ਕਹਿੰਦਾ ਹਾਂ
ਇਨ੍ਹਾਂ ਘਾਹੀਆਂ ਦੀ ਕਿਸਮਤ ਦੇ ਦੀਵੇ ਵੀ ਜਗਮਗਾ ਉਠਣਗੇ।
ਮੈਂ ਇਸੇ ਨੂੰ ਖਾਲਸਾ ਜੀ! ਖਾਲਸਾ ਰਾਜ ਕਹਿੰਦਾ ਹਾਂ
ਜਾਂ ਕਿਰਤੀਆਂ ਕਿਸਾਨਾਂ ਦੇ ਝੰਡੇ ਉੱਚੇ ਲਹਿਰਾ ਉੱਠਣਗੇ।

ਓ ਮਾਲਕਾ! ਮੀਂਹ ਬੰਦ ਕਰ *

ਓ ਮਾਲਕਾ! ਮੀਂਹ ਬੰਦ ਕਰ
ਕੋਠੇ ਗਰੀਬਾਂ ਦੇ ਢਹਿ ਗਏ
ਫਸਲਾਂ ਦੇ ਆਹੂ ਲਹਿ ਗਏ
ਆਸਾਂ ਦੀਆਂ ਲਾਸ਼ਾਂ ਹੋ ਗਈਆਂ
ਲੈਣੇ ਦੇ ਦੇਣੇ ਪੈ ਗਏ
ਏਨ੍ਹਾਂ ਦਾ ਕੋਈ ਪ੍ਰਬੰਧ ਕਰ
ਓ ਮਾਲਕਾ! ਮੀਂਹ ਬੰਦ ਕਰ।
ਉਜੜਿਆਂ ਨੂੰ ਕੀ ਉਜਾੜਨੈ
ਭੁੱਖੇ ਦੇਸ ਨੂੰ ਕਿਉਂ ਮਾਰਨੈ?
ਗੋਰੇ ਤਾਂ ਆ ਹੀ ਚੜ੍ਹੇ ਸੀ
ਕਾਲੇ ਵੀ ਉਤੇ ਚਾੜ੍ਹਨੈ

ਇਸ ਘਟਾ ਦਾ ਦਰ ਬੰਦ ਕਰ
ਓ ਮਾਲਕਾ! ਮੀਂਹ ਬੰਦ ਕਰ।
ਦੱਸ ਮਾਮਲਾ ਤਾਂ ਭਰਾਂਗੇ
ਬੇਕਾਰ ਭੁੱਖੇ ਮਰਾਂਗੇ?
ਤੇ ਮੌਤ ਦਾ ਘਰ ਭਰਾਂਗੇ?
ਓ ਮੇਹਰ ਦੀ ਬਖ਼ਸ਼ੰਦ ਕਰ
ਓ ਮਾਲਕਾ ਮੀਂਹ ਬੰਦ ਕਰ।
ਝੜੀਆਂ ਨੇ ਕੰਧਾਂ ਲੈ ਲਈਆਂ
ਕੰਧਾਂ ਨੇ ਜਿੰਦਾਂ ਲੈ ਲਈਆਂ
ਆਹ ਡਿਗ ਪਿਆ ਔਹ ਡਿਗ ਪਿਆ
ਰੋਣੇ ਤੇ ਚੀਖਾਂ ਪੈ ਗਈਆਂ
ਕੰਧਾਂ ਦਾ ਡਿਗਣਾ ਬੰਦ ਕਰ
ਓ ਮਾਲਕਾ! ਮੀਂਹ ਬੰਦ ਕਰ।
ਬੰਬਾਂ ਤੋਂ ਬਹੁਤ ਹੋ ਗਈ
ਜ਼ਖ਼ਮੀ ਲੁਕਾਈ ਹੋ ਗਈ
ਤੂੰ ਜਾਣਦੈ ਹੁਣ ਬਸ ਕਰ
ਜੋ ਹੋ ਗਈ ਸੋ ਹੋ ਗਈ
ਮੱਲ੍ਹਮਾਂ ਦਾ ਕੋਈ ਪ੍ਰਬੰਧ ਕਰ
ਓ ਮਾਲਕਾ! ਮੀਂਹ ਬੰਦ ਕਰ।

** 9 ਅਕਤੂਬਰ 1945 ਦੇ 'ਪੰਜਾਬ' ਅੰਮ੍ਰਿਤਸਰ ਅਖਬਾਰ ਵਿੱਚੋਂ ਇਹ ਕਵਿਤਾ ਲਈ ਹੈ। ਜ਼ਿਲ੍ਹਾ ਲੁਧਿਆਣਾ ਤੇ ਰਿਆਸਤ ਪਟਿਆਲਾ ਵਲ ਮੀਂਹ ਦਾ ਬਹੁਤ ਜ਼ੋਰ ਰਿਹਾ ਸੀ। ਲੋਕ ਫਰਿਆਦ ਦਾ ਜ਼ਿਕਰ ਕੀਤਾ ਹੈ।*

ਮੱਕੀ ਡਿੱਗ ਪਈ ਹੈ*

ਕੱਲ੍ਹ ਸੀ ਜੁਆਨੀ ਛਲਕਦੀ, ਚਰ੍ਹੀਆਂ ਸੀ ਚਰ ਚਰ ਕਰ ਰਹੀਆਂ
ਪੌਣਾਂ ਦੇ ਸਾਗਰ ਵਿੱਚ ਸੀ, ਮੱਛੀਆਂ ਦੇ ਵਾਂਗੂ ਤਰ ਰਹੀਆਂ।
ਕਿਸਾਨਾਂ ਦੀਆਂ ਆਸਾਂ ਲੰਮੀਆਂ, ਸਰਸਰ ਸੀ ਮਾਨੋ ਕਰ ਰਹੀਆਂ
ਮੱਕੀਆਂ ਮੁਟਿਆਰਾਂ ਵਾਂਙ ਸੀ, ਨੱਚਣ ਕਲੋਲਾਂ ਕਰ ਰਹੀਆਂ।
ਅੱਜ ਪਰ ਜੁਆਨੀ ਢਹਿ ਪਈ, ਜਾਂ ਮੀਂਹ ਸ਼ੀਂਹ ਬਣ ਗੱਜਿਆ
ਕੁਝ ਕਾਮਿਆਂ ਦੀ ਕਾਰ 'ਤੇ ਵੀ, ਖਾਧੀ ਨਾ ਉਸ ਨੇ ਲੱਜਿਆ।
ਆਖਰ ਗਰੀਬਾਂ ਦੀ ਆਹ ਵੀ, ਬਣ ਪੌਣ ਨ੍ਹੇਰੀ ਹੋ ਗਈ
ਬੱਦਲ ਦੀ ਬਦਲੀ ਹੋ ਗਈ, ਜਾਬਰ ਦੀ ਹਸਤੀ ਖੋ ਗਈ।

*(12, 13, 14 ਸਤੰਬਰ 1945 ਨੂੰ ਤੇਜ਼ ਬਾਰਸ਼ ਹੋਈ)**

ਦੰਭੀ ਸੰਤ ਤੇ ਕਿਰਤੀ ਸੰਤ

ਆਇਆ ਭੈੜਾ ਕੇਹਾ ਜ਼ਮਾਨਾ, ਮੱਖੀ ਬਣ ਬੈਠੀ ਪਰਵਾਨਾ।
ਕੋਇਲਾਂ ਦੀ ਥਾਂ ਕਾਂਵਾਂ ਮੱਲੀ, ਗਿੱਦੜਾਂ ਦੀ ਚੌਧਰ ਹੋ ਚੱਲੀ।
ਜਿਸ ਦਾ ਹੋਇ ਨਾ ਕੋਈ ਟਿਕਾਣਾ, ਤਣ ਲੈਂਦਾ ਉਹ ਚੌਧਰ ਤਾਣਾ।
ਜਿਸ ਦੀ ਕਾਰ ਨਾ ਕੋਈ ਚੱਲੇ, ਬਣ ਕੇ ਗੁਰੂ ਉਹ ਗੱਦੀ ਮੱਲੇ।
ਕੰਮ ਇਨ੍ਹਾਂ ਦੇ ਠੇਡੇ ਖਾਣਾ, ਸਮਝਦਾ ਨਹੀਂ ਇਹ ਬੁੱਧੂ ਲਾਣਾ।
ਅੰਨ੍ਹੇ ਇਹ ਨਾਲੇ ਦੁਨੀਆਂ ਅੰਨ੍ਹੀ, ਏਨਾਂ ਨੂੰ ਜੋ ਜਾਂਦੀ ਮੰਨੀ।
ਇਹ ਆਪ ਤਾਂ ਡੁੱਬੇ ਹੀ ਸੀ, ਵਿੱਚ ਖੁੱਭਣ ਦੇ ਖੁੱਭੇ ਹੀ ਸੀ
ਡੋਬਿਆ ਨਾਲ ਯਜਮਾਨਾਂ ਨੂੰ ਵੀ, ਭੋਲੇ ਭਾਲੇ ਇਨਸਾਨਾਂ ਨੂੰ ਵੀ।
ਇੱਕ ਨਹੀਂ ਵੇਖੇ ਕਈ ਹਜ਼ਾਰਾਂ, ਬੰਨ੍ਹੀ ਫਿਰਨ ਡਾਰਾਂ ਦੀਆਂ ਡਾਰਾਂ
ਵੱਖੋ ਵੱਖਰੀਆਂ ਰਚੀਆਂ ਥਾਂਵਾਂ, ਟੋਗੀ ਫਿਰਦੇ ਸੰਪਰਦਾਵਾਂ।
ਊੜੇ ਦੇਖੇ ਆੜੇ ਦੇਖੇ, ਵਾਵੇ ਦੇਖੇ ੜਾੜੇ ਦੇਖੇ
ਕਈ ਸੰਤਾਂ ਦੇ ਵਾੜੇ ਦੇਖੇ, ਚਾਹ ਦੇ ਪੈਂਦੇ ਪੁਆੜੇ ਦੇਖੇ।
ਕਈ ਰੰਗਾਂ ਦੇ ਸੰਤ ਦੇਖੇ, ਡੇਰਿਆਂ ਵਾਲੇ ਮਹੰਤ ਦੇਖੇ
ਕੂੰਡੇ ਸੋਟੇ ਖੜਕਾਉਂਦੇ ਵੇਖੇ, ਘੋਟੇ ਖ਼ੂਬ ਲਵਾਉਂਦੇ ਵੇਖੇ।
ਆਪਣਾ ਆਪ ਸਦਾਉਂਦੇ ਦੇਖੇ, 'ਸੰਤ ਮਹਾਰਾਜ' ਕਹਾਉਂਦੇ ਦੇਖੇ
ਸੌਂ ਸੌਂ ਮੰਜੇ ਤੋੜਦੇ ਵੇਖੇ, ਵੇਹਲੜ ਖੀਰਾਂ ਰੋੜ੍ਹਦੇ ਦੇਖੇ।
ਮਾਇਆ ਨੂੰ ਹੱਥ ਲਾਉਣਾ ਨਹੀਂ, ਬੈਂਕਾਂ ਭਰਦੇ ਜੋੜਦੇ ਦੇਖੇ।
ਬੀਬੇ ਬੀਬੇ ਦਾੜ੍ਹੇ ਦੇਖੇ, ਪਾਉਂਦੇ ਕਈ ਪੁਆੜੇ ਦੇਖੇ।
ਜਲਧਾਰਾ ਕਰਵਾਉਂਦੇ ਦੇਖੇ, ਭੋਰੇ ਕਈ ਪੁਟਾਉਂਦੇ ਦੇਖੇ।
ਦੁਧਾਧਾਰੀ ਫ਼ਕਰ ਦੇਖੇ, ਸੌ ਸੌ ਕਰਦੇ ਮੱਕਰ ਦੇਖੇ।
ਝੂਠੇ ਝੰਡੇ ਗਡਦੇ ਦੇਖੇ, ਚੋਰੀ ਦਿਨ ਵਿੱਚ ਕਰਦੇ ਦੇਖੇ।

ਜਿੰਨੇ ਫੜੇ ਫਕੀਰ ਏ ਦੇਖੇ, ਅੰਦਰੋਂ ਲੁੱਟੂਪੀਰ ਏ ਦੇਖੇ।
ਪਹਿਨੇ ਚਿੱਟੇ ਚੋਲੇ ਦੇਖੇ, ਵਿੱਚੋਂ ਕਾਲੇ ਕੋਲੇ ਦੇਖੇ
ਉੱਤੋਂ ਬੀਬੇ ਰਾਣੇ ਦੇਖੇ, ਪੱਤੇਬਾਜ਼ ਸਿਆਣੇ ਦੇਖੇ।
ਦੇਖੇ ਭੂਰੀ ਵਾਲੇ ਸੰਤ, ਦੇਖੇ ਕਮਲੀ ਵਾਲੇ ਸੰਤ
ਇੱਟ ਚੁੱਕੀ ਤੇ ਨਿਕਲੇ ਸੰਤ, ਸੰਤਾਂ ਦਾ ਨਾ ਆਵੇ ਅੰਤ ।
ਕੀ ਕੁਝ ਦੱਸਾਂ ਬੜਾ ਕੁਝ ਦੇਖਿਆ, ਦੇਖ ਦੇਖ ਕੇ ਮੱਥਾ ਟੇਕਿਆ
ਦਸਦਿਆਂ ਮੈਨੂੰ ਸ਼ਰਮ ਆਵੇ, ਰੱਬ ਇਨ੍ਹਾਂ ਲਈ ਇਉਂ ਫੁਰਮਾਵੇ,
'ਐਸਾ ਸੰਤ ਨ ਮੋ ਕਉ ਭਾਵਹਿ! ਡਾਲਾ ਸਿਉ ਪੇਡਾ ਗਟਕਾਵਹਿ'।
ਪਰ ਕਿਰਤੀ ਸਿੱਖ ਇੱਥੇ ਵਰਗੇ, ਨਹੀਂ ਡਿਠੇ ਕਿਤੇ ਇੱਥੇ ਵਰਗੇ
ਕਈ ਵੇਖੇ ਇੱਥੇ ਭਗਤ ਧੰਨੇ, ਲੀਰਾਂ ਵਿੱਚ ਲੁਕੇ ਹੀਰੇ ਪੰਨੇ।
ਬ੍ਰਹਿਮ ਰੂਪ ਪੂਰਨ ਭਗਵੰਤ, ਇਹ ਨਹੀਂ ਹਨ ਉਹ ਫੈਸ਼ਨੀ ਸੰਤ
ਇੱਕ ਹੱਥ ਖੁਰਪਾ ਇੱਕ ਹੱਥ ਮਾਲਾ, ਜਿਉਂਦਾ ਜੀਵਨ ਜੋਗੀਆਂ ਵਾਲਾ।
ਬਾਣੀ ਵਿੱਚ ਰਾਗ ਨੇ ਗਾਉਂਦੇ, ਐਵੇਂ ਨਹੀਂ ਚਿਮਟੇ ਖੜਕਾਉਂਦੇ
ਇੱਕ ਇੱਥੇ ਦਾ ਰੂਲ ਸੁਨਹਿਰੀ, ਵਿਹਲਿਆਂ ਵਾਸਤੇ ਪਰ ਹੈ ਜ਼ਹਿਰੀ
ਬਾਹਰੋਂ ਜੋ ਕੋਈ ਪ੍ਰੇਮੀ ਆਵੇ, ਤਿੰਨ ਦਿਨ ਮੁਫ਼ਤ ਪ੍ਰਸ਼ਾਦੇ ਖਾਵੇ
ਫੇਰ ਬਿਸਤਰਾ ਬੋਰੀਆ ਉਠਾਵੇ, ਨਹੀਂ ਜਾਣਾ, ਨਾਲ ਕੰਮ ਕਰਾਵੇ
ਖੁਰਪਾ ਫੜੇ ਖੇਤ ਨੂੰ ਜਾਵੇ, ਹਲ ਵਾਹੇ ਤੇ ਖੂਹ ਚਲਾਵੇ
ਦਸਾਂ ਨਹੁੰਆਂ ਦੀ ਕਰਕੇ ਕਾਰ, ਵੰਡ ਛਕਣ ਦਾ ਕਰੇ ਵਿਹਾਰ
ਕੀਰਤਨ ਸੁਣੇ ਸਿੱਖੇ ਤੇ ਗਾਵੇ, ਨੇਕੀ ਦਾ ਉਪਦੇਸ਼ ਕਮਾਵੇ
ਇਹ ਹੈ ਜੀਵਣ ਕਿਰਤੀ ਸਿਖਦਾ, ਇੱਥੇ ਹੈ, ਕਿਤੇ ਹੋਰ ਨਹੀਂ ਦਿਖਦਾ
ਧੰਨ ਦਸ਼ਮੇਸ਼ ਇਸ ਬਾਗ਼ ਦਾ ਮਾਲੀ, ਵਾੜੀ ਅਤਰ ਦੀ ਜਿਸ ਨੇ ਪਾਲੀ
ਧੰਨ 'ਭਗਵਾਨ' ਮੂਰਤੀ ਪਿਆਰੀ, ਜਿਨ੍ਹਾਂ ਸਾਂਭੀ ਇਹਦੀ ਪਹਿਰੇਦਾਰੀ
ਇਸੇ ਲਈ ਮੈਨੂੰ ਕਹਿਣਾ ਪੈਂਦਾ, ਚੁੱਪ ਕੀਤੇ ਨਹੀਂ ਰਹਿਣਾ ਪੈਂਦਾ
ਵਾਹ ਰੇਰੂ ਸਾਹਿਬ ਧੰਨ ਧੰਨ ਤੂੰ ਹੈਂ, ਪਿਆਰੇ ਮਾਲਵੇ ਦਾ ਚੰਨ ਤੂੰ ਹੈਂ।

ਇਕ ਖੁੱਲ੍ਹੀ ਚਿੱਠੀ

ਕਮਯੂਨਿਸਟ ਕਹਾਵਣ ਵਾਲਿਆ! ਓ ਦੇਸ ਭਗਤ ਸਦਾਵਣ ਵਾਲਿਆ!
ਦੇ ਦੇ ਕੇ ਲਾਰੇ ਬਹਿਸ਼ਤ ਦੇ, ਵੀਰਾਂ ਨੂੰ ਖਾਵਣ ਵਾਲਿਆ!
ਕੁਝ ਦੇਸ ਦੀ ਵੀ ਖ਼ਬਰ ਹੈ, ਕੁਝ ਮੁਲਕ ਦਾ ਵੀ ਫਿਕਰ ਹੈ
ਨਾ ਕਿ ਥਾਂ ਥਾਂ ਰੂਸ ਦਾ, ਫੜਿਆ ਇੱਕੋ ਹੀ ਜ਼ਿਕਰ ਹੈ।
ਜਰਮਨ ਨਾਲ ਕਦੀ ਯਾਰੀਆਂ, ਅੰਗਰੇਜ਼ ਨਾਲ ਕਦੀ ਆੜੀਆਂ
ਓ ਰੂਸ ਦਿਆ ਮਤਵਾਲਿਆ! ਵਤਨ ਨਾਲ ਕਿਉਂ ਵਿਗਾੜੀਆਂ।
ਚੱਕੀ ਇਹ ਝੋਈ ਰੱਖਣੀ, ਤੂੰ ਮੁਲਕ ਦੀ ਨਹੀਂ ਰੱਖਣੀ?
ਕਿੰਨਾ ਕੁ ਚਿਰ ਅਜੇ ਪਿਆਰਿਆ! ਲਾਹੀ ਏ ਲੋਈ ਰੱਖਣੀ।
ਇਉਂ ਤੇ ਨਹੀਂ ਸਾਰੀ ਹੰਢਣੀ, ਨੀਤੀ ਪਊ ਇਹ ਖੰਡਣੀ
'ਘਰ ਦਿਆਂ ਦੇ ਨਾਲੋਂ ਤੋੜ ਕੇ, ਬੇਗਾਨਿਆਂ ਨਾਲ ਗੰਢਣੀ।'
'ਸਾਥੀ' ਦੀਆਂ ਇਹ ਦਿਲਦਾਰੀਆਂ, ਕਿੱਦਾਂ ਨੇ ਇਹ ਦਿਲ ਦਾਰੀਆਂ
ਦੁਸ਼ਮਨ ਦੇ ਨਾਲ ਤਾਂ ਯਾਰੀਆਂ, ਵਤਨੀਆਂ ਦੇ ਗਲ਼ 'ਤੇ ਆਰੀਆਂ।'
ਦੇਸ ਨਾਲ ਗੱਦਾਰੀਆਂ, ਮਿਤ੍ਰਾਂ ਨਾਲ ਬੇ ਇਨਸਾਫੀਆਂ
ਕੀ ਇਹੋ ਨੇ ਕੁਰਬਾਨੀਆਂ, ਮੰਗ ਮੰਗ ਕੇ ਔਣਾ ਮਾਫੀਆਂ ?
ਕੀ ਇਹ ਵਤਨ ਦਾ 'ਮਾਨ' ਹੈ, ਯਾ ਕੀਤਾ ਗਿਆ ਅਪਮਾਨ ਹੈ
ਕੁਰਬਾਨ ਨਾਂ ਤਾਂ ਧਰ ਲਿਆ, ਕੀਤਾ ਵਤਨ ਕੁਰਬਾਨ ਹੈ।

ਸੌਖਾ ਕਹਾਉਣਾ ਮਨਸੂਰ ਹੈ, ਕੁਰਬਾਨੀ ਦੀ ਮੰਜ਼ਲ ਦੂਰ ਹੈ
ਮਨਸੂਰ ਤੇ ਕੈਦੋਂ ਝਿਜਕਣਾ, ਕਿੱਥੋਂ ਦਾ ਇਹ ਦਸਤੂਰ ਹੈ।
ਇਹੋ ਦਿਲ ਦਾ ਜੋਸ਼' ਸੀ, ਜੋ ਅੱਜ ਠੰਢਾ ਪੈ ਗਿਆ
ਕਿਧਰੇ 'ਸੁਤੰਤਰ' ਦੇਸ ਦਾ, ਬੇਹੇ ਪਾਣੀ ਵਿੱਚ ਬਹਿ ਗਿਆ।
ਦੇਸ ਨਾਲ ਗ਼ਦਾਰੀਆਂ, ਫਿਰ ਕੌਮ ਨਾਲ ਗ਼ਦਾਰੀਆਂ
ਫਿਰ ਧਰਮ ਨਾਲ ਗਦਾਰੀਆਂ, ਤੇ ਰੱਬ ਨਾਲ ਗ਼ਦਾਰੀਆਂ।
ਗ਼ਦਾਰੀਆਂ, ਗ਼ਦਾਰੀਆਂ, ਬਾਕੀ ਤਾਂ ਸਿਫਰਾਂ ਸਾਰੀਆਂ
ਤੇਰੇ ਹੀ ਕਾਰਣ ਹਿੰਦ ਨੇ, ਜਿੱਤ ਬਾਜ਼ੀਆਂ ਅੱਜ ਹਾਰੀਆਂ।
ਦੇਸ ਦਰਦ ਕੂਕਣ ਵਾਲਿਆ! ਓ ਦੇਸ ਫੂਕਣ ਵਾਲਿਆ,
ਹੁਣ ਸਮਝ ਜਾ ਹੁਣ ਬਾਜ ਆ, ਅਜ਼ਾਦੀ ਲਿਆਵਣ ਵਾਲਿਆ।
ਵਿਗੜੀ ਨੂੰ ਹੋਰ ਵਿਗਾੜਨੈ, ਕਿਉਂ ਦੇਸ ਦਾ ਸੀਨਾ ਪਾੜਨੈ
ਦੇਸ ਭਗਤੀ ਤੇਰਾ ਧਰਮ ਨਹੀ? 'ਭਲਾ ਹਿੰਦ ਦਾ' ਤੇਰਾ ਕਰਮ ਨਹੀਂ?
ਦਸ ਲਾਲ ਝੰਡਾ ਚੁੱਕ ਕੇ, ਆਉਂਦੀ ਜ਼ਰਾ ਤੈਨੂੰ ਸ਼ਰਮ ਨਹੀ;
ਅਗਲੀ ਨਸਲ ਕੀ ਕਹੇਗੀ, ਸਦਾ ਹੀ ਕਹਿੰਦੀ ਰਹੇਗੀ।
"ਕਮਯੂਨਿਸਟ ਰੂਸ ਦਾ ਯਾਰ ਸੀ, ਪਰ ਦੇਸ ਦਾ ਗ਼ੱਦਾਰ ਸੀ
ਉਹ ਉਸ ਦੇ ਲਈ ਪੇਟੰਟ ਸੀ; ਉਸੇ ਦਾ ਰਿਹਾ ਏਜੰਟ ਸੀ।
ਕੀਤਾ ਵਤਨ 'ਤੇ ਕਹਿਰ ਉਸ, ਪਿਲਾਈ ਭਰਾਵਾਂ ਨੂੰ ਜ਼ਹਿਰ ਉਸ
ਧਿਰਕਾਰ ਹੈ ਧਿਰਕਾਰ ਹੈ, ਲੱਖ ਵੇਰ ਉਹਨੂੰ ਫ਼ਿਟਕਾਰ ਹੈ।"
ਅੱਛਾ ਬੀਤੀਆਂ ਜੋ ਬੀਤੀਆਂ, ਹਾਲੀ ਵੀ ਸਮਝੋ ਵੀਰਨੋ
ਇਹ ਬਦਦੁਆਵਾਂ ਨਾ ਲਵੋ, ਰੋਵੋਗੇ ਫਿਰ ਅਖੀਰਨੋ।
ਛੱਡੋ ਹੁਣ ਰੂਸ ਦੀਆਂ ਯਾਰੀਆਂ ਕਰੋ ਦੇਸ ਖਾਤਰ ਤਿਆਰੀਆਂ
ਮਿਲ ਕੇ ਅਜ਼ਾਦੀ ਲੱਭ ਲਓ, ਰੂਹਾਂ ਵਤਨ ਦੀਆਂ ਸਾਰੀਆਂ।

ਵਲੈਤਨਾਮਾ

ਇਹ ਹੈ ਵਲੈਤ ਸ਼ੈਤ ਦ੍ਵੈਤ ਨਾ ਕਿਤੇ ਵੀ ਕੋਈ,
ਕਾਲੇ ਗੋਰੇ ਰੰਗ ਦੇ ਜ਼ਰੂਰ ਰੰਗ ਨਿਆਰੇ ਨੇ।
ਯੰਗ ਗੋਰੇ ਗੋਰੀਆਂ ਦੇ ਘੋਰਮਸੋਰੇ ਜਿਹੜੇ,
ਲੱਗਦੇ ਪਿਆਰੇ ਅਤੇ ਬੰਨ੍ਹਦੇ ਨਜ਼ਾਰੇ ਨੇ।
ਕਿਤੇ ਹੋ ਜੇ ਤਲਾਕ ਜ਼ਰਾ ਹੋਈ ਨਾ ਖੜਾਕ,
ਮੈਂ ਵੇਖਾਂ ਝਾਕ ਝਾਕ ਕੀ ਵਰਤੇ ਵਰਤਾਰੇ ਨੇ।
ਚਾਹੇ ਪਿੰਡ ਚਾਹੇ ਸ਼ਹਿਰ ਪਰ ਕਿਤੇ ਵੀ ਨਾ ਦਿਸੇ ਖੈਰ,
ਪੈਰ ਪੈਰ ਉੱਤੇ ਪੈਰ ਪ੍ਰੀਤਾਂ ਨੇ ਪਸਾਰੇ ਨੇ।੧।
ਲੰਡਨ ਸ਼ਹਿਰ ਲਗੀ ਲਹਿਰ ਬਹਿਰ ਬੜੀ,
ਮਾੜੀਆਂ ਮਹਲ ਜਿਉਂ ਪਰਬਤ ਖਲ੍ਹਾਰੇ ਨੇ।

ਬਾਗ਼ ਤੇ ਬਗ਼ੀਚੇ ਬੜੇ ਰਹਿਣ ਦੇ ਤਰੀਕੇ ਬੜੇ,
ਸੁਰਗਾਂ ਦੇ ਸਲੀਕੇ ਇਹਤੋਂ ਜਾਣ ਬਲਿਹਾਰੇ ਨੇ।
ਛੇਤੀ ਛੇਤੀ ਪੌਣ ਪੁੱਛੇ ਕੌਣ ਏ ਪ੍ਰਾਹੁਣੇ ਆਏ,
ਮੇਘ ਮਸਤਾਨੇ ਆਇ ਛੱਡਦੇ ਫੁਹਾਰੇ ਨੇ।
ਉੱਤੋਂ ਪੈਂਦੀ ਬਰਫ਼ ਲਿਖੇ ਸਰਦੀ ਦੇ ਹਰਫ਼,
ਮਾਨੋ ਚਾਰੋਂ ਤਰਫ਼ ਫਰਸ਼ ਚਾਂਦੀ ਦੇ ਖਿਲਾਰੇ ਨੇ।੨।
ਲੰਮੀ ਲੰਮੀ ਸੜਕਾਂ ਦੀ ਮੜਕ ਲਈ ਨਾ ਜਾਵੇ,
ਕਾਰਾਂ ਦੀਆਂ ਕਤਾਰਾਂ ਕੂੰਜਾਂ ਖੰਭ ਜਿਉਂ ਪਸਾਰੇ ਨੇ।
ਬਿਜਲੀ ਦੇ ਲਾਟੂ ਕਹਿੰਦੇ ਅੱਜ ਅਸਮਾਨ ਪਾਟੂ,
ਚੰਦ ਸੂਰਜ ਤਾਰੇ ਖੁਦ ਦਿੰਦੇ ਆ ਦੀਦਾਰੇ ਨੇ।
ਗਿਰਜੇ ਵੀ ਬੜੇ ਬੜੇ ਮਿਰਜ਼ੇ ਵੀ ਥਾਂ ਥਾਂ ਖੜ੍ਹੇ,
ਮੇਮਾਂ ਮੁਟਿਆਰਾਂ ਕਈ ਸਾਹਿਬ ਸ਼ਿੰਗਾਰੇ ਨੇ।
ਡਿਸਕੋਅ ਡਾਨਸ ਤੇ ਇਸ਼ਕ ਦਾ ਬਣੇ ਚਾਨਸ,
ਫਿਰਦੇ ਫ੍ਰੀ ਲਾਨਸ੍ਰ ਕਈ ਪ੍ਰੀਤ ਵਣਜਾਰੇ ਨੇ ।੩।
ਸ਼ਰਾਬ ਤੇ ਕਬਾਬ ਦਾ ਹਿਸਾਬ ਚੱਲੇ ਨਾਲ ਨਾਲ,
ਪੱਬੀਂ ਤੇ ਕਲੱਬੀ ਵੜੇ ਛੜੇ ਜਾਂ ਕੁਆਰੇ ਨੇ।
ਤੁਰੇ ਜਾਂਦਿਆਂ ਪਏ ਵਾਹ ਇਥੇ ਵਿਆਹ ਦਾ ਕੀ ਰਾਹ,
ਕੋਈ ਘਰ ਵੀ ਨਾ ਘਾਟ ਹੁੰਦੇ ਸੋਲਾਂ ਦੂਣੀ ਆਠ,
ਕਾਕੇ ਕਾਕੀ ਫਟਾਫਟ ਆਣ ਕੌਂਸਲਾਂ ਸੰਭਾਲੇ ਨੇ।
ਬੈਗੀਅੰਰ ਸਭ ਤੋੜ ਛੱਡੇ ਕੈਰੀਅਰ ਮਰੋੜ ਛੱਡੇ,
ਰੜੇ ਰੂਲ ਰੋੜ੍ਹ ਛੱਡੇ ਟੇਮਜ਼ ਕਿਨਾਰੇ ਨੇ। ੪।
ਮਾਪੇ ਵੀ ਸਿਆਪੇ ਛੋੜ ਮਨ ਵਿੱਚ ਹੁੰਦੇ ਰਾਜ਼ੀ,

'ਕੁੜੀ ਦਾ ਬੁਆਇ ਫ੍ਰੈਂਡ ਲੱਗਾ ਵੈਰੀ ਗੁਡ ਹੈ'।
ਲੱਭੇ ਨਵਾਂ ਆਲ੍ਹਣਾ ਤੇ ਸਾਲਣਾ ਬਣਾਵੇ ਖੁਦ,
ਬਾਕੀ ਸਭ ਹੁੰਦਾ ਜੋ ਕਿ ਅੰਡਰਸਟੁਡ ਹੈ।
ਹੁਸਨ ਜੁਆਨੀ ਦੇ ਵਰੋਲੇ ਨੇ ਮਧੋਲੇ ਲੋਕ,
ਭੋਲੇ ਭੋਲੇ ਛੋਹਰੇ ਸਮਝੇ ਇਹੋ ਹਾਲੀਵੁਡ ਹੈ।
ਫੈਕਟਰੀ ਦੀ ਕਾਰ ਕੋਈ ਰਹੇ ਨਾ ਬੇਕਾਰ,
ਹਰ ਲਾਵੇ ਜਾ ਦਿਹਾੜ ਕੰਮ ਚੰਗੇ ਚਾਹੇ ਮਾੜੇ ਨੇ।
ਅੱਠ ਘੰਟੇ ਦੀ ਸ਼ਿਫਟ ਕੋਈ ਰੌਲਾ ਨਾ ਰਿਫਟ,
ਸਾਰਾ ਟੱਬਰ ਗ੍ਰਿਫਤ ਜੰਦੇ ਘਰਾਂ ਤਾਈਂ ਮਾਰੇ ਨੇ।
ਨਿਆਣੇ ਕਚਿਆਣੇ ਚੱਕ ਕ੍ਰੈਚਾਂ ਵਿੱਚ ਛੱਡੇ ਡੱਕ,
ਬੁੱਢਾ ਬੁੱਢੀ ਘਰੋਂ ਉੱਠ ਪਹੁੰਚੇ ਗੁਰਦੁਆਰੇ ਨੇ।
ਕਰੂ ਕੀ ਪ੍ਰਾਹੁਣਾ ਜੀਹਨੇ ਛਕਣਾ ਤੇ ਸੌਣਾ,
ਪੈਰ ਪੈਰ ਉੱਤੇ ਪਏ ਪੌਂਡਾਂ ਦੇ ਪੁਆੜੇ ਨੇ। ੬।
ਦੇਸ ਵਿੱਚੋਂ ਆਇਆਂ ਕਈ ਨੱਢੀਆਂ ਵੀ ਛੱਡੀਆਂ ਜੋ,
ਦੱਸੋ ਉਨ੍ਹਾਂ ਰੱਬ ਦੇ ਜੀ ! ਕੀ ਮਾਂਹ ਮਾਰੇ ਨੇ।
ਏ ਮੁੰਡੇ ਮੂੰਹ ਫਟ ਝਟ ਆੜੀ ਲੈਂਦੇ ਕੱਟ,
ਨਵੇਂ ਸੌਦੇ ਫਟਾਫਟ ਬੇਵਫਾ ਬੁਰਿਆਰੇ ਨੇ।
ਬਾਹਰਲਾ ਪਾਲਾ ਵੀ ਹੈ ਮਾਰਦਾ ਗਰੀਬਾਂ ਤਾਈਂ,
ਅੰਦਰਲੇ ਪਾਲੇ ਨੇ ਵੀ ਕਈ ਲੋਕ ਮਾਰੇ ਨੇ।
ਚੱਲ ਉੱਠ ਚਲੀਏ ਵੇ ਯਾਰਾ ! ਪੰਜਾਬ ਦੇਸ,
ਪੈਰ ਪੈਰ ਉੱਤੇ ਪਾਏ ਪੌਂਡਾ ਨੇ ਪੁਆੜੇ ਨੇ ।੭।

(28-12-89)

ਬਹੁਰੰਗੀ ਇਸਤ੍ਰੀ

ਬੁੱਤ ਬਣਾਯਾ ਮਰਦ ਦਾ ਪਹਿਲੋਂ ਸਾਰੀ ਦੁਨੀਆਂ ਸਾਜੀ
ਕਰਦਿਆਂ ਬਹੁਤ ਤਜਰਬਾ ਆਇਆ ਬ੍ਰਹਿਮਾ ਸੋਚਿਆ ਤਾਂ ਜੀ
ਸਭ ਦੁਨੀਆਂ 'ਚੋਂ ਲੈ ਸੁਹੱਪਣ, ਇੱਕ ਐਸੀ ਸ਼ੈ ਬਣਾਵਾਂ
ਜਿਸ ਨੂੰ ਤੱਕੇ ਸਾਰਾ ਜੱਗ ਈ ਹੋਵੇ ਦਿਲ ਖੁਸ਼ ਰਾਜ਼ੀ।

ਸੋਨੇ ਪਾਸੋਂ ਲੈ ਸੁਹੱਪਣ ਤਨ ਦੀ ਡੌਲ ਬਣਾਈ
ਖੇੜਾ ਲੈ ਕਲੀਆਂ ਦੇ ਕੋਲੋਂ ਮੂੰਹ ਮੁਸਕਰਾਹਟ ਪਾਈ
ਚਾਲ ਸਿਖਾਈ ਮੋਰਾਂ ਵਾਲੀ, ਪਾਈਆਂ ਮ੍ਰਿਗ 'ਥੋਂ ਅੱਖਾਂ
ਚੰਚਲਤਾ ਜੱਗ ਦੀ ਕਰ ਕੱਠੀ ਹੱਥ ਏਸ ਦੇ ਵਿੱਚ ਪਾਈ।

ਮੁਖੜਾ ਚੰਦ ਵਾਲਾ ਲੈ ਅਰਸ਼ੋਂ ਸੁੰਦਰਤਾ ਲਿਸ਼ਕਾਈ
ਪਾਸ ਹੀ ਕਾਲੇ ਬੱਦਲਾਂ ਵਾਲੀ ਛਬ ਸਿਰ 'ਤੇ ਠਹਰਾਈ
ਬੁੱਤ ਬਣਾ ਕੇ ਕਾਮਦੇਵ 'ਥੋਂ ਰੂਹ ਹੁਸਨੇਲੀ ਪਾਈ
ਬ੍ਰਹਮਾ ਦੇਖ ਬੜਾ ਖੁਸ਼ ਹੋਇਆ, ਤੱਕ ਤੱਕ ਨਿਜ ਚਤਰਾਈ।

ਦੁਨੀਆਂ ਸਾਜਣ ਦੀ ਖੁਸ਼ੀ ਪੂਰੀ, ਅੱਜ ਰੱਬੋਂ ਮੈਂ ਪਾਈ
ਮੈਨੂੰ ਲੋੜ ਨਾ ਰਹੀਆ ਕਾਈ, ਨਾ ਕੋਈ ਕਾਰ ਏ ਮੈਨੂੰ
ਮੈਥੋਂ ਖੁਸ਼ੀ ਨਾ ਜਾਵੇ ਸਾਂਭੀ ਰੂਹ ਮੇਰੀ ਨਸ਼ਿਆਈ
ਆਪੇ 'ਦੀਨ' ਚਲਾਊ ਇਹ ਸਭ, ਜੱਗ ਦੀ ਕਾਰਵਾਈ।

(1939)

ਰਾਂਝਣ ਨਾ ਕਰ ਬੇਪਰਵਾਹੀਆਂ

ਰਾਂਝਣ ਤੇਰੀਆ ਬੇਪਰਵਾਹੀਆਂ!
ਤੱਤੀ ਹੀਰ ਮੈਂ ਮਾਰ ਮੁਕਾਈਆਂ
ਕਦੀ ਟੁਰ ਜਾਨੈ ਮਝੀਆਂ ਚਾਰਨ
ਕਾਲੀਆਂ ਬੂਰੀਆ ਬੇਲੀ ਵਾੜਨ
ਕਿਤੇ ਨੇ ਚੌਧਰਾ ਚਾਈਆਂ।
ਕਦੀ ਬਹਿ ਜਾਨੈਂ ਝਨਾਂ ਕਿਨਾਰੇ
ਵੰਝਲੀ ਵਾ ਵਾ ਸਾਨੋਂ ਮਾਰੇਂ
ਪਾ ਪਾ ਜ਼ੁਲਫ਼ ਦੀਆਂ ਫਾਹੀਆਂ।
ਬਣ ਜੋਗੀ ਕਦੀ ਫੇਰੀਆ ਪਾਉਨੈ!
ਜਟਾਂ ਲਟਕਾਉਨੈ ਕੰਨ ਪੜਵਾਉਨੈ
ਕਦੇ ਆ ਕਰੇਂ ਦਵਾਈਆਂ।
ਪਾਲ਼ੀ ਵੈਦ ਤੇ ਜੋਗੀ ਸਾਜਨ!
ਸੁਹਣੇ ਮੈਂਡੜੇ ਦਿਲ ਦੇ ਰਾਂਝਣ
ਨਾ ਕਰ ਬੇਪਰਵਾਹੀਆਂ ।

ਵਿਯੋਗਣ ਹੀਰ ਦੀ ਉਮੰਗ

ਉਹ ਸੀ ਮੇਰੇ ਕੋਲ ਮੈਂ ਸੀ ਉਸ ਦੇ ਕੋਲ
ਹਾਂ ਸਿਆਲਾਂ ਦੇ ਬੇਲਿਆਂ ਕੋਲ ਤੇ ਮਝੀਆਂ ਦੇ ਮੇਲਿਆਂ ਕੋਲ
ਤੇ ਝਨਾਂ ਦੇ ਕੰਢਿਆਂ ਕੋਲ ਅਸੀਂ ਸਾਂ ਦੋਨੋਂ ਕੋਲੋ ਕੋਲ
ਹੁਣ ਮੈਂ ਰੰਗਪੁਰ ਦੇ ਦਿਲ ਤੰਗਾਂ ਕੋਲ
ਉਹ ਜੋਗੀਆਂ ਨੰਗ ਮਲੰਗਾਂ ਕੋਲ
ਹੋ ਗਏ ਹਾਂ ਇਉਂ ਦੂਰੋਂ ਦੂਰ, ਕਦੀ ਫਿਰ ਹੋਵਾਂਗੇ ਕੋਲੋ ਕੋਲ?
ਮੇਰੇ ਕਾਹਲੇ ਦਿਲ ਨਾ ਡੋਲ, ਰੱਖ ਉਡੀਕਾਂ ਮੂੰਹੋਂ ਨਾ ਬੋਲ
ਉਸੇ ਝੰਗ ਸਿਆਲਾ ਕੋਲ, ਹੋਊ ਜ਼ਰੂਰ ਉਹ ਵੀ ਕੋਲ
ਇੰਨੀ ਕੁ ਵਾਟ ਤਾਂ ਕੱਢਣੀ ਹੀ ਪੈਂਦੀ
ਲੋਕ ਲਾਜ ਤਾਂ ਛੱਡਣੀ ਹੈ ਪੈਂਦੀ
ਆਵੇਗਾ ਇੱਕ ਅਰਸ਼ੀ ਝੋਲ, ਹੋਵਾਂਗੇ ਦੋਵੇਂ ਕੋਲੋ ਕੋਲ।

ਅਰਜ਼ੋਈ

ਹੇ ਪਤੀ ਦੇਵ!
ਮੈਂ ਨਾਰੀ ਹਾਂ
ਬਖਸ਼ਿਸ਼ ਦੀ ਲਹਿਰ ਮੰਗਦੀ ਹਾਂ
ਆਪਣੇ ਪਤੀ ਦੇਵ ਦੀ ਖ਼ੈਰ ਮੰਗਦੀ ਹਾਂ।
ਮੈਂ ਮਾਂ ਹਾਂ
ਮੇਰੇ ਬੱਚਿਆਂ ਨੂੰ ਬਚਾ ਕੇ ਰੱਖਣਾ
ਮੇਰੇ ਘਰ ਨੂੰ ਜਗਾ ਸਜਾ ਕੇ ਰੱਖਣਾ।
ਕੀ ਹੋਇਆ ਜੇ ਮੈਨੂੰ ਜਾਣਾ ਪੈ ਗਿਆ ਹੈ
ਮੌਤ ਦਾ ਗੀਤ ਗਾਣਾ ਪੈ ਗਿਆ ਹੈ
ਮੇਰੇ ਬਿੰਦੀ ਨੂੰ ਵਰਚਾ ਕੇ ਰੱਖਣਾ
ਇਸ ਦੇ ਝੱਗਾ ਗੁਲਾਬੀ ਪਾ ਕੇ ਰੱਖਣਾ।
ਮੈਂ ਆਪਣੇ ਬਾਬਲ ਦੀ ਬੇਟੀ ਹਾਂ
ਚੰਨਣ ਦੀ ਖ਼ੁਸ਼ਬੋਆਂ ਸੰਗ ਲਪੇਟੀ ਹਾਂ
ਮੇਰੀਆਂ ਸਹੇਲੀਆਂ ਨੂੰ ਦੁਆ ਸਲਾਮ ਕਹਿਣੀ
ਸਲਮਾ ਨੂਰੀ ਸ਼ੇਰੋ ਨੂੰ ਅਲਵਿਦਾ ਕਹਿਣੀ।

ਟੁੱਟਾ ਸਾਜ਼

ਕਸਮ ਤੇਰੀ ਤੇਰੇ ਹੀ ਨਾਂ ਉੱਤੇ
ਸਾਨੂੰ ਬੜੀਆਂ ਹੀ ਚਿੱਠੀਆਂ ਆਈਆਂ ਨੇ
ਬੜਾ ਢੂੰਡ ਥੱਕੇ ਪਰ ਨੀ ਪਤਾ ਲੱਗਾ
ਕਿੱਥੇ ਬੈਠ ਤੂੰ ਚਿੱਠੀਆਂ ਏਹ ਪਾਈਆਂ ਨੇ
ਜੇ ਕੁਝ ਪਤਾ ਲੱਗਦਾ ਸਾਨੂੰ ਵਾਸ ਤੇਰਾ
ਲੱਭ ਲੈਣਾ ਸੀ ਤੇਰੀਆਂ ਜਾਈਆਂ ਨੇ
ਐਸੀ ਝੁੱਲੀ ਅਨ੍ਹੇਰੀ ਜੁਦਾਈਆਂ ਦੀ
ਪੈੜਾਂ ਤੇਰੀਆਂ ਕਿਤੋਂ ਨਾ ਥਿਆਈਆਂ ਨੇ
ਹੁਣ ਕੀ ਕਰੀਏ ਤੇ ਕੀ ਨਾ ਕਰੀਏ
ਪਿਆ ਝਪਟਦਾ ਕਾਲ ਦਾ ਬਾਜ਼ ਆਵੇ
ਅਸੀਂ ਸੁਣਨ ਦੇ ਸ਼ੌਕ ਵਿੱਚ ਚੁੱਪ ਬੈਠੇ
ਟੁੱਟੇ ਸਾਜ਼ ਦੀ ਪਰ ਨਾ ਵਾਜ ਆਵੇ।

(1976)

ਉਰਵਾਰ ਪਾਰ

ਉਨ੍ਹਾਂ ਦਾ ਇਨਕਾਰ ਵੀ ਅੱਜ ਇਕਰਾਰ ਵਰਗਾ ਹੈ
ਸ਼ਾਮ ਦਾ ਮੇਲ ਪਿਆ ਲੱਗਦਾ ਸੁਬਹਾਸਾਰ ਵਰਗਾ ਹੈ
ਪਤਾ ਨੀ ਬਹਾਰ ਨੇ ਕੀ ਜਾਦੂ ਹੈ ਪਾਇਆ
ਹਰ ਇੱਕ ਫੁੱਲ ਅੱਜ ਲੱਗਦਾ ਯਾਰ ਵਰਗਾ ਹੈ
ਸਾਡਾ ਇਸ਼ਕ ਭਾਵੇਂ ਗੁਨਾਹਗਾਰ ਵਰਗਾ ਹੈ
ਪਰ ਉਸ ਦਾ ਸ਼ੌਕ ਤਾਂ ਬਖਸ਼ਣਹਾਰ ਵਰਗਾ ਹੈ
ਕਿਤਨੀ ਕੀਮਤ ਬਦਲ ਦਿੱਤੀ ਹੈ ਜ਼ਮਾਨੇ ਨੇ
ਜ਼ੁਲਫ ਦਾ ਨਾਗ ਵੀ ਜਾਪੇ ਅੱਜ ਹਾਰ ਵਰਗਾ ਹੈ
ਭਵਸਾਗਰਾਂ ਨੂੰ ਲੰਘ ਕੇ ਕੀ ਮੁਕਤੀ ਲੈਣੀ ਹੈ
ਸਾਨੂੰ ਉਰਵਾਰ ਵੀ ਲੱਗਦਾ ਪਾਰ ਵਰਗਾ ਹੈ।

ਗ਼ੁਲਸਤਾਨ ਅੱਛਾ ਹੈ

ਬੱਦਲਾਂ ਦੀ ਕਿਣਮਿਣ ਅੱਛੀ ਹੈ,
ਧੁੰਦਲਾ ਅਸਮਾਨ ਅੱਛਾ ਹੈ।
ਇੱਕ ਫੁੱਲ ਦੀ ਗੱਲ ਕਿਉਂ ਕਰੀਏ,
ਸਾਰਾ ਹੀ ਗ਼ੁਲਸਤਾਨ ਅੱਛਾ ਹੈ।
ਉਂਜ ਬਾਗ਼ੀਂ ਕਈ ਫੁੱਲ ਖਿੜਦੇ ਨੇ,
ਮੇਰਾ ਸੱਜਣਾਂ ਦਾ ਮੁਸਕਾਨ ਅੱਛਾ ਹੈ।
ਬੁਲਬੁਲ ਦਾ ਗ਼ਿਲਾ ਵੀ ਜਾਇਜ਼ ਹੈ,
ਫਿਰ ਵੀ ਉਹ ਬਾਗ਼ਬਾਨ ਅੱਛਾ ਹੈ।

ਕੀ ਹੋਇਆ ਉਸ ਦੀ ਯਾਦ ਤੰਗ ਕਰੇ,
ਪਰ ਜ਼ਾਲਮ ਮਿਹਰਬਾਨ ਅੱਛਾ ਹੈ।
ਬਦਖ਼ੋਈ ਹੋਈ ਤਾਂ ਕੀ ਹੋਈ,
ਆਪ ਅੱਛੇ ਹੋ ਸਾਰਾ ਜਹਾਂ ਅੱਛਾ ਹੈ।
ਮਲਾਹੋ! ਕਿਨਾਰੇ ਕਿਉਂ ਲੱਭਦੇ ਹੋ,
ਮੇਰੀ ਕਿਸ਼ਤੀ ਲਈ ਤੂਫ਼ਾਨ ਅੱਛਾ ਹੈ।
ਮੰਦਰਾਂ ਦੇ ਸਨਮ ਦੀ ਗੱਲ ਛੱਡੋ,
ਸਾਨੂੰ ਤਾਂ ਕਲਮਾਂ ਦਾ ਭਗਵਾਨ ਅੱਛਾ ਹੈ।

ਉਡੀਕ

ਮੌਲੀ ਧਰਤੀ ਸਬਜ਼ ਰੰਗ ਹੋ, ਮੌਲੇ ਗਗਨ ਦੇ ਤਾਰੇ
ਥਾਂ ਥਾਂ ਅਜਬ ਬਹਾਰਾਂ ਛਾਈਆਂ, ਖੇੜੇ ਪੈਰ ਪਸਾਰੇ
ਨਿੱਖਰਿਆ ਹੁਸਨ ਬੂਟਿਆਂ ਦਾ ਅੱਜ, ਫੁੱਲ ਡਾਲ ਮੁਸਕਰਾਏ
ਕੀ ਸਖੀ! ਸਾਡੇ ਆਂਗਣ ਮਾਹੀ, ਆਏ ਯਾ ਨਹੀਂ ਆਏ?
ਕਿਸ ਮਾਹੀ ਨੂੰ ਤੂੰ ਪਈ ਲੋਚੇਂ, ਉਹ ਬਹਾਰ ਬਣ ਆਇਆ
ਹਰ ਫੁੱਲ ਡਾਲੀ ਪੱਤੇ ਅੰਦਰ, ਉਸੇ ਰੂਪ ਵਟਾਇਆ
ਇਹ ਵੇਖਾਂਗੀ ਫੇਰ ਅੱਜ, ਪਰ ਤੇਰਾ ਗਿਆਨ ਨਾ ਭਾਏ
ਜਾ ਸਖੀ! ਦੇਖ ਆਂਗਨ ਵਿੱਚ ਮਾਹੀ ਆਏ ਯਾ ਨਹੀਂ ਆਏ।

(3-1-50)

ਵਿਯੋਗੀਆਂ ਦਾ ਗੀਤ

ਉੱਚੀਆਂ ਲੰਮੀਆਂ ਟਾਹਲੀਆਂ ਤੇ ਲੰਮੇ ਲੰਮੇ ਅਸ਼ੋਕ
ਛੱਡ ਕੇ ਕਿਧਰ ਆ ਗਏ, ਇਸ ਪੱਥਰਾਂ ਦੇ ਲੋਕ।
ਕਿੱਥੇ ਤੇਰੀਆਂ ਮਹਲ ਤੇ ਮਾੜੀਆਂ, ਕਿੱਥੇ ਰਹਿ ਗਿਆ ਤੇਰਾ ਸਮਾਨ
ਵੇ ਲਾਲ ਦਮਾ ਦਿਆ ਲੋਭੀਆ, ਕਿੱਥੇ ਆ ਖੋਲ੍ਹੀ ਦੁਕਾਨ।
ਇੱਥੇ ਭਾਂਤ ਭਾਂਤ ਦੇ ਬੂਟੜੇ, ਤੇਰੇ ਆਂਗਣ ਦੇ ਵਿਚਕਾਰ
ਹਰ ਪਾਸੇ ਹਰਿਆਲੀ ਹੱਸਦੀ, ਫੁੱਲਾਂ ਲਾਈ ਬਹਾਰ।

ਤੇਰੀਆਂ ਕਿਕਰਾਂ ਤੇ ਕੰਡਿਆਲੀਆਂ ਤੇ ਕੀ ਇਨ੍ਹਾਂ ਦੀ ਛਾਂ
ਕੀ ਫਲ ਫੁੱਲ ਨੇ ਲੱਗਦੇ, ਤੇ ਕੀ ਇਨ੍ਹਾਂ ਦਾ ਨਾਂ।
ਪੱਥਰਾਂ ਦਾ ਇਹ ਦੇਸ ਹੈ, ਪੱਥਰ ਦਿਲ ਇਹ ਲੋਕ
ਕਿਉਂ ਚਿੱਟੀ ਚਮੜੀ ਭੁਲਿਐ, ਇਹ ਅੰਦਰੋਂ ਫੋਕ ਦੇ ਫੋਕ।
ਮਕਰਾਂ ਨੇ ਮਨ ਮੋਹ ਲਿਆ, ਚਿੱਟੀ ਚਾਂਦੀ ਦੀ ਚਮਕਾਰ
ਦਾਣਾ ਪਾਣੀ ਲੈ ਗਿਆ, ਕਿੱਥੇ ਉਤਰੀ ਪੰਛੀਆਂ ਦੀ ਡਾਰ।
ਨਾ ਪਾਣੀ ਦੀ ਬੂੰਦ ਹੈ, ਨਾ ਬੰਦਿਆਂ ਦੀ ਬਹਾਰ
ਕਿੱਥੇ ਇੱਥੋਂ ਲੱਭੀਏ, ਕੋਈ ਹਾਸਿਆਂ ਦੀ ਛਣਕਾਰ।
ਘੁੱਗ ਵਸਦਾ ਸ਼ਹਿਰ ਛੱਡ ਕੇ, ਕਿੱਥੇ ਕੀਤਾ ਆ ਮੁਕਾਮ
ਰੌਣਕਾਂ ਕਿਧਰੇ ਗੁੰਮੀਆਂ, ਤੱਕੀਏ ਸੁਬਹ ਤੇ ਸ਼ਾਮ।
ਚਿੱਟੀ ਚਿੱਟੀ ਤੇਰੀ ਕੋਠੜੀ, ਚਿੱਟੀ ਤੇਰੀ ਸਾਬਾਤ
ਕੀ ਕੋਈ ਜੁਗਤਿ ਬਣਾਈਏ, ਉੱਤੋਂ ਆਈ ਕਾਲੀ ਰਾਤ।
ਤੂੰ ਨਿਰਮੋਹਾ ਹੋ ਕੇ ਬਹਿ ਗਿਆ, ਸੱਤ ਸੈਂ ਕੋਹਾਂ ਦੂਰ
ਸਾਡੇ ਦਿਲ ਦੀ ਭਟਕਣਾ, ਕਿਵੇਂ ਪਹੁੰਚੀਏ ਜਾ ਹਜ਼ੂਰ।
ਨਿੱਕੇ ਨਿੱਕੇ ਤੇਰੇ ਬਿਲੂੰਗੜੇ ਮੁੜ ਮੁੜ ਝਾਤਾਂ ਪਾਉਣ
ਗੱਡੀ ਦਾ ਹਾਰਨ ਵੱਜਦਾ, ਪੁੱਛਦੇ ਆਇਆ ਕੌਣ?
ਕੀ ਮੈਂ ਦਿਆਂ ਜਵਾਬ ਵੇ, ਚਾਰੇ ਪਾਸੇ ਸੁੰਨਮਸਾਨ
ਸਾਨੂੰ ਤਾਂ ਜਾਈਂ ਦੱਸ ਵੇ, ਕਿੱਥੇ ਖੋਲੀ ਨਵੀਂ ਦੁਕਾਨ।
ਫੋਨ ਸਾਰਾ ਦਿਨ ਖੜਕਦੇ, ਜਿਉਂ ਮੰਦਰਾਂ ਦੇ ਸਾਜ਼
ਬਿਨ ਪਿਆਰ ਦੇ ਦਰਸ਼ਨਾਂ, ਕੀ ਇਹ ਕਰੇ ਅਵਾਜ਼।

(21-8-98)

ਤੇਰੀ ਬੰਸਰੀ

ਤੇਰੀ ਬੰਸਰੀ ਦੀ ਧੁਨੀ ਸੁਣ ਕੇ ਮੈਂ ਘਰੋਂ ਤੁਰ ਆਈ
ਲੋਕ ਲਾਜ ਤੇ ਕੁਲ ਸਮਾਜ ਦੀ ਮੈਂ ਸਿਰ ਤੋਂ ਲੋਈ ਲਾਹੀ
ਆਪਣਾ ਘਰ ਤੇ ਛੱਡ ਬੈਠੀ ਹਾਂ ਹੋ ਤੇਰੀ ਦੀਵਾਨੀ
ਐਪਰ ਵਿੱਚ ਅੰਧੇਰੇ ਤੇਰੀ ਕੁਟੀਆ ਅਜੇ ਨੀ ਥਿਆਈ।
ਮੈਂ ਚੱਲੀ ਸਾਂ ਮੰਦਰ ਵੱਲ ਨੂੰ ਵਾਜ ਅਕਾਸ਼ੋਂ ਆਈ
ਕਿਧਰ ਨਿਕਲ ਤੁਰੀ ਤੂੰ ਪਾਗਲ! ਮੰਦਰ ਬੈਠਾ ਸਾਈਂ
ਕਿਸ ਦੀ ਖਾਤਰ ਦੀਵੇ ਬਾਲੇ ਜੋਤਾਂ ਪਈ ਜਗਾਵੇਂ
ਉਹ ਤੇ ਅਗੇ ਘਟ ਘਟ ਅੰਦਰ, ਕਰ ਰਹਿਆ ਰੁਸ਼ਨਾਈ।
ਮੈਂ ਕੀ ਕਰਨਾ ਤੇਰਾ ਸਾਗਰ ਹੀਰੇ ਮੋਤੀਆਂ ਵਾਲਾ
ਮੈਂ ਤੇ ਠੰਢਾ ਠੰਢਾ ਨਿਰਮਲ ਚਾਹਾਂ ਇੱਕੋ ਪਿਆਲਾ
'ਮੋਤੀਆਂ ਵਾਲੇ' ਖਾਰੇ ਹੁੰਦੇ ਜਾਣ ਗਈ ਸਭ ਦੂਨੀਆਂ
ਏਸ ਇਸ਼ਕ ਤੋਂ ਚੰਗਾ ਜਾਪੇ, ਕਰਨਾ ਟਾਲਮਟਾਲਾ।

(30-11-49)

ਕੱਤਕ ਦਾ ਗੀਤ

ਵੇ ਮੈਂ ਚੁਗ ਚੁਗ ਹਾਰੀਆਂ, ਕਪਾਹ ਦੀਆਂ ਫੁੱਟੀਆਂ
ਨਾ ਪਾਉਨੈ ਕਦੀ ਚਿੱਠੀਆਂ, ਨਾ ਲੈਨੇ ਕਦੀ ਛੁੱਟੀਆਂ।
ਹਰੇ ਹਰੇ ਖੇਤ ਚਿੱਟੀ, ਦਮਕੇ ਕਪਾਹ ਵੇ
ਤੂੰ ਵੀ ਕਦੀ ਚੰਨ ਵਾਂਙ, ਸਾਡੇ ਵੇਹੜੇ ਆ ਵੇ।

ਤੇਰੇ ਬਿਨ ਢੋਲਣਾ! ਮੈਂ ਬਿਰਹੋਂ ਨੇ ਕੁੱਠੀਆਂ
ਵੇ ਮੈਂ ਚੁਗ ਚੁਗ ਹਾਰੀਆਂ, ਕਪਾਹ ਦੀਆਂ ਫੁੱਟੀਆਂ।
ਲੰਮੀ ਲੰਝੀ ਮੱਕੀ ਖੜੀ, ਉੱਤੇ ਆਏ ਬਾਬੂ ਵੇ
ਅਥਰੀ ਜੁਆਨੀ ਨਹੀਂ, ਰਹੀ ਸਾਡੇ ਕਾਬੂ ਵੇ।
ਕਿਵੇਂ ਮੈਂ ਸੰਭਾਲਾਂ ਦੱਸ, ਕਾਗ ਮਾਰੇ ਝੁਟੀਆਂ
ਵੇ ਮੈਂ ਚੁਗ ਚੁਗ ਹਾਰੀਆਂ, ਕਪਾਹ ਦੀਆਂ ਫੁੱਟੀਆਂ।
ਬਾਂਕੇ ਬਾਂਕੇ ਰਸ-ਭਰੇ ਝੂਲਦੇ ਕਮਾਦ ਵੇ
ਮਿੱਠੀ ਮਿੱਠੀ ਮਾਹੀਆ! ਤੇਰੀ, ਆਵੇ ਸਾਨੂੰ ਯਾਦ ਵੇ।
ਮਿਲਣ ਦੀਆਂ ਸਿੱਕਾਂ ਅਸਾਂ, ਹਿੱਕੀਂ ਵਿੱਚ ਘੁੱਟੀਆਂ
ਵੇ ਮੈਂ ਚੁਗ ਚੁਗ ਹਾਰੀਆਂ, ਕਪਾਹ ਦੀਆਂ ਫੁੱਟੀਆਂ।
ਚਿੱਟੀ ਚਿੱਟੀ ਚਾਨਣੀ, 'ਚ ਮਹਿਕੇ ਕਸਤੂਰੀ ਵੇ
ਲੰਮੇ ਲੰਮੇ ਹਾਉਕੇ ਭਰੇ, ਸਾਡੀ ਮਜ਼ਬੂਰੀ ਵੇ।
ਉਡੀਕ ਦੇ ਅੰਨ੍ਹੇਰਿਆਂ 'ਚ, ਉਮਰਾਂ ਨਿਖੁੱਟੀਆਂ
ਵੇ ਮੈਂ ਚੁਗ ਚੁਗ ਹਾਰੀਆਂ, ਕਪਾਹ ਦੀਆਂ ਫੁੱਟੀਆਂ।
ਗਿਣ ਗਿਣ ਥਿੱਤਾਂ ਸਾਡੇ, ਲੰਘੇ ਕਈ ਸੌਣ ਵੇ
ਅਜੇ ਤੱਕ ਤੇਰਾ ਪਰ, ਹੋਇਆ ਨਹੀਂਓਂ ਔਣ ਵੇ।
ਬਿਧਨਾ ਵਗਾਈਆਂ, ਕੇਹੀਆਂ ਕਲਮਾਂ ਅਪੁੱਠੀਆਂ
ਵੇ ਮੈਂ ਚੁਗ ਚੁਗ ਹਾਰੀਆਂ, ਕਪਾਹ ਦੀਆਂ ਫੁੱਟੀਆਂ।
ਉਤਰ ਪਹਾੜੋਂ ਆਈਆਂ, ਕੱਤੇ ਦੀਆਂ ਕੂੰਜਾਂ ਵੇ
ਸੁਫਨਿਆਂ 'ਚ ਸੁਣਾਂ, ਕੰਠੇ ਵਾਲੇ ਦੀਆਂ ਗੂੰਜਾਂ ਵੇ।
ਜਾਗ ਕੇ ਵੀ ਵੇਖਾਂ ਮੈਂ ਤਾਂ ਸੱਸੀ ਵਾਂਙ ਲੁੱਟੀਆਂ
ਵੇ ਮੈਂ ਚੁਗ ਚੁਗ ਹਾਰੀਆਂ, ਕਪਾਹ ਦੀਆਂ ਫੁੱਟੀਆਂ।

ਇੱਕ ਬੁਰਜ ਦਾ ਥੇਹ

(ਪਿੰਡ ਘੁੰਗਰਾਣੇ ਦੇ ਲਾਗੇ ਪੁਰਾਣਾ ਬੁਰਜ ਜਿਹੜਾ ਥੇਹ ਬਣ ਚੁੱਕਿਆ)

ਇਹ ਦਿਸ ਰਿਹਾ ਮਿੱਟੀ ਦਾ ਢੇਰ ਜੋ
ਕਿਸੇ ਗੱਲ ਨੂੰ ਰਿਹਾ ਪਰੇਰ ਜੋ
ਓ ਬਾਂਕਿਓ! ਕਦੀ ਤਾਂ ਢਹਿ ਜਾਵਣਾ
ਸਦਾ ਰਹੇ ਨਾ ਇੱਕੋ ਗੇੜ ਜੋ।
ਇਹ ਛੋਟੀਆਂ ਵੱਡੀਆਂ ਠੀਕਰਾਂ ਜੁ ਦਿਸਦੀਆਂ
ਇਹ ਨਿਸ਼ਾਨੀਆਂ ਪਤਾ ਜੇ ਕਿਸ ਦੀਆਂ

ਜਿਸ ਘੜੇ ਨੂੰ ਸੋਹਣੀਆਂ ਗੋਰੀਆਂ
ਲੈ ਗੋਦੀ ਵਿੱਚ ਸੀ ਚੁੱਕਦੀਆਂ
ਉਹ ਫੁੱਟ ਗਿਆ ਤੇ ਸੁੱਕ ਗਿਆ
ਉਹਦੇ ਚੁੱਕਣ ਵਾਲਾ ਵੀ ਮੁੱਕ ਗਿਆ
ਇਹ ਟੁਕੜੀਆਂ ਪਈਆਂ ਵਿਲਕਦੀਆਂ।
ਇਥੇ ਰਹਿੰਦੇ ਬੀਰ ਜੁਆਨ ਸੀ
ਜਿਨ੍ਹਾਂ ਨੂੰ ਇਸ ਮਿੱਟੀ ਦਾ ਮਾਣ ਸੀ
ਅੱਜ ਮਿੱਟੀ ਉਨ੍ਹਾਂ ਦਾ ਮਾਣ ਕਰ ਰਹੀ।
ਇਹ ਫੁੱਟੀ ਇੱਟ ਜੋ ਪਈ ਹੈ
ਇਹ ਚੜ੍ਹੀ ਅਟਾਰੀ ਰਹੀ ਹੈ
ਪਰ ਅੱਜ ਭਾਗਾਂ ਦੇ ਗੇੜ ਤੋਂ
ਮੇਰੇ ਪੈਰਾਂ ਹੇਠਾਂ ਆਹ ਪਈ ਏ।
ਇਹ ਖੂਹ ਜਿਸ ਤਿਖ਼ਾ ਬੁਝਾਈਆਂ
ਜਿਸ ਘਾਸਾਂ ਡੂੰਘੀਆਂ ਪਾਈਆਂ
ਕਿਸੇ ਲੱਜਾਂ ਹੋਣਗੀਆਂ ਲਮਕਾਈਆਂ
ਕਰ ਕਰਕੇ ਲੰਮੀਆਂ ਬਾਹੀਆਂ।
ਇਹ ਸੁੰਞਾ ਪਿਆ ਅੱਜ ਪਾਣੀਓਂ
ਇਹ ਖਾਲੀ ਘੜੇ ਦੀ ਰਾਣੀਓਂ
ਕਈ ਟਿੰਡਾਂ ਭਰ ਭਰ ਡੁਲ੍ਹੀਆਂ
ਪਿਆ ਸਾਂਭੀ ਸ਼ਕਲ ਪੁਰਾਣੀਓਂ
ਕਾਦਰ ਦੇ ਰੰਗ ਅਜੀਬ ਨੇ
ਥਾਂ ਕੀਤੇ ਏਹ ਗਰੀਬ ਨੇ।

ਬੁੱਢਾ ਬੋਹੜ

ਵਸਦੇ ਹੋਏ ਪਿੰਡ ਲਾਗੇ, ਇੱਕ ਬੁੱਢਾ ਬੋਹੜ ਏ
ਕੁਦਰਤ ਦੀਆਂ ਨਜ਼ਰਾਂ ਵਿੱਚ, ਅਜੇ ਨਿੱਕਾ ਛੋਹਰ ਏ।
ਨਾਲ ਹੀ ਸਮਸ਼ਾਨ ਭੂਮੀ, ਵਿੱਚ ਉਸ ਦੇ ਪੈਰਾਂ ਦੇ
ਰਹਿੰਦੇ ਨਾ ਫਰਕ ਜਿੱਥੇ, ਆਪਣਿਆਂ ਤੇ ਗ਼ੈਰਾਂ ਦੇ।
ਥਾਂ ਤੇ ਪਰ ਥੋੜ੍ਹੀ ਏ, ਮੇਲਾ ਬੜਾ ਭਾਰਾ ਹੈ
ਸਭ ਪਿਛਲੇ ਬੁੱਢਿਆਂ ਨੇ, ਆ ਕਰਿਆ ਉਤਾਰਾ ਹੈ।
ਸਾਰਾ ਪਿੰਡ ਸੁੱਤਾ ਏ, ਇਸ ਥੋੜ੍ਹੀ ਥਾਂ ਅੰਦਰ
ਸਭ ਪੰਛੀ ਬਹਿੰਦੇ ਆ, ਇਸ ਸੰਘਣੀ ਛਾਂ ਅੰਦਰ।
ਪਾਲ਼ੀ ਕਈ ਆ ਬਹਿੰਦੇ, ਹਾਲ਼ੀ ਕਈ ਆ ਬਹਿੰਦੇ,
ਪਰ ਆਖਰ ਮੌਤ ਮੇਲੇ, ਸਭੋ ਹੀ ਆ ਰਹਿੰਦੇ।
ਜਦੋਂ ਘਰ ਦੇ ਕੱਢ ਦਿੰਦੇ, ਜਦੋਂ ਪਿੰਡ ਦੇ ਕੱਢ ਦੇਂਦੇ,
ਕੁਝ ਸਾਥੀ ਮੋਢੇ ਧਰ, ਆ ਇੱਥੇ ਛੱਡ ਦੇਂਦੇ।
ਪੁੱਛਿਆ ਮੈਂ, ਬੁੱਢਿਆ! ਤੂੰ ਬੜਾ ਪੁਰਾਣਾ ਹੈਂ,

ਅਕਲੋਂ ਤੇ ਉਮਰੋਂ ਵੀ ਪਿਆ ਲੱਗਦਾ ਸਿਆਣਾ ਹੈਂ।
ਬੁੱਢਿਆਂ ਦਾ ਯਾਰ ਬੜਾ, ਬੇਸ਼ਕ ਆਪ ਤੂੰ ਬੁੱਢਾ ਹੈਂ
ਬੁੱਢਿਆਂ ਦੀ ਖਾਤਰ ਤਾਂ ਸੱਚਮੁੱਚ ਖੁੱਡਾ ਹੈਂ।
ਇਸ ਥੋੜੀ ਥਾਂ ਅੰਦਰ, ਆਇਆਂ ਮਹਿਮਾਨਾਂ ਨੂੰ
ਤੂੰ ਕਿਵੇਂ ਬਿਠਾ ਲੈਨੈਂ, ਬਾਲਾਂ ਤੇ ਜੁਆਨਾਂ ਨੂੰ।
ਕੀ ਨਗਰ ਬਾਗ਼ੀਆਂ ਦਾ, ਕੋਈ ਨਵਾਂ ਵਸਾਨਾ ਏ
ਸਭ ਪਿੰਡੋਂ ਕਢਿਆਂ ਨੂੰ ਭਰਤੀ ਕਰੀ ਜਾਨਾਂ ਏ।
ਹੱਸ ਆਖਿਓ ਬੋਹੜ ਨੇ, ਮੈਂ ਪਿੰਡ ਦਾ ਰਾਖਾ ਹਾਂ
ਉਸ ਅਰਸ਼ਾਂ ਵਾਲੇ ਦੇ, ਸੰਸਾਰ ਦੀ ਸ਼ਾਖ਼ਾ ਹਾਂ।
ਰੁਕ ਜਾਣ ਜੋ ਜੀਵਨ ਤੋਂ, ਮੈਂ ਤੁਰੰਤ ਮੰਗਾ ਲੈਂਦਾ
ਰੋਗੀ ਤੇ ਬੁੱਢੇ ਨੂੰ, ਲਿਆ ਇੱਥੇ ਸੁਲਾ ਲੈਂਦਾ।
ਨਗਰੀ ਨੂੰ ਸੁੰਦਰ ਨਵੀਂ, ਨਿੱਤ ਵੇਖਣੀ ਚਾਹਵਾਂ ਮੈਂ
ਜੋ ਮੈਲ ਪੁਰਾਣੀ ਹੋਇ, ਸਭ ਪਰੇ ਹਟਾਵਾਂ ਮੈਂ।
ਜਿਵੇਂ ਮੇਰੇ ਪੱਤਰ ਇਹ, ਜਦੋਂ ਸੁਕ ਮੁਰਝਾ ਜਾਂਦੇ
ਮੈਂ ਹੇਠਾਂ ਲਾਹ ਸੁੱਟਦਾ, ਤਦ ਨਵੇਂ ਨੇ ਆ ਜਾਂਦੇ।
ਨਵਿਆਂ ਦੇ ਉਪਜਾਣ ਲਈ, ਇਉਂ ਥਾਂ ਬਣਾਵਾਂ ਮੈਂ
ਛੈਲਾਂ ਮੁਟਿਆਰਾਂ ਨਾਲ, ਇਹ ਨਗਰ ਸਜਾਵਾਂ ਮੈਂ।
ਇਉਂ ਕਰਦਾ ਕਰਦਾ ਜਦ (ਮੈਂ) ਬੁੱਢਾ ਹੋ ਜਾਵਾਂਗਾ
ਮੈਂ ਵੀ ਨਾ ਭਾਵਾਂਗਾ, ਪਾਸੇ ਹੋ ਜਾਵਾਂਗਾ।
ਸਾਰੀ ਹੀ ਦੁਨੀਆਂ ਦੀ, ਇਹ ਜਿੰਦ ਕਹਾਣੀ ਏ
ਨਵੀਂ ਦੁਨੀਆਂ ਵਸਦੀ ਏ, ਢਹਿ ਰਹੀ ਪੁਰਾਣੀ ਏ।

(14-8-42)

ਡਿੱਗਾ ਫੁੱਲ

ਮਾਤਾ ਪੌਣ ਝੁਲਾਵੀ ਤੂੰ ਝੂਟੇ ਦੇ ਰਹੀ,
ਮਿੱਠੇ ਤਿਰੇ ਹੁਲਾਰੇ ਮੈਨੂੰ ਲੱਗਦੇ।
ਐਪਰ ਹਾਇ ਨਾ ਤੋੜੀਂ ਦੇ ਝੂਟਾ ਜ਼ੋਰ ਦਾ,
ਮੈਂ ਸੋਹਲ ਅਤਿ ਕੋਮਲ ਅੰਗਾਂ ਵਾਲੜਾ।
ਮੈਂ ਇਥੇ ਈ ਸੁਕ ਕੁਮਲਾਵਾਂ ਕੋਈ ਹਰਜ਼ ਨੀ,
ਨਾ ਵਿਛੋੜਾ ਪਾਵਾਂ ਇੱਕੋ ਮੰਗ ਇਹ।
ਸਜਨੋਂ ਪਾ ਜੁਦਾਈ, ਔਖ ਏ ਜੱਗ ਵਿੱਚ,
ਭੰਨੀਂ ਨਾ ਮੇਰੀ ਧੌਣ, ਮੈਂ ਹਾੜੇ ਕੱਢਦਾ।
ਕਹਿੰਦਿਆਂ ਕਹਿੰਦਿਆਂ ਫਿਰ ਵੀ ਤਰਲੇ ਕਰਦਿਆਂ,
ਮੇਰੀ ਆ ਮਰੋੜੀ ਗਰਦਨ ਭੁੰਞੇ ਸੁਟਿਆ।
ਮੇਰੇ ਨਾਲ ਦੇ ਹਮਜੋਲੀ ਉੱਤੇ ਖੇਡਦੇ
ਬੈਠ ਪਿਤਾ ਦੀ ਗੋਦ ਖਿਲੀ ਪਾ ਰਹੇ।
ਅਤੇ ਮੈਂ ਹਿਠਾਹਾਂ ਡਿੱਗਾ ਧਾਹਾਂ ਮਾਰਦਾ,
ਰੋਂਦਾ ਤੇ ਕੁਰਲਾਂਦਾ ਕਰਮਾਂ ਮਾਰਿਆ।
ਅੱਛਾ ਹੱਸੋ ਕੁੱਦੋ ਖੇਲੋ ਭਾਗਾਂ ਵਾਲਿਓ
ਮੈਂ ਵਿਛੜਨਾ ਤੁਸਾਂ ਕੋਲੋਂ ਮਾਫ਼ੀ ਦੇਵਣੀ।
ਮੇਰੀ ਪਿਤਾ ਅੱਗੇ ਅਰਜੋਈ ਏਹ ਗੁਜ਼ਾਰਨੀ
ਤੇਰਾ ਦਿਲ ਦਾ ਪਿਆਰ, ਲਾਲ ਚਲਿਆ ਸਦਾ ਲਈ।
ਅਤੇ ਮਾਂ ਮੇਰੀ ਨੂੰ ਕਹਿਣਾ ਨਾ ਪਛੋਤਾਵਣਾ,
ਸਭ ਦਾ ਜੱਗ ਵਿੱਚ ਬਣਿਆ ਆਵਣ ਜਾਵਣਾ।

ਤਰਕੀਬ

ਇਸ ਤਹਿਜ਼ੀਬ ਨੂੰ ਆਖੋ,
ਸਾਡੇ ਲਈ ਕੋਈ ਤਬੀਬ ਕਰੇ।
ਜਿੰਦ ਮਾਰੂ ਅਮੀਰੀ ਦੀ ਲੋੜ ਨਹੀਂ,
ਸਾਨੂੰ ਬੇਸ਼ਕ ਹੋਰ ਗਰੀਬ ਕਰੇ।
ਸਾਥੋਂ ਲਾਸ਼ਾਂ ਨੀ ਚੁੱਕੀਆਂ ਜਾਂਦੀਆਂ,
ਸਾਇੰਸ ਨਿਤ ਜਿਹਦੀ ਤਰਕੀਬ ਕਰੇ।
ਅਸੀਂ ਗੁਜ਼ਾਰਾ ਕਰਾਂਗੇ ਬਨਵਾਸੀ ਹੋ ਕੇ,
ਜਾਂ ਫਿਰ ਜਿਵੇਂ ਸਾਡਾ ਨਸੀਬ ਕਰੇ।
ਜ਼ਮਾਨੇ ਦੇ ਦਾਨੇ ਨੇ ਸਭ ਕੁਝ ਖਿੰਡਾ ਲਿਆ,
ਇਸ ਨੂੰ ਕਹੋ ਮੇਲਜੋਲ ਦੀ ਕੋਈ ਤਰਕੀਬ ਕਰੇ।

ਜ਼ਿੰਦਗੀ ਖੜ੍ਹੋ ਗਈ ਹੈ

ਇਸ ਚਮਨ ਦੇ ਸੁੱਕਣ ਦਾ ਖ਼ਿਆਲ ਨਹੀਂ ਸੀ
ਖੁਸ਼ਬੋਆਂ ਦੇ ਮੁੱਕਣ ਦਾ ਖ਼ਿਆਲ ਨਹੀਂ ਸੀ
ਇਹ ਚਸ਼ਮੇ ਦੇ ਰੁਕਣ ਦਾ ਖਿਆਲ ਨਹੀਂ ਸੀ
ਇਸ ਸ਼ੇਰ ਦੇ ਝੁਕਣ ਦਾ ਖਿਆਲ ਨਹੀਂ ਸੀ
ਪਰ ਇਉਂ ਲਗਦੈ ਮੁਹੱਬਤ ਦੀ ਮੌਤ ਹੋ ਗਈ ਹੈ
ਤੁਰਦੀ ਤੁਰਦੀ ਜ਼ਿੰਦਗੀ ਖੜ੍ਹੋ ਗਈ ਹੈ।

ਆਹ ! ਕੋਈ ਤੁਰ ਗਿਆ ਹੈ

ਆਹ! ਕੋਈ ਤੁਰ ਗਿਆ ਹੈ
ਜਾਪੇ ਝਨਾਂ 'ਚ ਜਿੱਦਾਂ
ਮਹੀਂਵਾਲ ਰੁੜ੍ਹ ਗਿਆ ਹੈ।
ਇਹ ਕੇਹੇ ਮੇਘ ਆਏ
ਇਹ ਕੇਹੀ ਦਾਮਨੀ ਸੀ
ਇਸ ਆਵਣ ਦੀ ਰੁੱਤੇ
ਕਿਉਂ ਕੋਈ ਮੁੜ ਗਿਆ ਹੈ।
ਬੰਬੀਹਾ ਬੋਲਦਾ ਸੀ ਤੇ ਜੀਆ ਡੋਲਦਾ ਸੀ
ਪਰ ਤਰਦੇ ਤਰਦੇ ਬੇੜੇ 'ਚ ਕੋਈ ਰੁੜ੍ਹ ਗਿਆ ਹੈ।
ਹਰਿਆਲੀ ਸਾਫ ਡੰਡੀ-ਮਖ਼ਮਲ ਦਾ ਕੋਈ ਵਿਛੌਣਾ
ਪਾਂਧੀ ਦੇ ਪੈਰ ਕੰਡਾ, ਇਹ ਕੇਹਾ ਪੁੜ ਗਿਆ ਹੈ।
ਸਭ ਕੁਝ ਹੀ ਹੁੰਦੇ ਸੁੰਦੇ, ਸਭ ਦੇ ਹੀ ਆਹਵੇਂ ਸਾਹਵੇਂ
ਉਸ ਅਜਨਬੀ ਦੇ ਬਾਝੋਂ ਲਗਦਾ ਕੁਝ ਥੁੜ ਗਿਆ ਹੈ।

ਇਸ ਜਿੰਦੜੀ ਦਾ

ਇਸ ਜਿੰਦੜੀ ਦਾ ਕੀ ਵੇ ਬਣਾਈਏ, ਕੇਹੇ ਢਲੇ ਪਛਾਵੇਂ
ਇਸ ਦੀਵੇ ਨੂੰ ਕਿਵੇਂ ਬਚਾਈਏ ਝੱਖੜ ਝੁੱਲੇ ਕੁਥਾਂਵੇਂ
ਇਸ ਨਗਮੇ ਨੂੰ ਕਿੱਦਾਂ ਗਾਈਏ, ਸਾਜ਼ ਹੋਏ ਅਲਸਾਵੇਂ
ਕੀ ਤੋਂ ਕੀ ਨਹੀਂ ਹੋ ਸਕਦਾ, ਜੇਕਰ ਤੂੰ ਜਰਾਂ ਜੇ ਚਾਹਵੇਂ
ਮੁੜ ਮੁੜ ਕੇ ਯਾਦ ਨੇ ਆਉਂਦੇ, ਬੋਲ ਉਹ ਟਾਂਵੇਂ ਟਾਂਵੇਂ
ਮੁਸਕਾਨਾਂ ਦੀ ਰੰਗਲੀ ਮਹਿਫਲ, ਬਣਦੀ ਸੌਣ ਦੇ ਸਾਂਵੇ।
ਦੋ ਪਲਾਂ ਦੀ ਠਹਿਰ ਬਥੇਰੀ, ਭਾਵੇਂ ਚਲਿਆ ਜਾਵੇਂ
ਕੀ ਤੋਂ ਕੀ ਨਹੀਂ ਹੋ ਸਕਦਾ, ਜੁਗਤ ਜੇ ਦਸਦਾ ਜਾਵੇਂ।

ਮੌਤ ਅੱਜ ਦਨਦਨਾ ਰਹੀ ਹੈ

ਜ਼ਿੰਦਗੀ ਨੂੰ ਮੌਤ ਅੱਜ ਦਨਦਨਾ ਰਹੀ ਹੈ
ਐਟਮ ਦੇ ਸਾਜ਼ਾਂ ਉੱਤੇ ਮਾਰੂ ਵਜਾ ਰਹੀ ਹੈ
ਸਿਆਸਤ ਦੇ ਨਾਰਦਾ ਨੇ ਐਸੀ ਹੈ ਚਾਲ ਚਲੀ
ਬਾਜ਼ੀ ਹੀ ਪੁੱਠੀ ਪੈਂਦੀ ਜਾ ਰਹੀ ਹੈ
ਚੰਦ ਉੱਤੇ ਜਾ ਕੇ ਕੀ ਚੰਦ ਚਾੜ੍ਹਨਾ ਹੈ
ਚਾਨਣੀ ਦੀ ਥਾਂ ਬਾਰੂਦ ਪਾ ਰਹੀ ਹੈ
ਇਹ ਸਾਇੰਸਪੁਰੀ ਹੈ ਕਿਸ ਨੂੰ ਪਰ ਲਾ ਕੇ ਲੈ ਚਲੀ
ਇਹ ਕੌਣ ਗ਼ੈਬੋਂ ਅੱਗ ਬਰਸਾ ਰਹੀ ਹੈ
ਚੰਗੀ ਭਲੀ ਸੀ ਹੁਣ ਤੱਕ, ਜ਼ਮਾਨੇ ਦੀ ਜ਼ੁਲਫ਼ ਉਲਝੀ
ਚਤਰਾਈ ਦੀ ਅੱਖ ਇਉਂ ਕਿਉਂ ਚੁੰਧਿਆ ਰਹੀ ਏ
ਸਾਇੰਸ ਦੀ ਸਦੀ ਇਹ ਕਿੱਥੇ ਨੂੰ ਜਾ ਰਹੀ ਏ।

ਬਾਗ਼ ਬਗ਼ੀਚਾ

ਬਾਗ਼ ਬਗ਼ੀਚਾ ਛੱਡ ਜਾਣਾ ਹੈ, ਫਿਰ ਵੀ ਬੂਟੇ ਲਾਉਂਦੇ ਹਾਂ
ਕਲਮਾ ਲਾ ਪ੍ਰਕਰਮਾ ਕਰਦੇ ਮੁੜ ਮੁੜ ਪਾਣੀ ਪਾਉਂਦੇ ਹਾਂ।
ਜੀ ਚਾਹੁੰਦਾ ਖੁਸ਼ਬੋਆਂ ਵੰਡੀਏ ਰਾਤ ਰਾਣੀ ਖਿੜਾਉਂਦੇ ਹਾਂ
ਜਿੱਥੇ ਕਿੱਥੇ ਇਧਰ ਉਧਰ, ਥਾਂ ਥਾਂ ਫੁੱਲ ਉਗਾਉਂਦੇ ਹਾਂ।
ਮਹਿਕਾਂ ਦੀ ਰੂਹ ਭੁੱਖੀ ਰਹਿੰਦੀ, ਫਲ ਵੀ ਫੇਰ ਉਗਾਉਂਦੇ ਹਾਂ
ਰੂਹਾਂ ਨੂੰ ਤ੍ਰਿਪਤਾਵਣ ਖਾਤਰ, ਫੇਰ ਫੁੱਲਾਂ ਵਲ ਆਉਂਦੇ ਹਾਂ।
ਕਿਤਨੇ ਰੁੱਖ ਬਿਰਖ ਵਣ ਬੂਟੇ ਕਿੰਨੀਆਂ ਵੇਲਾਂ ਲਟਕ ਰਹੀਆਂ
ਏਨ੍ਹਾ ਦੇ ਦਰਸ਼ਨ ਦੀ ਖਾਤਰ ਕਿੰਨੀਆਂ ਰੂਹਾਂ ਭਟਕ ਰਹੀਆਂ।
ਜੀਵਨ ਹੈ ਕੁਦਰਤ ਦਾ ਮੇਲਾ ਕੁਦਰਤ ਇਹ ਹਰਿਆਵਲ ਹੈ
ਪੰਛੀ ਪਸ਼ੂ ਪਰਿੰਦੇ ਨਰ ਨਾਰੀ ਸਭ ਦਾ ਇਹ ਬਾਬਲ ਹੈ।

ਮੈਂ ਰੁੱਖ ਹਾਂ

ਮੈਂ ਕਲਪ ਬਿਰਛ ਨਹੀਂ ਸਾਧਾਰਣ ਰੁੱਖ ਹਾਂ
ਜਦ ਘਰ ਨਹੀਂ ਸੀ ਬਣਾਉਣਾ ਆਉਂਦਾ
ਮੈਂ ਇਸ ਮੁਸਾਫਰ ਨੂੰ ਟਿਕਾਣਾ ਦਿੱਤਾ
ਫਿਰ ਕਪੜੇ ਨਹੀਂ ਸੀ, ਛਿਲ ਲਾਹ ਕੇ ਦਿੱਤੀ
ਖਾਣ ਲਈ ਭੋਜਨ ਬਣਾਉਣ ਦੀ ਵੀ ਸੋਝੀ ਨਹੀਂ ਸੀ
ਮੈਂ ਫਲ ਫੁੱਲ ਦਿੱਤੇ।

ਅੰਤਮ ਸੰਸਕਾਰ ਲਈ ਲੱਕੜਾਂ ਦਿੱਤੀਆਂ
ਤਾਂ ਕਿ ਇਹ ਬੇਜਾਨ ਮੁਰਦਾ ਲੋਕਾਂ ਦੀ
ਨਫ਼ਰਤ ਦਾ ਸ਼ਿਕਾਰ ਨਾ ਹੋਵੇ।
ਪੰਛੀਆਂ ਦੀ ਠਾਹਰ ਲਈ ਸਦਾ ਸਰਾਇ
ਮੈਂ ਰੁੱਖ ਹਾਂ ਮਨੁੱਖ ਦਾ ਦੋਸਤ ਪੁਰਾਣਾ
ਮੇਰਾ ਫਕੀਰਾਂ ਵਾਲਾ ਬਾਣਾ।

ਪਰ ਮਾਨਵ ਹੀ ਦਾਨਵ ਬਣ ਰਿਹੈ, ਕੀ ਇਹ ਕੋਈ ਵਿਕਾਸ ਹੈ
ਜਾਂ ਫਿਰ ਸਾਰੀ ਮਨੁੱਖਤਾ ਤੇ ਸੱਭਿਅਤਾ ਦਾ ਸਰਬਨਾਸ ਹੈ
ਥਾਂ ਥਾਂ ਨੇ ਕਸ਼ਮੀਰੀ ਫਿਰਦੇ ਮੋਢੇ ਚੁਕੀ ਕੁਹਾੜਾ
ਜੰਗਲ ਦੇ ਰੁੱਖ ਡੁਸਡੁਸ ਰੋਂਦੇ, ਪਵੇ ਨਾ ਕੋਈ ਪੁਆੜਾ
ਹਰਿਆਵਲ ਹੈ ਜੱਗ ਦਾ ਜੀਵਨ, ਹਰ ਇਸ ਦਾ ਵਣਜਾਰਾ
ਨਵੀਆਂ ਕਾਢਾਂ ਨਵੀਆਂ ਯੋਜਨਾ, ਲੁਟਿਆ ਤਖ਼ਤ ਹਜ਼ਾਰਾ।

ਬ.ਗੀਚਾ

ਇਹ ਬਾਗ਼ ਬਗ਼ੀਚਾ ਤੇਰਾ ਹੈ
ਤੂੰਹੀਓਂ ਹੀ ਇਸ ਦਾ ਮਾਲੀ ਹੈਂ
ਇਹ ਗਗਨ ਗਗੀਟਾ ਤੇਰਾ ਹੈ
ਤੂੰ ਹੀ ਇਸ ਦਾ ਵਾਲੀ ਹੈਂ
ਤੂੰਹੀਓਂ ਹੀ ਚੰਦ ਦੀ ਚਾਨਣੀ ਹੈਂ
ਤੂੰਹੀਓਂ ਹੀ ਸੂਰਜ ਦੀ ਲਾਲੀ ਹੈਂ
ਤੂੰ ਸਾਗਰ ਜਲਥਲ ਪਰਬਤ ਹੈਂ
ਤੂੰ ਤਾਰਿਆਂ ਭਰੀ ਥਾਲੀ ਹੈਂ
ਤੂੰ ਸੱਖਣੇ ਸਰਵਰ ਭਰਦਾ ਹੈਂ
ਤੇ ਭਰੇ ਕਈ ਕਰਦਾ ਖਾਲੀ ਹੈਂ
ਤੂੰ ਮੋਰ ਬੰਬੀਹੇ ਬੁਲਬੁਲ ਹੈਂ ਤੇ
ਗਊਆਂ ਮੱਝਾਂ ਦਾ ਪਾਲੀ ਹੈਂ
ਤੂੰ ਸੱਚ ਹਕੀਕਤ ਸਾਹਮਣੇ ਹੈਂ ਤੇ
ਕਦੇ ਕਦੇ ਤੂੰ ਖਿਆਲੀ ਹੈਂ
ਤੂੰ ਸਾਜ਼ ਅਵਾਜ਼ ਹਵਾਵਾਂ ਦੀ ਤੇ
ਕੁਦਰਤ ਦੀ ਵੱਜਦੀ ਤਾਲੀ ਹੈਂ
ਇਹ ਭਰਿਆ ਭਕੁੰਨਿਆਂ ਘਰ ਤੇਰਾ
ਤੂੰ ਅਰਸ਼ਾਂ ਫ਼ਰਸ਼ਾਂ ਦਾ ਵਾਲੀ ਹੈਂ
ਇਸ ਧਰਤੀ ਹਰੀ ਹਰਿਆਵਲ ਤੇ
ਕੁਦਰਤ ਤੇ ਕਾਦਰ ਦਾ ਵਾਲੀ ਹੈਂ
ਤੂੰ ਆਪ ਹੀ ਆਪੇ ਸਭ ਕੁਝ ਹੈਂ
ਬਾਕੀ ਤਾਂ ਸੁਪਨ ਖਿਆਲੀ ਹੈਂ।

ਬਾਗ਼ਾਂ ਵਾਲਾ

ਤੂੰ ਦਾਨਾ ਬੀਨਾ ਬਾਗ਼ਵਾਨ, ਤੇਰੇ ਬਾਗ਼ਾਂ ਦਾ ਕੀ ਕਹਿਣੈ
ਤੂੰ ਸਰਬੰ ਗੁਣੀ ਨਿਧਾਨ, ਤੇਰੇ ਰੰਗ ਰਾਗਾਂ ਦਾ ਕੀ ਕਹਿਣੈ।
ਓਅੰਕਾਰ ਦੀ ਧੁਨਕਾਰ, ਪਲ ਵਿੱਚ ਸੀ ਸੰਸਾਰ ਰਚਿਆ
ਤੇਗਾਂ ਸਾਜ਼ਾਂ ਦਾ ਕੀ ਕਹਿਣੇ, ਤੇਰੇ ਰਾਜ਼ਾਂ ਦਾ ਕੀ ਕਹਿਣੈ।
ਤੇਰੇ ਬਾਗ਼ੀਂ ਕਈ ਹਜ਼ਾਰਾਂ, ਸ਼ਿਵ ਵਿਸ਼ਨੂ ਬੇਸ਼ੁਮਾਰ
ਤੇਰੀ ਚੰਡੀ ਦੁਰਗਾ ਕਾਲੀ ਤੇ ਭੂਤ ਬੈਤਾਲਾਂ ਦਾ ਕੀ ਕਹਿਣੈ।
ਕਣ ਕਣ ਦੇ ਵਿੱਚ ਛੁਪਾਏ, ਕਰਾਮਾਤੀ ਕ੍ਰਿਸ਼ਮੇ ਕਿਤਨੇ
ਤੇਰੇ ਪੀਰ ਪੈਗੰਬਰ ਕੇਤੇ, ਵਲੀਆਂ ਅਵਤਾਰਾਂ ਦਾ ਕੀ ਕਹਿਣੈ।

ਤੇਰੀ ਧਰਤੀ ਪੌਣ ਪਾਣੀ, ਅਗਨੀ ਦਾ ਤੇਜ ਜਲਵਾ
ਤੇਰੇ ਚੰਦ ਸੂਰਜ ਜੇਹੇ, ਇਨ੍ਹਾਂ ਚਰਾਗਾਂ ਦਾ ਕੀ ਕਹਿਣੈ।
ਪਰਬਤ ਦੀਆਂ ਉਚਾਈਆਂ ਸਾਗਰਾਂ ਦੀਆਂ ਗਹਿਰਾਈਆਂ
ਤੇਰੇ ਗੋਤਾਖੋਰ, ਜੋਧੇ ਤੇਰੇ ਬਾਗ਼ਬਾਨਾਂ ਦਾ ਕੀ ਕਹਿਣੈ।
ਤੂਫਾਨ ਨੇਰ੍ਹੀ, ਝੱਖੜ, ਜਲ ਥਲ ਤੇ ਜੰਗਲ ਰੱਕੜ
ਬੀਆਬਾਨਾਂ ਦਾ ਕੀ ਕਹਿਣੈ ਤੇਰੇ ਅਸਮਾਨਾਂ ਦਾ ਕੀ ਕਹਿਣੈ।
ਸੁਰ ਨਰ ਪਸ਼ੂਪਰਿੰਦੇ, ਇਹ ਜੀਅ ਜੰਤ ਅਨੰਤ
ਬਖਸ਼ੇ ਭੰਡਾਰ ਬੇਅੰਤ, ਦਿੱਤੀਆਂ ਦਾਤਾਂ ਦਾ ਕੀ ਕਹਿਣੈ।
ਔਹ ਗਿਆਨ ਧਿਆਨ ਕਿਤਨੇ ਆਹ ਖਾਨ ਪਾਨ ਕਿਤਨੇ
ਸਾਜ਼ੋ ਸਮਾਨ ਕਿਤਨੇ, ਇਨ੍ਹਾਂ ਦਿਨਾਂ ਤੇ ਰਾਤਾਂ ਦਾ ਕੀ ਕਹਿਣੈ।
ਬਾਗ਼ਾਂ ਦੀਆਂ ਅਜਬ ਬਹਾਰਾਂ, ਥਾਂ ਥਾਂ ਖਿੜੀਆਂ ਗੁਲਜ਼ਾਰਾਂ
ਭੰਵਰਾਂ ਦੀਆਂ ਗੁੰਜਾਰਾਂ, ਪੰਛੀਆਂ ਦੀ ਡਾਰਾਂ ਦਾ ਕੀ ਕਹਿਣੈ।
ਹਰਿਆਵਲ ਦਾ ਸਬਜ਼ ਬਗ਼ੀਚਾ, ਇਹ ਤੇਰਾ ਅਜਬ ਬਗ਼ੀਚਾ
ਫਲ ਫੁੱਲ ਅਤੇ ਸੁਗੰਧਾਂ ਦੀਆਂ ਬਹਾਰਾਂ ਦਾ ਕੀ ਕਹਿਣੈ।
ਇਹ ਰੁੱਖ ਬਿਰਖ ਤੇ ਬੋਹੜ, ਇਹ ਸੂੜੀ ਸਲੋਟ ਤੇ ਥੋਹਰ
ਅੱਕ ਢੱਕ ਚੰਬੇ ਕਲੀਆਂ ਤੇਰੇ ਗੁਲਜ਼ਾਰਾਂ ਦਾ ਕੀ ਕਹਿਣੈ।
ਚੰਦਨ ਦੀਆਂ ਚਹਿਕ ਮਹਿਕਾਂ ਤੇ ਗੁਲਾਬ ਦੀਆਂ ਟਹਿਕਾਂ
ਰਾਤ ਰਾਣੀ ਦਾ ਕੀ ਕਹਿਣੈ ਦਿਨ ਦੇ ਸਾਹਿਬਾਂ ਦਾ ਕੀ ਕਹਿਣੈ।
ਤੂੰ ਮਾਲੀ ਮੇਹਰਵਾਨ, ਹਰ ਬੂਟਾ ਤੇਰੀ ਸ਼ਾਨ
ਤੇਰੀ ਸ਼ਾਨ ਨੂੰ ਪ੍ਰਣਾਮ, ਤੇਰੇ ਭੰਡਾਰਾਂ ਦਾ ਕੀ ਕਹਿਣੈ।
ਤੂੰ ਹੈਂ ਵੱਡਾ ਬਾਗ਼ਬਾਨ, ਮੈਂ ਨਿੱਕੀ ਜੇਹੀ ਬੂਟੀ
ਤੂੰ ਹੈ ਸੱਚਾ ਸਤਿਆਵਾਨ, ਮੇਰੀ ਹਸਤੀ ਝੂਠੀ ਮੂਠੀ।

ਇਸ ਬਾਗ਼ ਵਿੱਚ

ਮੈਂ ਇਸ ਬਾਗ਼ ਵਿੱਚ ਕਈ ਵਾਰ ਆਇਆ ਹਾਂ
ਕਦੀ ਪਤਝੜ ਤੇ ਕਦੀ ਬਣ ਕੇ ਬਹਾਰ ਆਇਆ ਹਾਂ।
ਮੈਂ ਫਲ ਫੁੱਲ ਬਣਿਆ ਤੇ ਕਦੀ ਬੁਲਬੁਲ ਬਣਿਆ ਹਾਂ
ਕਦੀ ਕਦੀ ਖਾਰ ਅਤੇ ਕਦੀ ਬਣ ਗੁਲਜ਼ਾਰ ਆਇਆ ਹਾਂ।
ਮੈਂ ਕੌਈ ਕਈ ਨਾਂ ਰੱਖੇ ਤੇ ਕਈ ਕਈ ਥਾਂ ਤੱਕੇ ਨੇ
ਇਹ ਗਗਨ ਪੌਣ ਪਾਣੀ ਮੇਰੇ ਸਾਰੇ ਹੀ ਸਕੇ ਨੇ।
ਕਦੀ ਬਣ ਨਦੀ ਨਾਲਾ ਕਦੀ ਦਰਿਆ ਦੇ ਆਬਸ਼ਾਰ ਆਇਆ ਹਾਂ
ਕਦੀ ਜੀਅ ਜੰਤ ਬਣ ਬਣ ਕਦੀ ਬਣ ਅਵਤਾਰ ਆਇਆ ਹਾਂ।
ਤੇਰੇ ਬਾਗ਼ਾਂ ਦੇ ਛਹਿਬਰ ਅਗੰਮ ਸਦਾ ਮਹਿਕੇ
ਤੇਰੇ ਰਾਗਾਂ ਦੀ ਮਹਿਫਲ ਸਦਾ ਟਹਿਕੇ।
ਤੇਰੇ ਹਰ ਭੌਰ ਬੁਲਬੁਲ ਹਰ ਟਾਹਣੀ 'ਤੇ ਚਹਿਕੇ
ਏਥੇ ਖ਼ੁਦ ਕਰਨ ਨਮਸਕਾਰ ਆਇਆ ਹਾਂ।
ਮੈਂ ਇਸ ਬਾਗ਼ ਦੇ ਉਜਾੜੇ ਦਾ ਹਾਮੀ ਨਹੀਂ
ਮੈਂ ਬੰਬਾਂ ਦੇ ਅਖਾੜੇ ਦਾ ਹਾਮੀ ਨਹੀਂ ਹਾਂ।
ਮੈਂ ਮਾਨਵ ਹਾਂ, ਲੱਖਾਂ ਵਰ੍ਹਿਆਂ ਤੋਂ

ਇਸ ਤਾਜ ਦਾ ਕਰਦਾ ਉਧਾਰ ਆਇਆ ਹਾਂ।
ਇਹੋ ਦੁਆ ਕਰਨ ਸਰਕਾਰ ਆਇਆ ਹਾਂ
ਅੱਜ ਪ੍ਰਾਣੀ ਪ੍ਰਲੋ ਦਾ ਸ਼ੁਕੀਨ ਲੱਗਦਾ ਹੈ।
ਖਿੜਕਿਆ ਜ਼ਿੰਦਗੀ ਦਾ ਯਕੀਨ ਲੱਗਦਾ ਹੈ
ਮੇਰੇ ਚਮਨ ਦੇ ਮਾਲੀ ਤੇਰੇ ਦਰਬਾਰ ਆਇਆ ਹਾਂ।
ਜਗਤ ਜਲੰਦੇ ਨੂੰ ਬਚਾ ਲਓ
ਇਹ ਦੁਆ ਲੈ ਸਰਕਾਰ ਆਇਆ ਹਾਂ।
ਇਹ ਬਾਗ਼ ਬਗ਼ੀਚਾ ਤੈਂਡਾ ਏ
ਅਸੀਂ ਪੰਛੀ ਤੇਰੇ ਪਰਾਹੁਣੇ ਹਾਂ।
ਇਧਰ ਉਧਰ ਘੁੰਮ ਫਿਰ ਕੇ
ਮੁੜ ਇੱਥੇ ਹੀ ਆਲ੍ਹਣੇ ਪਾਉਣੇ ਹਾਂ।
ਸਾਡਾ ਅੰਨ ਪਾਣੀ ਦਾਣਾ ਦੁਣਕਾ ਵੀ
ਸਾਡਾ ਨਿੱਕ ਸੁਕ ਤੀਲਾ ਤਿਣਕਾ ਵੀ।
ਸਭ ਤੇਰੇ ਵਿਹੜਿਓਂ ਆਉਣਾ ਹੈ
ਇਧਰ ਉਧਰ ਮਾਰ ਉਡਾਰੀ
ਫਿਰ ਗੀਤ ਤੇਰਾ ਹੀ ਗਾਉਣਾ ਹੈ।
ਇਹ ਜ਼ਿਮੀ ਜ਼ਮਾਨ ਵੀ ਤੇਰੀ ਹੈ
ਨੀਲਾ ਅਸਮਾਨ ਵੀ ਤੇਰਾ ਹੈ।
ਅਸੀਂ ਤਾਂ ਫਰਫਰਾਉਂਦੇ ਪੰਛੀ ਹਾਂ
ਸਾਡਾ ਤੁਰਨਾ ਫਿਰਨਾ ਹੱਥ ਤੇਰੇ ਹੈ।
ਇਹ ਬਾਗ਼ ਬਗ਼ੀਚਾ ਤੈਂਡਾ ਏ
ਅਸੀਂ ਪੰਛੀ ਤੇਰੇ ਪਰਾਹੁਣੇ ਹਾਂ।

ਸਦਾ ਗੁਲਾਬ

ਸਦਾ ਗੁਲਾਬ ਮੁਹੱਬਤ ਤੇਰੀ
ਰੰਗ ਗੁਲਾਬੀ ਵਾਲੀ
ਵਿੱਚ ਵਿੱਚ ਕੰਡੇ ਤੇ ਵਿੱਚ ਵਿੱਚ ਪੱਤੀਆਂ
ਨਾਜ਼ ਨਵਾਬੀ ਵਾਲੀ
ਦੇਵੇ ਨਸ਼ਾ ਤੇ ਕਰੇ ਨਿਸ਼ਾ ਸਭ
ਢਾਲ ਮਤਾਬੀ ਵਾਲੀ
ਡਿਗਦੀ ਝੂਲਦੀ, ਝੂਲਦੀ ਡਿਗਦੀ
ਚਾਲ ਸ਼ਰਾਬੀ ਵਾਲੀ
ਕਰੇ ਹੁਸੀਨਾਂ ਤਾਈਂ ਨਖਰੇ
ਵੰਗ ਉਨਾਬੀ ਵਾਲੀ
ਉਡਦੀ ਫਿਰੇ ਜਿਵੇਂ ਕਸਤੂਰੀ
ਭੌਰੇ ਭਾਬੀ ਵਾਲੀ
ਸਦਾ ਗੁਲਾਬ ਮਹਿਕ ਜੁ ਤੇਰੀ
ਸਦਾ ਉਡਦੀ ਜਾਵੇ
ਜਿਉਂ ਤਿਤਲੀ ਕੋਈ ਖੇਖਨ ਕਰਦੀ
ਫੁੱਲ ਫੁੱਲ 'ਤੇ ਮੁਸਕਾਵੇ
ਅੰਦਰ ਬਾਹਰ ਭਾ ਗੁਲਾਬੀ
ਘੁੰਡ ਉਨਾਬੀ ਵਾਲੀ
ਸਦਾ ਗੁਲਾਬ ਮੁਹੱਬਤ ਤੇਰੀ
ਰੰਗ ਗੁਲਾਬੀ ਵਾਲੀ।

ਜੰਗਲ ਦੇ ਫੁੱਲ

ਨਾ ਇਨ੍ਹਾਂ ਕਿਸੇ ਨੂੰ ਛੋਹਿਆ, ਨਾ ਇਹ ਹੀ ਕਿਸੇ ਨੇ ਛੋਹੇ
ਇਹ ਅਣਛੋਹੇ ਬੇਚਾਰੇ ਸੁਕ ਗਏ ਨੇ।
ਨਾ ਇਨ੍ਹਾਂ ਨੂੰ ਕਿਸੇ ਗਲ਼ ਲਾਇਆ, ਨਾ ਇਹ ਹੀ ਜਾ ਲੱਗੇ
ਇਹ ਅਣਲੱਗੇ ਮੌਤ ਅੱਗੇ ਝੁਕ ਗਏ ਨੇ।
ਨਾ ਇਨ੍ਹਾਂ ਨੂੰ ਕਿਸੇ ਬੁਲਾਇਆ, ਨਾ ਇਹ ਹੀ ਬੋਲੇ
ਖਿੜਨੋਂ ਮਹਿਕਨੋਂ ਇਹ ਇਉਂ ਰੁਕ ਗਏ ਨੇ।
ਇਨ੍ਹਾਂ ਨੂੰ ਕਿਸੇ ਨੇ ਤੱਕਿਆ ਨਾ, ਨਾ ਇਨ੍ਹਾਂ ਕੋਈ ਤੱਕਿਆ
ਇਹ ਤਕਦੇ ਤਕਦੇ ਅੱਜ ਮੁਕ ਗਏ ਨੇ।
ਨਾ ਆਇਆ ਇਨ੍ਹਾਂ ਕੋਲ ਕੋਈ, ਨਾ ਹੀ ਗਏ ਇਹ ਕੋਲ ਕਿਸੇ
ਇਹ ਕਲਮਕੱਲੇ ਤੜਫਦੇ ਤੜਫਦੇ ਅੱਜ ਮੁੱਕ ਗਏ ਨੇ।
ਹਾਂ ਜੀ ਇਹ ਬਨ ਦੇ ਫੁੱਲ, ਕਿਸੇ ਨੂੰ ਉਡੀਕਦੇ ਉਡੀਕਦੇ,
ਵੇਖਦੇ ਵੇਖਦੇ, ਖੁਲ੍ਹੀਏਂ ਅੱਖੀਏਂ, ਮੁੱਕ ਗਏ ਨੇ ਅੱਜ ਸੁੱਕ ਗਏ ਨੇ।
ਸਨ ਡਾਲੀ ਦੇ ਨਾਲ ਲੱਗੇ ਕੁਝ ਕੁ, ਇਸ ਪਲ ਤੋਂ ਪਹਿਲੋਂ
ਪਰ ਹੁਣ ਇਹ ਡਾਲੀ ਨਾਲੋਂ ਵੀ ਰੁਸ ਗਏ ਨੇ।
ਰੁਸਦੇ ਲੁਛਦੇ, ਧੁਖਦੇ ਸਿਸਕਦੇ, ਸੰਗਦੇ, ਪਾਣੀ ਮੰਗਦੇ
ਸੁਕੀਆਂ ਬੁਲ੍ਹੀਆਂ ਲੈ ਕੇ ਹੀ ਭੁੱਖੇ ਤਿਹਾਏ ਲੁਕ ਗਏ ਨੇ।
ਹਾਂ ਜੀ ਇਹ ਧਰਤੀ ਦੇ ਬੱਚੇ ਬਿਨਾਂ ਹੀ ਪ੍ਰੀਤੋਂ
ਧਰਤੀ ਦੀ ਹਿੱਕ ਵਿੱਚ ਲੁਕ ਗਏ ਨੇ ।
ਦਿਲ ਦੀਆਂ ਚੀਸਾਂ ਦਿਲ ਵਿੱਚ ਲੈ ਕੇ
ਸਦਾ ਦੀ ਨੀਂਦੇ ਸੌਂ ਗਏ ਨੇ, ਅੰਤ ਨੂੰ ਢੁਕ ਗਏ ਨੇ।
ਹਾਂ ਜੀ ਇਹ ਜੰਗਲ ਦੇ ਫੁੱਲ, ਜੰਗਲ ਵਿੱਚ ਸਨ ਉੱਗੇ
ਅੱਜ ਜੰਗਲ ਵਿੱਚ ਹੀ ਮੁੱਕ ਗਏ ਨੇ।

ਕੇਸੂ

ਮੈਂ ਕੇਸੂ ਦਾ ਫੁੱਲ ਹਾਂ
ਮਹਿਕਾਂ ਦਾ ਦਾਅਵਾ ਨਹੀਂ
ਕੁਦਰਤ ਦਾ ਗੁਲਦਸਤਾ ਨਹੀਂ
ਬੁੱਧੂ ਦਾ ਆਵਾ ਨਹੀਂ
ਜੁਗਨੂੰਆਂ ਦਾ ਜੋੜ ਮੇਲ
ਰੰਗਾਂ ਦਾ ਦਿਖਾਵਾ ਨਹੀਂ
ਧੁੱਪਾਂ 'ਚ ਖਿੜ ਕੇ ਸ਼ਾਂਤ
ਅੱਗ ਦਾ ਲਾਵਾ ਨਹੀਂ
ਬੰਜਰ ਦਾ ਬੇਟਾ ਹਾਂ
ਮਖਮਲੀ ਪਹਿਰਾਵਾ ਨਹੀਂ
ਜੋਬਨ ਰੁੱਤੇ ਤੁਰ ਜਾਣਾ
ਸਾਨੂੰ ਕੋਈ ਭੁਲਾਵਾ ਨਹੀਂ

(30-4-92)

ਕਨੇਰ

ਇੰਨੇ ਫੁੱਲ ਨਾ ਕਿਸੇ ਨੂੰ ਲੱਗਣ
ਮੈਂ ਹਾਂ ਰੁੱਖ ਕਨੇਰ ਦਾ
ਸ਼ਾਖ ਮੇਰੀ 'ਤੇ ਚੰਦਾ ਝੂਲੇ
ਮੈਂ ਹਾਂ ਪੁੱਤ ਉਸ਼ੇਰ ਦਾ
ਇਹ ਜੁ ਫੁੱਲਾਂ ਝੁਰਮਟ ਪਾਇਆ
ਇਹ ਜੁ ਕਣ ਕਣ ਲਾਲ ਲਾਲ
ਯਾਦ ਕਿਸੇ ਦੀ ਅੰਦਰ ਬੈਠਾ
ਅੱਲੇ ਜ਼ਖ਼ਮ ਉਚੇੜਦਾ
ਉਸ਼ਾ ਦੀ ਲਾਲੀ ਮੇਰੀ ਲਾਲੀ
ਨਾ ਕੋਈ ਕੰਡਾ ਨਾ ਕੋਈ ਚੋਭਾ
ਮੈਂ ਹਾਂ ਲੋਕੋ ਸੱਚੀਂ ਦੱਸਾਂ ਬੂਟਾ ਕਨੇਰ ਦਾ
ਖੁਸ਼ਬੋਆਂ ਤੋਂ ਖਾਲੀ ਫਿਰ ਵੀ ਰੰਗ ਬਖੇਰਦਾ।

ਰਾਤ ਦੀ ਰਾਣੀ

ਵਾਹ ਰਾਤ ਦੀ ਰਾਣੀ, ਵਾਹ ਰਾਤ ਦੀ ਰਾਣੀ
ਤੇਰੀ ਛਲਕੇ ਜਵਾਨੀ, ਵਾਹ ਰਾਤ ਦੀ ਰਾਣੀ
ਸੰਸਾਰ ਹੈ ਸੌਂਦਾ, ਜਦੋਂ ਚਾਦਰ ਤਾਣੀ
ਤੂੰ ਜਾਗ ਹੈਂ ਉਠਦੀ, ਦੇਖ ਆਪਣੇ ਹਾਣੀ
ਤੇਰਾ ਮਹਿਕ ਹੈ ਉਠਦਾ, ਹਰ ਪੱਤਾ ਤੇ ਟਾਹਣੀ
ਵਾਹ ਰਾਤ ਦੀ ਰਾਣੀ, ਵਾਹ ਰਾਤ ਦੀ ਰਾਣੀ।

ਸੁਣ ਦਿਨ ਦੇ ਰਾਜੇ! ਮੇਰੀ ਅਜਬ ਕਹਾਣੀ
ਪਏ ਤਾਰੇ ਵੀ ਪੀਂਦੇ, ਮੇਰੀ ਮਹਿਕ ਦਾ ਪਾਣੀ
ਜੇ ਦਿਨ ਦੀ ਮਲਕਾ, ਮੈਂ ਬਣਨਾ ਚਾਹਵਾਂ
ਮੈਂ ਬਣ ਵੀ ਸਕਦੀ ਹਾਂ, ਸੁਘੜ ਸਿਆਣੀ
ਖਾਮੋਸ਼ੀ ਅੰਦਰ, ਸਭ ਟਹਿਕ ਹੈ ਖਿੜਦੀ
ਤਾਰਿਆਂ ਦੀ ਲੋ ਵਿੱਚ, ਨਵੀਂ ਰੌ ਹੈ ਛਿੜਦੀ
ਓ ਦਿਨ ਦੇ ਰਾਜੇ, ਗੱਲ ਐਵੇਂ ਨਾ ਜਾਣੀ
ਮੈਂ ਰਾਤ ਦੀ ਰਾਣੀ, ਹਾਂ ਰਾਤ ਦੀ ਰਾਣੀ।

ਇਹ ਜੱਗ ਬਾ.ਗ ਬ.ਗੀਚਾ ਤੇਰਾ

ਇਹ ਜੱਗ ਬਾ.ਗ ਬ.ਗੀਚਾ ਤੇਰਾ, ਅਸੀਂ ਏਸ ਦੇ ਭੌਰੇ ਹਾਂ
ਤੇਰੇ ਰੁੱਖ ਬਿਰਖ ਦੇ ਫਲ ਫੁੱਲ ਮਿੱਠੇ ਹਾਂ ਜਾਂ ਕੌੜੇ ਹਾਂ।
ਬਹੁਤੇ ਦਾਨੇ ਬੀਨੇ ਵੀ ਨਹੀਂ, ਕੁਝ ਝੱਲੇ ਕੁਝ ਲਟਬੌਰੇ ਹਾਂ
ਉੱਚੇ ਲੰਬੇ ਸਰੂ ਕੱਦ, ਮਧਰੇ, ਕਾਲੇ ਹਾਂ ਜਾਂ ਗੋਰੇ ਹਾਂ।
ਅੰਬ ਅਨਾਰ ਅੰਗੂਰ ਅਲੂਚੇ ਫਲ ਲਾਏ ਤੂੰ ਰਸ ਭਿੰਨੇ
ਕਲੀ ਗੁਲਾਬ ਤੇ ਗੇਂਦਾ ਮੋਤੀਆਂ ਸਾਰੇ ਮਹਿਕ ਤੇ ਵਾਸ ਵਿੰਨੇ।
ਵੰਨ ਸੁਵੰਨਾ ਚਮਨ ਖਿੜਾ ਕੇ ਤੂੰ ਖੁਸ਼ਬੋਆਂ ਵੰਡੀਆਂ ਨੇ
ਰੰਗ ਬਿਰੰਗ ਫਲ ਫੁੱਲਾਂ ਦੀਆਂ ਖੂਬ ਸਜਾਈਆਂ ਮੰਡੀਆਂ ਨੇ।
ਗਾਉਣ ਲਈ ਤੂੰ ਬੁਲਬੁਲ ਭੇਜੀ, ਤਿਤਲੀ ਆ ਕੇ ਨ੍ਰਿਤ ਕਰੇ
ਪੱਤੇ ਥਾਂ ਥਾਂ ਦੇਣ ਤਾਲੀਆਂ, ਮਿਹਰਾਂ ਦੇ ਮਟ ਭਰੇ।
ਤੇਰੇ ਸਾਜੇ ਭਾਂਡੇ ਟੀਂਡੇ, ਜਾਮ ਪਿਆਲੇ ਸੁਰਾਹੀ ਹਾਂ
ਕੱਚੇ ਹਾਂ ਭਾਵੇਂ ਪਿੱਲੇ ਹਾਂ ਤੇਰੇ ਬਾ.ਗ ਦੇ ਰਾਹੀ ਹਾਂ।

ਸੂਰਜਮੁਖੀ

ਸੂਰਜਮੁਖੀਏ! ਤਿਰਾ ਮੁਖੜਾ ਸੋਹਣਾ, ਸੋਨਾ ਪਿਆ ਬਰਸਾਵੇ
ਅਸਮਾਨਾਂ ਦਾ ਆਸਣ ਛੱਡ ਕੇ (ਤੈਨੂੰ) ਸੂਰਜ ਦੇਖਣ ਆਵੇ।
ਕਿੰਗਰੇਦਾਰ ਤੇਰੀ ਗੋਲਾਈ, ਸੂਰਜ ਦੀ ਹਮਜਾਈ
ਸੋਨ ਸੁਨਹਿਰੀ ਜ਼ੁਲਫਾਂ ਕੇਹੀ, ਵਾਹ ਵਾਹ ਰੌਣਕ ਲਾਈ।
ਤਾਜ ਤਖਤ ਦੀ ਵਾਲੀ ਦੁਨੀਆਂ, ਇੱਕ ਆਵੇ ਇੱਕ ਜਾਵੇ
ਤੇਰੇ ਤਾਜ ਛਤਰ ਦੀ ਛਹਿਬਰ, ਸਦਾ ਰੌਣਕਾਂ ਲਾਵੇ।
ਧਰਤੀ ਸਿਰ ਸੋਨੇ ਦੀ ਸੱਗੀ, ਸੂਰਜਮੁਖੀ ਕਹਾਵੇ
ਜਾਂ ਕੋਈ ਮੱਥੇ ਤਿਲਕ ਲਗਾ ਕੇ, ਆਸ਼ਕ ਜ਼ੁਹਦ ਕਮਾਵੇ।
ਲੰਮੀ ਲੰਮੀ ਛੈਲੋ ਨਾਜ਼ੋ, ਕਿਸ ਨੂੰ ਖੜੀ ਚਿਤੇਂਦੀ
ਕਿਹਦੇ ਧਿਆਨ 'ਚ ਬਣ ਕੇ ਜੋਗਣ, ਪਈ ਉਡੀਕ ਕਰੇਂਦੀ?
ਕੌਣ ਕਿਸੇ ਨੂੰ ਯਾਦ ਕਰੇਂਦਾ, ਕੌਣ ਕਿਸੇ ਨੂੰ ਧਿਆਵੇ
ਇਸ਼ਕ ਅਲੰਬਾ ਆਪੇ ਬਾਲੇ, ਆਪੇ ਚਿਣਗ ਮਘਾਵੇ।
ਕਿੱਥੇ ਸੂਰਜ ਵੱਡਿਓਂ ਵੱਡਾ, ਅਸਮਾਨਾਂ ਦਾ ਹਾਣੀ
ਕਿੱਥੇ ਸੂਰਜਮੁਖੀ ਨਿਮਾਣੀ, ਦਰ 'ਤੇ ਭਰਦੀ ਪਾਣੀ।
ਮਹਿਬੂਬਾਂ ਦਾ ਇਸ਼ਕ ਤਸੱਵਰ ਕੀ ਕੀ ਰੰਗ ਵਿਖਾਵੇ
ਇੱਕ ਸੂਰਜ ਦੀ ਯਾਰੀ ਦੇਖੋ, ਸੂਰਜ ਕਈ ਚੜ੍ਹਾਵੇ।
ਜਿੰਦੜੀ ਸੂਰਜਮੁਖੀ ਦੇ ਵਾਂਹੂ, ਸੂਰਜ ਇਸ਼ਕ ਕਮਾਵੇ
ਆਪੇ ਪ੍ਰੇਮੀ ਬਣ ਕੇ ਪ੍ਰੀਤਮ, ਨੂਰ ਜਾਂ ਛਹਿਬਰ ਲਾਵੇ।

ਮੁਟਿਆਰ ਸਰ੍ਹੋਂ

ਹੋ ਗਈਆਂ ਸਰ੍ਹੋਂਆਂ ਮੁਟਿਆਰਾਂ
ਪਤਲੀਆਂ ਪਤਲੀਆਂ ਲੰਬੀਆਂ ਨਾਰਾਂ
ਵਿਆਹੁਣ ਜੋਗੀਆਂ ਮੁਕਲਾਉਣ ਜੋਗੀਆਂ
ਕਰੋ ਵਿਆਹ ਕਿਸੇ ਨਾਲ।
ਫੁੱਲਾਂ ਨਾਲ ਇਹ ਲੱਦੀਆਂ ਪਰੀਆਂ
ਜੋਬਨ ਮਦ ਤੇ ਗੰਧ ਦੀਆਂ ਭਰੀਆਂ
ਚਾਹੁਣ ਨਾ ਰਹਿਣਾ ਇਸ ਘਰ ਅੰਦਰ
ਆਏ ਹੋਰ ਖਿਆਲ।
ਮਿਲ ਮਿਲ ਗਿੱਧਾ ਪਾ ਪਾ ਨੱਚਣ
ਚਾਂਭਲ਼ਾਂ ਪਾਵਣ ਖਿੜ ਖਿੜ ਹੱਸਣ
ਮੱਚਣ ਭਾਂਬੜ ਦਿਲ ਦੇ ਅੰਦਰ
ਪਵਨ ਨੇ ਦਿੱਤੇ ਉਠਾਲ।
ਰੱਖੀਆਂ ਵੀ ਇਹ ਹੁਣ ਰਹਿਣਗੀਆਂ ਨਹੀਂ
ਚੁੱਪ ਕੀਤੀਆਂ ਹੁਣ ਬਹਿਣਗੀਆਂ ਨਹੀਂ
ਉੱਡ ਜਾਵਣ ਕਿਤੇ 'ਪਦਮ' ਅਰਸ਼ ਨੂੰ
ਪੌਣ ਸਹੇਲੀ ਨਾਲ।
ਵਿਆਹ ਦਿਓ ਮੁਟਿਆਰਾਂ ਨੂੰ
ਵਿਆਹ ਦਿਓ ਕਿਸੇ ਦੇ ਨਾਲ।

ਸਣ ਦੇ ਖੇਤ ਵਿੱਚ

ਨਿੱਕੀ ਨਿੱਕੀ ਵਾਸਨਾ ਤੇ ਨਿੱਕੇ ਨਿੱਕੇ ਘੁੰਗਰੂ
ਝੂਲਦੀ ਜੁਆਨੀ ਛਣਕਾਵੇ ਪਈ ਘੁੰਗਰੂ।
ਪਤਲੀ ਤੇ ਲੰਮੀ ਨਾਜ਼ੋ ਨਾਰ ਚੰਬੇ ਧਾਰ ਦੀ
ਸੋਨੇ ਰੰਗ ਫੁੱਲਾਂ ਨਾਲ ਰੂਪ ਨੂੰ ਸ਼ਿੰਗਾਰਦੀ
ਸਬਜ਼ ਪੁਸ਼ਾਕ ਬਾਂਕੀ ਨਵੀਉਂ ਨੁਹਾਰ ਦੀ
ਪਤਾ ਨੀ ਹੁਸਨ ਇਦ੍ਹਾ ਕਿੱਥੇ ਤੱਕ ਪੁੰਗਰੂ
ਝੂਲਦੀ ਜੁਆਨੀ ਛਣਕਾਵੇ ਪਈ ਘੁੰਗਰੂ।
ਬਚਨ ਸੁਣਾਵਾਂ ਅੱਜ ਤੁਹਾਨੂੰ ਸੱਚ ਸੱਚ ਦੇ
ਨਿੱਕੇ ਨਿੱਕੇ ਫੁੱਲ ਜਦ ਨਿੱਕਾ ਨਿੱਕਾ ਨੱਚਦੇ
ਤੁਰੇ ਜਾਂਦੇ ਪਾਂਧੀਆਂ ਦੇ ਕਾਲਜੇ ਨੇ ਮੱਚਦੇ
ਏਸ ਦੀ ਪੰਜੇਬ ਖੌਰੇ, ਕਿੰਨਿਆਂ ਨੂੰ ਡੁੰਗਲੂ
ਝੂਲਦੀ ਜੁਆਨੀ ਛਣਕਾਰੇ ਪਈ ਘੁੰਗਰੂ।
ਭਿੰਨੀ ਖੁਸ਼ਬੋਈ ਜਿਉਂ ਮ੍ਰਿਗੇ ਦਾ ਨਾਫਾ ਵੇ
ਕੇਸਰ ਕਥੂਰੀ ਕਿਹਦਾ, ਕਰੀਏ ਕਿਆਫ਼ਾ ਵੇ
ਸੱਜਣ ਸੰਦੇਸ਼ ਦਾ ਜਿਉਂ, ਖੁਲ੍ਹਿਆ ਲਫਾਫਾ ਵੇ
ਹੋਊ ਮਦ ਮਤਾ ਜੋ ਵੀ ਆਣ ਇਸ ਸੁੰਘ ਲੂ
ਝੂਲਦੀ ਜੁਆਨੀ ਛਣਕਾਵੇ ਪਈ ਘੁੰਗਰੂ।
ਨੱਢੀਆਂ ਦੀ ਗਾਗਰਾਂ ਦੇ ਬੰਨ੍ਹਣ ਬੰਨ੍ਹਾਣ ਲਈ
ਭੋਲੇ ਹਿਰਨੋਟਿਆਂ ਦੇ ਗਲ ਫਾਹੀ ਪਾਣ ਲਈ
ਹੁਸਨ ਵਿਛਾਵੇ ਜਾਲ ਆਸ਼ਕਾਂ ਫਸਾਣ ਲਈ
ਜ਼ਾਲਮ ਜ਼ੁਲਫ ਅਜੇ ਕਿੰਨਿਆਂ ਨੂੰ ਸੁੰਭਰੂ
ਝੂਲਦੀ ਜੁਆਨੀ ਛਣਕਾਵੇ ਪਈ ਘੁੰਗਰੂ।

ਕੋਇਲ

ਕੋਇਲ ਤੂੰ ਭਾਵੇਂ ਕਾਲੀ ਏਂ
ਤੇ ਕਾਲੇ ਕਾਂਵਾਂ ਪਾਲੀ ਏਂ
ਚਿੱਟੇ ਚੰਮ ਤੋਂ ਵੀ ਖਾਲੀ ਏਂ
ਪਰ ਹੁਸਨਾ ਦੀ ਮਤਵਾਲੀ ਏਂ।
ਕਿਸ ਨੂੰ ਤੂੰ ਪਈ ਹਾਕਾਂ ਮਾਰੇਂ
ਕੂਕ ਤੇਰੀ ਨਾ ਜਾਇ ਸਹਾਰੀ
ਤੱਤੇ ਥਲਾਂ ਵਿੱਚ ਭੁਲੀਏ ਸੱਸੀਏ
ਕੀਹਨੂੰ ਪੁਨੂੰ ਪੁਨੂੰ ਪੁਕਾਰੇਂ
ਕੋਈ ਨਹੀਂ ਇਸ ਅੰਬ ਦੇ ਥੱਲੇ
ਕੋਈ ਨਹੀਂ ਹੈ ਇਸ ਅੰਬ ਦੇ ਉੱਤੇ
ਸ਼ਾਇਰ ਖੜ੍ਹੇ ਕੱਲਮ-ਕੱਲੇ
ਤੇਰੀ ਕੂਕ ਦੇ ਮਾਰੇ।

ਮਾਹੀ ਵੇ ਚੱਲ ਪਹਾੜੀਂ ਨੂੰ ਚੱਲੀਏ

ਛੋੜ ਨਿਕੰਮੀ ਨੀਵੀਂ ਨਗਰੀਆਂ, ਕੋਈ ਥਾਂ ਉਚੇਰੀ ਮੱਲੀਏ
ਰਾਗ ਦ੍ਵੈਸ ਦੇ ਦੇਸ ਨੂੰ ਲੰਘ ਕੇ, ਜਾ ਵਿੱਚ ਅਸਮਾਨਾਂ ਖਲੀਏ
ਚੜ੍ਹ ਚੀਲਾਂ 'ਤੇ ਚੋਹਲ ਕਰੀਏ, ਉਡ ਮੇਘਾਂ ਨੂੰ ਮਿਲੀਏ
ਪੀ ਪੀ ਪ੍ਰੀਤ ਦੇ ਨਸ਼ੇ ਸੁਹਾਵੇ ਨੱਚੀਏ ਕੁੱਦੀਏ ਖਿਲੀਏ
ਝੁਲੀਏ ਵਾਂਙ ਚੀਲਾਂ, ਹੋ ਪਾਗਲ ਇੱਕ ਦੂਜੇ 'ਤੇ ਡੁਲ੍ਹੀਏ
ਤੂੰ ਤੇ ਮੈਂ ਦਾ ਭੇਦ ਮਿਟਾ ਕੇ, ਵਾਂਗ ਘਟਾ ਦੇ ਘੁਲੀਏ
ਤਾਰਿਆਂ ਦੀ ਨਿੰਮੀ ਲੋਅ ਅੰਦਰ, ਸਭ ਕੁਝ ਪਿਛਲਾ ਭੁੱਲੀਏ
ਆ ਮਾਹੀ ਹੁਣ ਦੇਰ ਨਾ ਲਾ ਵੇ, ਜੁਲੀਏ ਛੇਤੀ ਜੁਲੀਏ।

ਓ ਸੋਮੇ !

ਨਾ ਸ਼ੋਰ ਕਰ ਓ ਸੋਮੇ! ਐਵੇਂ ਨਾ ਸ਼ੋਰ ਪਾ ਤੂੰ
ਖਾਮੋਸ਼ ਬਣ ਕੇ ਸਾਧੂ, ਟੁਰਦਾ ਹੀ ਟੁਰਦਾ ਜਾਹ ਤੂੰ।
ਸਜਣ ਨੂੰ ਛੇਤੀ ਮਿਲਣੈ? ਮੰਜ਼ਲ ਹੈ ਦੂਰ ਲੰਮੀ
ਆਸੀ ਜਰੂਰ ਆਸੀ, ਇਤਨਾ ਨਾ ਤਿਲਮਿਲਾ ਤੂੰ।
ਤੜਫਾਂ ਕਿਵੇਂ ਨਾ ਕਵੀਆਂ! ਕਿੱਦਾਂ ਨਾ ਸ਼ੋਰ ਪਾਵਾਂ
ਪਾਣੀ 'ਚ ਲੱਗੀ ਅੱਗ ਨੂੰ ਦੱਸ ਕਿਸ ਤਰ੍ਹਾਂ ਬੁਝਾਵਾਂ?
ਸਦੀਆਂ ਤੋਂ ਮੈਂ ਹਾਂ ਚੱਲਿਆ, ਦੂਰੋਂ ਪਹਾੜੋਂ ਚੱਲਿਆ
ਖਾ ਖਾ ਕੇ ਪੱਥਰੀ ਚੋਟਾਂ, ਟੁਰਿਆ ਪੀਆ ਵੱਲ ਜਾਵਾਂ।
ਦੁਨੀਆਂ ਬੜੀ ਬੇਦਰਦਣ, ਪੱਥਰ ਪ੍ਰੀਤੋਂ ਸਖਣੀ
ਰੋਕੇ ਤੇ ਹਰ ਥਾਂ ਟੋਕੇ, ਮਾਰੇ ਜੇ ਕੁਛ ਅਲਾਵਾਂ।
ਪਰਬਤ ਦਾ ਕੁਛ ਵਿਛੋੜਾ, ਅੱਗੋਂ ਦੀ ਕੁਛ ਹੈ ਤੜਪਣ
ਬੇਚੈਨੀ ਦੀ ਇਸ ਦਸ਼ਾ ਵਿੱਚ, ਰੋਂਦਾ ਹੀ ਰੋਂਦਾ ਜਾਵਾਂ।

ਵੇ ਪਰਬਤੋ

ਵੇ ਪਰਬਤੋ! ਵੇ ਪਰਬਤੋ! ਕਿੱਦਾਂ ਇਕੱਲਿਆਂ ਲੰਘਦੀ
ਰਾਂਝਾ ਨਾ ਕਿਧਰੇ ਰੜਕਦਾ, ਨਾ ਹੀਰ ਦਿਸੇ ਝੰਗ ਦੀ।
ਵੇ ਪਾਂਧੀਆ! ਵੇ ਪਾਂਧੀਆ! ਹੈ ਖ਼ੂਬ ਸਾਡੀ ਲੰਘਦੀ
ਝਗੜਾ ਨਾ ਝੰਜਟ ਹੈ ਕੋਈ, ਨਾ ਲਾਟ ਪੁੱਜੇ ਜੰਗ ਦੀ।
ਸੋਮਿਆਂ ਤੇ ਪੰਛੀਆਂ ਦੇ ਗੀਤ ਸੁਣੀਏ ਨਿਤ ਨਵੇਂ
ਬੀਂਡਿਆਂ ਦੀ ਬੀਨ ਵੀ, ਸੀਨਾ ਅਸਾਡਾ ਰੰਗਦੀ।
ਕੁਝ ਪੌਣ ਵੀ ਅਠਖੇਲਦੀ ਵਿਛੜੇ ਪੁਰਾਣੇ ਮੇਲਦੀ
ਕੁਛ ਨਸ਼ਾ ਮਸਤੀ ਵੀ ਰਹੇ, ਇਨ੍ਹਾਂ ਬੂਟੀਆਂ ਦੀ ਗੰਧ ਦੀ।
ਬੱਦਲਾਂ ਦੀ ਛਾਂ ਵਿੱਚ ਬੈਠ ਕੇ, ਆਜ਼ਾਦ ਨੰਗੇ ਨਚੀਏ,
ਤੱਕੀਏ ਤਮਾਸ਼ਾ ਦੁਨੀ ਦਾ, ਜੋ ਕਈ ਰੰਗ ਬਰੰਗ ਦੀ।
ਰਿਸ਼ੀਆਂ ਦੀ ਦੱਸੀ ਜਾਚ ਜੋ, ਤਪ ਮੋਨ ਸ਼ਾਂਤ ਸਮਾਧੀਆਂ,
ਜ਼ਿੰਦਗੀ ਨਿਰਾਲੇ ਢੰਗ ਦੀ, ਹੈ ਖ਼ੂਬ ਜਾਂਦੀ ਲੰਘਦੀ।

ਓ ਕਸ਼ਮੀਰ !

ਸੁਣੀ ਕਸ਼ਮੀਰਾ! ਗੱਲ ਵੇ, ਆਖੀਏ ਦਿਲ ਦਾ ਹਾਲ
ਸਾਨੂੰ ਬੜੇ ਚੰਗੇ ਲੱਗਦੇ, ਤੇਰੇ ਕੇਸਰ ਸੇਬ ਅਨਾਰ
ਤੇਰੇ ਸੋਮੇ ਝੀਲਾਂ ਤੇਰੀਆਂ ਬਣੀਆਂ ਜੋ ਮਧੂ ਸ਼ਾਲ
ਤੇਰਾ ਡਲ ਡਲ ਕਰਦਾ ਡੱਲ ਵੇ, ਇਹ ਸ਼ੀਸ਼ਾ ਕਾਦਰਯਾਰ
ਚੰਨ ਸੂਰਜ ਤਾਰੇ ਜਿਸ ਵਿਚੀਂ, ਨਿੱਤ ਵੇਖਣ ਆਪਣੀ ਨੁਹਾਰ
ਤੇਰੀਆਂ ਬਰਫ਼ਾਨੀ ਚੋਟੀਆਂ, ਕੁਦਰਤ ਦੇ ਨਵੇਂ ਕਮਾਲ
ਥਾਂ ਥਾਂ ਹਰਿਆਵਲ ਛਲਕਦੀ, ਤੇਰੀ ਧਰਤੀ ਦਾ ਸ਼ਿੰਗਾਰ
ਤੇਰਾ ਹੁਸਨ ਵੇਖ ਕੇ ਵਿਸਮਦੇ, ਕਈ ਕਵੀ ਤੇ ਚਿਤ੍ਰਕਾਰ
ਤੇਰੇ ਇਸ਼ਕ ਦੇ ਬੱਧੇ ਆਂਵਦੇ, ਸੈਲਾਨੀ ਸਾਲ ਦੇ ਸਾਲ
ਪਰ ਕਵੀ ਬੇਚਾਰਾ ਕੀ ਕਰੇ, ਜਿਨੂੰ ਵਗੀ ਦਰਦ ਦੀ ਮਾਰ
ਉਹ ਹੁਸਨ ਇਸ਼ਕ ਨੂੰ ਛੱਡ ਕੇ, ਕਰੇ ਗੱਲ ਨਿਤਾਰ ਨਿਤਾਰ
ਹਾਲ ਹਾਤੋ ਦਾ ਵੇਖ ਕੇ, ਉਹ ਭੁੱਲੇ ਹੁਸਨ ਦਾ ਖਿਆਲ
ਓ ਕਸ਼ਮੀਰ! ਤੂੰ ਮਾਂ ਹੈਂ, ਤੇਰੇ ਸਭ ਬੱਚੇ ਪ੍ਰਦੇਸ
ਪਏ ਰੁਲਦੇ ਫਿਰਦੇ ਖ਼ਾਕ ਵਿੱਚ ਧਾਰ ਗਰੀਬੀ ਵੇਸ
ਤੇਰੇ ਕਿਸ ਕੰਮ ਨੇ ਨਸ਼ਪਾਤੀਆਂ ਨਾਲੇ ਮੇਵਾ ਗਲਾਸ
ਖੁਰਮਾਨੀਆਂ ਮਰ ਜਾਣੀਆਂ, ਪਾਲੇ ਕਿਸ ਦੀ ਆਸ?
ਦੱਸ ਤੇਰੇ ਸ਼ਾਲ ਮੈਂ ਕੀ ਕਰਾਂ, ਤੇਰੇ ਨੰਗੇ ਫਿਰਦੇ ਬਾਲ
ਉਹ ਢਿੱਡੋਂ ਭੁੱਖੇ ਨਿਕਲੇ, ਤੋੜ ਸ੍ਵਰਗ ਦਾ ਜਾਲ
ਕੰਧ ਕੁਹਾੜਾ ਰੱਖ ਕੇ, ਓਢ ਕੰਬਲੀ ਲੀਰ
ਗੁਆਚੀ ਕਿਸਮਤ ਹੀਰ ਨੂੰ ਲੱਭਦੇ ਫਿਰਨ ਫਕੀਰ
ਇਹ ਹਾਤੋ ਦੀ ਦੁਰਦਸ਼ਾ ਤੇਰੇ ਮੱਥੇ ਕਲੰਕ
ਮਾਣ ਹੁਸਨ ਦਾ ਨਾ ਕਰੀਂ, ਇਹ ਟੁੱਟਣ ਵਾਲੀ ਬੰਕ
ਕਿਸ ਕੰਮ ਦੱਸ ਉਹ ਹੁਸਨ ਹੈ ਕਿਸ ਕੰਮ ਇਸ਼ਕ ਪ੍ਰੀਤ
ਮਾਨਵਤਾ ਦੀ ਹੋ ਰਹੀ ਜਿਥੇ ਮਿੱਟੀ ਪਲੀਤ।

ਮੈਂ ਜੁਗਾਂ ਜੁਗਾਂ ਦਾ ਪਾਂਧੀ

ਮੈਂ ਜੁਗਾਂ ਜੁਗਾਂ ਦਾ ਪਾਂਧੀ ਵੇ ਲੋਕੋ
ਜੁਗਾਂ ਜੁਗਾਂ ਦਾ ਪਾਂਧੀ..............।
ਰੋਕ ਸਕੇ ਤੂਫ਼ਾਨ ਨਾ ਮੈਨੂੰ ਨਾ ਹੀ ਰੋਕੇ ਆਂਧੀ
ਸੈਰ ਸਪਾਟੇ ਦੀ ਸ਼ੌਕੀ ਰੂਹ, ਜਾਂਦੀ ਭੰਗੜਾ ਪਾਂਦੀ
ਪੈਰ ਮਿਲੇ ਜੁ ਤੁਰਨ ਦੀ ਖਾਤਰ ਕਿਉਂ ਅਟਕਾਂ ਸੁਖੀ ਸਾਂਦੀ
ਤੁਰਨਾ ਆਪਣੀ ਮਟਕ ਦੇ ਅੰਦਰ ਦੁਨੀਆਂ ਖਸਮਾਂ ਨੂੰ ਖਾਂਦੀ
ਸੱਸੀਆਂ ਵਾਲੇ ਲੱਖ ਥਲ ਵੇਖੇ ਥਾਹ ਵੀ ਲਈ ਝਨਾਂ ਦੀ
ਕਈ ਅਸਮਾਨ ਧਰਤੀਆਂ ਗਾਹੀਆਂ, ਚਾਲ ਨਾ ਰੁਕੀ ਧੁਰਾਂ ਦੀ
ਜਿਉਂ ਜਿਉਂ ਅੱਗੇ ਕਦਮ ਵਧਾਵਾਂ, ਵਾਟ ਵੀ ਵਧਦੀ ਜਾਂਦੀ
ਕਾਫ਼ਲੇ ਵਾਲਿਆਂ ਦੀ ਟੱਲੀ ਦੀ ਵਾਜ ਆਵੇ ਥਰਰਾਂਦੀ
ਓਸੇ ਧੁਨ ਮਸਤਾਨੀ ਹੋ ਰੂਹ, ਜਾਂਦੀ ਹਸਦੀ ਗਾਂਦੀ
ਬੜਾ ਸੁਆਦ ਹੈ ਲੰਮੇ ਪੰਧ ਦਾ, ਬੜਾ ਸੁਆਦ ਫੁਰਮਾਂਦੀ
ਆਓ ਲੋਕੋ! ਮਿਲ ਕੇ ਚੱਲੀਏ, ਮਿਲਣੀ ਚਾਲ ਸੁਹਾਂ ਦੀ
ਵਤਨ ਮਾਹੀ ਦਾ ਦੂਰ ਸੁਣੀਂਦਾ, ਸੋਅ ਨੇੜੇ ਕਿਤੇ ਆਂਦੀ।

ਕਿੰਨਾ ਚੰਗਾ ਚੰਗਾ ਲੱਗਦਾ

ਵਗਦੇ ਪਾਣੀਆਂ ਦੇ ਕੋਲ, ਤੇਰਾ ਬਹਿਣਾ ਮੇਰੇ ਕੋਲ
ਕਿੰਨਾ ਚੰਗਾ ਚੰਗਾ ਲੱਗਦਾ
ਗੱਲ ਕਰਨੀ ਨਾ ਖੋਲ੍ਹ, ਬੋਲ ਬੋਲਣੇ ਅਬੋਲ
ਕਿੰਨਾ ਚੰਗਾ ਚੰਗਾ ਲੱਗਦਾ
ਮੇਰੇ ਬਾਂਕੇ ਜੇਹੇ ਢੋਲ, ਕੀ ਦੱਸਾਂ ਫੋਲ ਫੋਲ
ਤੇਰੇ ਨਿੱਕੇ ਨਿੱਕੇ ਚੋਹਲ
ਠੰਢੀ ਤੂਤਾਂ ਦੀ ਛਾਂਵੇਂ
ਕਿਧਰੇ ਆਵੇਂ ਕਿਤੇ ਜਾਵੇਂ
ਭਾਵੇਂ ਬੋਲੇਂ ਨਾ ਬੋਲ, ਕਿੰਨਾ ਚੰਗਾ ਚੰਗਾ ਲੱਗਦਾ............।

ਮਜ਼ਦੂਰ ਜਾ ਰਿਹਾ ਹੈ

ਹੱਥ ਵਿੱਚ ਕੁਹਾੜਾ ਪਕੜ ਕੇ, ਲੱਕੜ ਲਈ ਬਨ ਨੂੰ ਚੱਲਿਆ
ਮਜ਼ਦੂਰ ਨਾ ਮਨਜੂਰ ਜੋ, ਮਨਸੂਰ ਬਣ ਕੇ ਚੱਲਿਆ
ਨਰਾਜ਼ ਹੋਈ ਕਿਸਮਤ ਨੂੰ, ਛੇਤੀ ਮਨਾਵਣ ਦੇ ਲਈ
ਸੂਲੀ ਦੇ ਉੱਤੇ ਚੜ੍ਹਨ ਦਾ, ਕਰ ਪ੍ਰਣ ਯੋਧਾ ਚੱਲਿਆ।
ਫਰਿਆਦ ਗਈ ਸੁਣੀ ਨਾ ਫਰਿਹਾਦ ਹੋ ਜਾਵਾਂਗਾ ਮੈਂ
ਰੋਕਣ ਜੋ ਮੇਰਾ ਰਾਹ ਉਹ, ਪਰਬਤ ਵੀ ਉਲਟਾਵਾਂਗਾ ਮੈਂ
ਜੰਗਲ ਵੀ ਉਹ ਕੱਟ ਦਿਆਂਗਾ ਮੈਨੂੰ ਜੋ ਆ ਉਲਝਾਏਗਾ
ਮੰਨੀ ਨਾ ਕਿਸਮਤ ਜੇ ਕਦੀ, ਡਿਗ ਕੇ ਕਿਤੇ ਮਰ ਜਾਵਾਂਗਾ ਮੈਂ।
ਉਮਰਾ ਸਭ ਬਿਤਦੀ ਗਈ, ਕੁਹਾੜਾ ਵੀ ਇਉਂ ਚਲਦਾ ਗਿਆ
ਪਾਗਲ ਆਪਣੇ ਆਪ ਹੀ, ਸੀਨੇ ਨੂੰ ਨਿੱਤ ਸਲਦਾ ਗਿਆ
ਜ਼ਾਲਮ ਉਹ ਲੋਕ ਵੀ, ਸ਼ੀਰੀ ਦੇ ਕੌੜੇ ਸ਼ਹਿਰ ਦੇ
ਕਿਸਮਤ ਨਾ ਮੰਨੀ ਕਿਵੇਂ ਵੀ, ਸੂਰਜ ਵੀ ਚਲ ਢਲਦਾ ਗਿਆ।

ਕਿਸ ਦੀ ਹੈ

ਪੌਣ ਵਿੱਚ ਖੁਸ਼ਬੂ ਕਿਸ ਦੀ ਹੈ
ਬਾਗ 'ਚ ਰੰਗੋ ਬੂ ਕਿਸ ਦੀ ਹੈ।
ਅੰਬਾਂ 'ਤੇ ਮੋਰ ਕਿਸ ਘੱਲਿਆ
ਕੋਇਲ ਦੀ ਕੂ ਕੂ ਕਿਸ ਦੀ ਹੈ।
ਮੈਂ ਤਾਂ ਮੇਰੀ ਹੀ ਸਹੀ
ਅੰਦਰ ਤੂੰ ਤੂੰ ਕਿਸ ਦੀ ਹੈ।
ਮਿਲਿਆ ਹੈ ਮਿਲਣ ਵਾਲਾ
ਅੰਦਰ ਜੁਸਤਜੂ ਕਿਸ ਦੀ ਹੈ।
ਇਹ ਤਾਂ ਉਹ ਲੱਗਦੇ ਨਹੀਂ
ਫਿਰ ਇਹ ਧੂਹ ਕਿਸ ਦੀ ਹੈ।
ਕੌਣ ਆਇਆ ਹੈ ਫਰਿਸ਼ਤਾ
ਹੁਸੀਨ ਛੂਹ ਕਿਸ ਦੀ ਹੈ।
ਕੱਦ ਸਰੂ ਕਿਸ ਦਾ ਹੈ
ਆਵਾਜ਼ ਖ਼ੁਸ਼ ਗੁਲੂ ਕਿਸ ਦੀ ਹੈ।
ਪੌਣ ਵਿੱਚ ਖੁਸ਼ਬੂ ਕਿਸ ਦੀ ਹੈ
ਜ਼ਰਰੇ ਜ਼ਰਰੇ ਵਿੱਚ ਰੂਹ ਕਿਸ ਦੀ ਹੈ।

ਕਵਿਤਾ ਦੀ ਮਲਕਾ

ਤੇਰੀ ਜ਼ੁਲਫ਼ਾਂ ਦੀ ਛਾਂਵੇਂ
ਮੈਂ ਇੱਕ ਗੀਤ ਲਿਖਾਂਗਾ
ਮੇਰੇ ਗੀਤਾਂ ਦੀ ਛਾਂਵੇਂ
ਦੁਨੀਆਂ ਚੈਨ ਪਾਏਗੀ
ਤੇ ਤੇਰੇ ਗੀਤ ਗਾਏਗੀ।
ਏਸ ਵਿੱਚ ਕੀ ਹਰਜ
ਜੇ ਕਲਮ ਚਾਹੁੰਦੀ ਹੈ
ਜ਼ੁਲਫ਼ਾਂ ਦੀ ਸਿਆਹੀ ਨੂੰ
ਆਖਿਰ ਅੱਖਰ ਤਾਂ ਵਿਹੁ ਮਾਤਾ
ਨੂਰ ਦੇ ਹੀ ਪਾਏਗੀ
ਦੁਨੀਆਂ ਜਗਮਗਾਏਗੀ
ਤੇ ਤੇਰਾ ਨਾਮ ਧਿਆਏਗੀ।
ਸੁਣਿਐ ਮਜਨੂੰ ਦੀਵਾਨਾ ਸੀ

ਤੇ ਰਾਂਝਾ ਜੱਟ ਸੀ ਯਮਲਾ
ਫਰਹਾਦ ਨੂੰ ਫ਼ੱਕੜ ਕਹਿ ਕਹਿ ਕੇ ਵੀ
ਤਾਰੀਖ ਆਪ ਝੂਮੇਗੀ
ਤੇ ਹੋਰਾਂ ਨੂੰ ਝੁਮਾਏਗੀ
ਤੇ ਸ਼ੀਰੀਂ, ਹੀਰ, ਲੈਲਾ ਦੇ
ਸਦਕੇ ਜਾਏਗੀ।
ਸੌਦਾ ਕੋਈ ਮਹਿੰਗਾ ਨਹੀਂ
ਕਿਸੇ ਵਣਜਾਰੇ ਨੂੰ ਪੁੱਛ ਵੇਖੋ
ਕਲਮ ਦੀ ਕਲਾ ਦਾ ਵੀ
ਮਾਣ ਕੋਈ ਕੋਈ ਪਾਏਗੀ
ਜਿੰਦ ਜਿੰਦ ਨੂੰ ਰੁਸ਼ਨਾ ਕੇ
ਮਹਿਫਲ ਸਜਾਏਗੀ
ਮਲਕਾ ਕਹਾਏਗੀ।
ਸੋ ਸ਼ਬਨਮ ਬਣ ਕੇ ਜੇ
ਤੂੰ ਫੁੱਲਾਂ 'ਤੇ ਆਏਗੀ
ਤਿਤਲੀ ਹੋ ਕੇ ਬਾਗ਼ਾਂ 'ਚ
ਜੇਕਰ ਘੁੰਮਰ ਪਾਏਗੀ
ਨੈਣਾਂ ਦੀ ਮਦਰਾ ਪਿਆਏਗੀ
ਤਾਂ ਇਸ ਕਲਮ ਦੀ ਖਾਤਰ
ਬੜਾ ਕੁਝ ਦੇ ਕੇ ਜਾਏਗੀ
ਬੜਾ ਕੁਝ ਲੈ ਕੇ ਜਾਏਗੀ
ਤੇ ਸਦਾ ਹੀ ਗਾਈ ਜਾਏਗੀ।

ਮਿੱਠਾ ਸੱਜਣ

ਮਿੱਠਾ ਜਿਹਾ ਸੱਜਣ ਕੋਈ ਕਿਧਰੋਂ ਬੋਲਦਾ ਹੈ
ਅਸਮਾਨ ਡੋਲਦਾ ਹੈ, ਈਮਾਨ ਡੋਲਦਾ ਹੈ।
ਇਹ ਕਿਸ ਥਾਂ ਤੋਂ ਪੈਂਦਾ ਗੁਲਾਬੀ ਜਿਹਾ ਪਰਛਾਂਵਾਂ
ਇਹ ਕੌਣ ਜ਼ਿੰਦਗੀ ਵਿੱਚ ਮਿਸਰੀ ਘੋਲਦਾ ਹੈ।
ਮੁਸਕ੍ਰਾਂਦੇ ਮੇਘਲੇ ਨੇ ਕੀ ਧੁੰਦ ਹੈ ਵਰ੍ਹਾਈ,
ਇਹ ਕੌਣ ਹੈ ਗੁਆਚਾ ਤੇ ਕੌਣ ਟੋਲਦਾ ਹੈ।
ਇਹ ਦੋਸਤੀ ਦੇ ਦਰਸ਼ਨ ਮੁਹੱਬਤ ਦੇ ਮੋਤੀ
ਕਸਤੂਰੀ ਦੀਆਂ ਗੰਢਾਂ ਨੂੰ ਕੌਣ ਖੋਲ੍ਹਦਾ ਹੈ।
ਔਹ ਮਾਨਸਰ ਉੱਤੇ ਅੱਜ ਹੰਸ ਇੱਕ ਆਇਆ
ਉਹ ਨਾਲ ਸਾਡੇ ਰਲ ਕੇ ਦੁਖ ਸੁਖ ਫੋਲਦਾ ਹੈ
ਉਡਣ ਲਈ ਕਦੀ ਕਦਾਈਂ ਪਰ ਵੀ ਖੋਲ੍ਹਦਾ ਹੈ।
ਦੱਸੋ ਇਹ 'ਦੀਨ' ਦੁਨੀਆਂ ਨੂੰ ਕਿਸ ਤਰ੍ਹਾਂ ਬਚਾਈਏ
ਸਾਗਰ ਦਾ ਜੁਆਰਭਾਟਾ ਸਾਨੂੰ ਝਕੋਲਦਾ ਹੈ।

ਇਨ੍ਹਾਂ ਨੈਣਾਂ ਨੂੰ

ਇਨ੍ਹਾਂ ਨੈਣਾਂ ਨੂੰ ਸਾਂਭ ਕੇ ਰੱਖੋ, ਨੈਣ ਤੁਹਾਡੇ ਹਰਨਾ ਵੇ
ਚੋਰੀਂ ਛਪੀਂ ਇਨ੍ਹਾਂ ਖ਼ਾਤਰ, ਬਾਗ਼ ਕਿਸੇ ਦਾ ਚਰਨਾ ਵੇ।
ਇਨ੍ਹਾਂ ਨੈਣਾਂ ਨੂੰ ਸਾਂਭ ਕੇ ਰੱਖੋ, ਨੈਣ ਕਈ ਬਾਜ਼ ਸ਼ਿਕਾਰੀ ਵੇ
ਦਿਲ ਦਾ ਮਾਸ ਖਾਣ ਦੇ ਆਦੀ, ਕਹਿੰਦੀ ਦੁਨੀਆਂ ਸਾਰੀ ਵੇ।
ਇਨ੍ਹਾਂ ਨੈਣਾਂ ਨੂੰ ਸਾਂਭ ਕੇ ਰੱਖੋ, ਨੈਣ ਨਰਗਸੀ ਪਿਆਲੇ ਵੇ
ਲੱਖਾਂ ਮਣ ਸ਼ਰਾਬ ਭਰੀਕੇ, ਫਿਰ ਸੋਫੀ ਮਤਵਾਲੇ ਵੇ।
ਇਨ੍ਹਾਂ ਨੈਣਾਂ ਨੂੰ ਸਾਂਭ ਕੇ ਰੱਖੋ, ਨੈਣ ਕੋਈ ਖੁਸ਼ਬੋਈ ਵੇ
ਬਾਂਕੀ ਨਜ਼ਰ ਦੇ ਜਾਦੂ ਅੱਗੇ, ਲੋਟ ਪੋਟ ਸਭ ਹੋਈ ਵੇ।
ਇਨ੍ਹਾਂ ਨੈਣਾਂ ਨੂੰ ਸਾਂਭ ਕੇ ਰੱਖੋ, ਕੌਲ ਫੁੱਲ ਕੋਈ ਟਹਿਕੇ ਵੇ
ਸਾਰੇ ਜੱਗ ਦਾ ਬਾਗ਼ ਬਗ਼ੀਚਾ, ਇਨ੍ਹਾਂ ਸਦਕੇ ਮਹਿਕੇ ਵੇ
ਇਨ੍ਹਾਂ ਨੈਣਾਂ ਨੂੰ ਸਾਂਭ ਕੇ ਰੱਖੋ, ਨੈਣ ਇਹ ਜਗਦੇ ਦੀਵੇ ਵੇ।
ਪਰਵਾਨੇ ਦੀ ਮੌਤ ਦਾ ਸੱਦਾ, ਕਿਚਰਕ ਆਸ਼ਕ ਜੀਵੇ ਵੇ।
ਇਨ੍ਹਾਂ ਨੈਣ ਨੂੰ ਸਾਂਭ ਕੇ ਰੱਖੋ, ਨੈਣ ਇਹ ਪੀਂਘ ਹੁਲਾਰੇ ਵੇ
ਤਖਤ ਹਜ਼ਾਰੇ ਬਲਖਬੁਖਾਰੇ, ਝੂਟਣ ਕੁੰਟਾਂ ਚਾਰੇ ਵੇ।
ਇਨ੍ਹਾਂ ਨੈਣਾਂ ਨੂੰ ਸਾਂਭ ਕੇ ਰੱਖੋ, ਨੈਣ ਨਰਗਸੀ ਪਿਆਲੇ ਵੇ
ਲੱਖਾਂ ਮਣ ਸ਼ਰਾਬ ਭਰੀਕੇ, ਫਿਰ ਸੋਫੀ ਮਤਵਾਲੇ ਵੇ।

ਇਨ੍ਹਾਂ ਨੈਣਾਂ ਨੂੰ ਸਾਂਭ ਦੇ ਰੱਖੋ, ਚੁਪ ਚਕੋਰ ਸ਼ਰਮੀਲੇ ਵੇ
ਸਿਆਮ ਸਲੋਨੇ ਉਡਣੇ ਪੁਡਣੇ, ਏਹ ਨਾਗ ਕਿਸ ਕੀਲੇ ਵੇ।
ਇਨ੍ਹਾਂ ਨੈਣਾਂ ਨੂੰ ਸਾਂਭ ਕੇ ਰੱਖੋ, ਨੈਣ ਤੀਰ ਅਣਿਆਲੇ ਵੇ
ਘਾਉ ਕਰੇਂਦੇ ਨਾਲੇ ਬਣਦੇ, ਸੱਜਣ ਭੋਲੇ ਭਾਲੇ ਵੇ।
ਇਨ੍ਹਾਂ ਨੈਣਾਂ ਨੂੰ ਸਾਂਭ ਦੇ ਰੱਖੋ, ਨੈਣ ਤੇਜ਼ ਤਲਵਾਰੀ ਵੇ
ਖਾ ਖਾ ਫੱਟ ਇਨ੍ਹਾਂ ਦੇ, ਫਿਰ ਵੀ ਚਾਹੁੰਦੀ ਦੁਨੀਆ ਸਾਰੀ ਵੇ।
ਨਾ ਹੀ ਏਹ ਤੇਜ਼ ਤਲਵਾਰਾਂ, ਨਾ ਹੀ ਤਿੱਖੀਆਂ ਛੁਰੀਆਂ ਵੇ
ਕਈ ਜਿੰਦਾਂ ਏਨ੍ਹਾਂ ਦੇ ਸਦਕੇ, ਮਰਦੀਆਂ ਮਰਦੀਆਂ ਮੁੜੀਆਂ ਵੇ।
ਨੈਣ ਸਰੋਜੀ ਮੌਜਲ ਮੌਜੀ, ਐਸੇ ਬਣੇ ਲਿਹਾਜ਼ੀ ਵੇ
ਸਾਡੇ ਨਾਲ ਤਾਂ ਲੜ ਲੜ ਕੇ ਵੀ, ਰਹਿੰਦੇ ਰਾਜ਼ੀ ਬਾਜ਼ੀ ਵੇ।
ਸੋ ਇਨ੍ਹਾਂ ਨੂੰ ਨਾ ਹੁਣ ਭੰਡੋ, ਨੈਣ ਇਹ ਆਬਹਯਾਤੀ ਵੇ
ਮਿਲ ਕੇ ਗੀਤ ਪੰਛੀਓ ਗਾਓ, ਨੈਣ 'ਨਵੀਂ ਪ੍ਰਭਾਤੀ' ਵੇ।
ਇਨ੍ਹਾਂ ਨੈਣਾਂ ਨੂੰ ਕੁਝ ਨਾ ਆਖੋ, ਨੈਣ ਕੋਈ ਹਰਨੋਟੇ ਵੇ
ਇਸ ਮਾਸੂਮੀਅਤ ਮੂਹਰੇ ਦੱਸੋ, ਕੌਣ ਦਨਾਈਆਂ ਘੋਟੇ ਵੇ।
ਇਨ੍ਹਾਂ ਨੈਣਾਂ ਨੂੰ ਕੁਛ ਨਾ ਆਖੋ, ਨੈਣ ਇਹ ਕੋਈ ਮਮੋਲੇ ਵੇ
ਵਾਂਗ ਕਬੂਤਰ ਲੋਟਨ ਦਿਲ ਦਾ, ਪੰਛੀ ਪਲ ਪਲ ਡੋਲੇ ਵੇ।
ਇਨ੍ਹਾਂ ਨੈਣਾਂ ਨੂੰ ਕੁਝ ਨਾ ਆਖੋ, ਨੈਣ ਇਹ ਪ੍ਰੀਤ ਵਿਚੋਲੇ ਵੇ
ਦੱਸੋ ਕੌਣ ਵਕੀਲਾਂ ਬਾਝੋਂ, ਮਿਸਲ ਇਸ਼ਕ ਦੀ ਫੋਲੇ ਵੇ।
ਇਨ੍ਹਾਂ ਨੂੰ ਕੁਛ ਨਾ ਆਖੋ, ਨੈਣ ਕੋਈ ਵਣਜਾਰੇ ਵੇ
ਹੁਸਨ ਇਸ਼ਕ ਦੇ ਸੌਦੇ ਅੰਦਰ, ਫਿਰਦੇ ਮਾਰੇ ਮਾਰੇ ਵੇ।
ਇਨ੍ਹਾਂ ਨੈਣਾਂ ਨੂੰ ਕੁਛ ਨਾ ਆਖੋ, ਨੈਣ ਰੰਗਲੇ ਜੋਗੀ ਵੇ
ਇਨ੍ਹਾਂ ਸਿਰ ਕੋਈ 'ਖੂਨ' ਨਾ ਲਾਓ, ਜੋ ਹੋਗੀ ਸੋ ਹੋਗੀ ਵੇ।

ਕੌਣ

ਔਹ ਸੁਪਨਿਆਂ ਵਿੱਚ ਰੋਜ਼ ਕੌਣ ਆਉਂਦਾ ਹੈ
ਚਲਾ ਜਾਂਦਾ ਹੈ ਮੁੜ ਕੇ ਫੇਰ ਆਉਂਦਾ ਹੈ।
ਤਾਰਿਆਂ ਦੇ ਨਾਲ ਔਹ ਕੌਣ ਉਤਰਦਾ
ਇਹ ਚੰਨ ਨੂੰ ਹੇਠ ਕੌਣ ਲਿਆਉਂਦਾ ਹੈ।
ਮੁਸਕਾਉਂਦਾ ਹੈ ਕਲੀਆਂ ਦੇ ਨਾਲ ਨਾਲ
ਇਹ ਜਾਦੂ ਜਿਹਾ ਕੌਣ ਬਰਸਾਉਂਦਾ ਹੈ।
ਕਿਸ ਦੀ ਵੰਝਲੀ ਗਗਨਾਂ 'ਚ ਗੂੰਜਦੀ
ਇਹ ਕਿਸ ਦਾ ਰਾਂਝਾ ਚਾਨਣੀ 'ਚ ਨਹਾਉਂਦਾ ਹੈ।
ਜ਼ੁਲਫਾਂ ਦੀ ਰਾਤ 'ਚ ਚਾਨਣ ਕਿਵੇਂ ਹੈ ਛੁਪਿਆ
ਕਸਤੂਰੀ ਦਾ ਕਿਧਰੋਂ ਕਨਸੋ ਆਉਂਦਾ ਹੈ।
ਇਹ ਮੁਸਾਫ਼ਰ ਕੌਣ ਹੈ ਕਿਸ ਮੰਜ਼ਲ ਦਾ
ਜਾਂਦਾ ਹੈ ਕਿਧਰ ਤੇ ਕਿਧਰ ਆਉਂਦਾ ਹੈ
ਔਹ ਸੁਪਨਿਆਂ ਵਿੱਚ ਰੋਜ਼ ਕੌਣ ਆਉਂਦਾ ਹੈ।

ਸਿਖਰ ਦੁਪਹਿਰ ਦਾ ਚੰਦ

ਸੂਰਜ ਦੀ ਧੁੱਪ ਵਿੱਚ ਕੌਣ ਇਹ ਕਲੋਲਦਾ
ਆਤਮਾ ਦੀ ਚੁੱਪ ਵਿੱਚ ਕੌਣ ਹੈ ਇਹ ਬੋਲਦਾ।
ਬੰਜਰਾਂ 'ਚ ਕੌਲ ਫੁੱਲ ਕਿਸ ਨੇ ਖਿੜਾਇਆ ਏ
ਸਿਖਰ ਦੁਪਹਿਰੇ ਕਿਵੇਂ ਚੰਦ ਚੜ੍ਹ ਆਇਆ ਏ।
ਆਵੇ ਖੁਸ਼ਬੂ ਸਮਾਂ ਹੋ ਗਿਆ ਸੁਹੇਲਾ ਨੀ
ਕਿੱਦਾਂ ਗੱਲ ਬਣੀ ਰਾਤ ਰਾਣੀ ਦਾ ਤਾਂ ਵੇਲਾ ਨੀ?
ਕੀਹਨੇ ਆ ਕੇ ਭਰਿਆ ਹਾਇ ਕਾਲਜੇ ਦਾ ਰੁੱਗ ਵੇ
ਏਸ 'ਚੋਰ' ਵਾਲੀ ਨਹੀਂ ਲੱਗੀ ਉੱਘ ਸੁੱਘ ਵੇ।
ਸੱਜਣਾਂ ਨੂੰ ਹਾਇ! ਅਸੀਂ ਚੋਰ ਕਿਉਂ ਬਣਾਲੀਏ
ਦਿਲ ਦਿਆਂ ਮਹਿਰਮਾਂ ਨੂੰ ਹੋਰ ਕਿਉਂ ਬਣਾਲੀਏ।
ਸਤਰੰਗੀ ਪੀਂਘ ਦੀ ਇਹ ਮੁਸ਼ਕਲ ਕਿਵੇਂ ਆਖੀਏ
ਦਿਲ ਦਿਆਂ ਰੰਗਾਂ ਦੀ ਉਹ ਗੱਲ ਕਿਵੇਂ ਆਖੀਏ।
ਜ਼ਿੰਦਗੀ ਦੇ ਸਾਗਰਾਂ ਨੂੰ ਕਿਸ ਨੇ ਹੈ ਛਾਣਿਆ
ਦਿਲ ਦਿਆਂ ਭੇਤਾਂ ਨੂੰ ਕਿਸ ਨੇ ਹੈ ਜਾਣਿਆ।
ਗੱਲਾਂ ਕਈ ਹੋਈਆਂ ਪਰ ਗੱਲ ਕੋਈ ਰਹਿ ਗਈ
ਪਤਾ ਨਹੀਂ ਲੱਗਾ ਕਿਹੜੀ ਗੱਲ ਹੋਣੋਂ ਰਹਿ ਗਈ।
ਹੋਰ ਹੋਰ ਮਸਲਿਆਂ 'ਚ ਵੇਲਾ ਗਿਆ ਲੰਘ ਵੇ
ਦਿਲ ਪ੍ਰੇਸ਼ਾਨ ਜਿਵੇਂ ਟੁੱਟੀ ਕੋਈ ਵੰਗ ਵੇ।
ਵਿੱਚੇ ਵਿੱਚ ਜੀਉੜਾ ਨਾਲੇ ਜਾਵੇ ਪਿਆ ਡੋਲਦਾ
ਅੰਦਰ ਦਾ ਰਾਜ਼ ਕੋਈ ਖੁੱਲ੍ਹ ਕੇ ਨੀ ਖੋਲ੍ਹਦਾ।
ਸੂਰਜ ਦੀ ਧੁੱਪ ਵਿੱਚ ਕੌਣ ਸੀ ਉਹ ਬੋਲਦਾ
ਆਤਮਾ ਦੀ ਚੁੱਪ ਵਿੱਚ ਮੋਤੀ ਕੌਣ ਰੋਲਦਾ।
ਚਿੱਟੀ ਚੰਨ ਚਾਨਣੀ ਵਿੱਚ ਆਵੇ ਉਹਦੀ ਯਾਦ ਨੀ
ਕਿਸੇ ਮਾਨਸਰ ਦੇ ਇਹ ਹੰਸ ਦੀ ਅਵਾਜ਼ ਨੀ।

ਨਾਰਾਜ਼ਗੀ

ਇਹ ਕੌਣ ਕਿੱਦਾਂ ਕੋਈ ਨਾਰਾਜ਼ ਹੋ ਗਿਆ ਹੈ
ਇਹ ਸਾਜ਼ ਵਜਦਾ ਵਜਦਾ ਬੇਅਵਾਜ਼ ਹੋ ਗਿਆ ਹੈ।
ਚੰਗਾ ਭਲਾ ਸੀ ਸੁਣਦੇ ਇੱਕ ਮਸਤੀਆਂ ਦਾ ਨਗਮਾ
ਪਰ ਗੀਤ ਦਿਲਰੁਬਾਂ ਦਾ ਅਪਾਹਜ ਹੋ ਗਿਆ ਹੈ।
ਚੰਬੇਲੀ ਕਿਉਂ ਹੈ ਰੁਸੀ, ਭੌਰੇ ਦੀ ਭੁੱਲ ਕੀ ਸੀ
ਕਿਉਂ ਬਾਗ਼ਾਂ ਵਾਲਾ ਬਾਗ ਤੋਂ ਬੇਨਿਆਜ਼ ਹੋ ਗਿਆ ਹੈ।
ਮਾਲੀ ਨੂੰ ਪੁੱਛ ਵੇਖੋ ਮੌਸਮ ਦੀ ਗੱਲ ਤਾਂ ਨਹੀਂ
ਫੁੱਲਾਂ ਦਾ ਏਡਾ ਦੱਸੋ ਕਿਉਂ ਮਿਜ਼ਾਜ਼ ਹੋ ਗਿਆ ਹੈ।
ਕਿਸ ਨੂੰ ਉਲਾਂਭਾ ਦੇਈਏ, ਕਿਸ ਨੂੰ ਗਿਲਾ ਜਾ ਕਰੀਏ
ਇਹ ਲਿਹਾਜ਼ ਕੀ ਹੋਈ ਉਹ ਬੇਲਿਹਾਜ਼ ਹੋ ਗਿਆ ਹੈ।
ਦੋਸਤਾਂ ਦੀ ਦੁਨੀਆਂ ਦਿਨਾਂ ਵਿੱਚ ਬਦਲ ਚਲੀ
ਦੁਸ਼ਮਣਾਂ ਦਾ ਐਸਾ ਸਾਜ਼ਬਾਜ਼ ਹੋ ਗਿਆ ਹੈ।
ਸੁਣਦੇ ਸਾਂ ਇਸ਼ਕ ਦੀ ਹੈ ਮੰਜ਼ਲ ਬਹੁਤ ਨੇੜੇ
ਪਰ ਤੁਰਦਿਆਂ ਤੁਰਦਿਆਂ ਪੈਂਡਾ ਦੂਰ ਹੋ ਗਿਆ ਹੈ।

ਫੁੱਲਾਂ ਦਾ ਰੋਸ

ਇੱਕ ਦਿਨ ਬਾਗ਼ੇ ਜਾਂ ਫੁੱਲਾਂ ਨੂੰ, ਅਸਾਂ ਸਲਾਮ ਬੁਲਾਇਆ
ਇੱਕ ਫੁੱਲ ਸਾਨੂੰ ਅੱਛਾ ਲੱਗਾ, ਅਸਾਂ ਉਸ ਨੂੰ ਖ਼ੂਬ ਸਲਾਹਿਆ।
ਉਸ ਫੁੱਲ ਦੀ ਦਿੱਖ ਸੁਨਹਿਰੀ ਸੂਰਜ ਜਿਉਂ ਚੜ੍ਹ ਆਇਆ
ਉਸ ਫੁੱਲ ਦੀ ਅੱਖ ਜੁ ਕਹਿਰੀ ਨਾਗਣ ਦਾ ਕੋਈ ਜਾਇਆ।
ਓਸ ਫੁੱਲ ਦੀ ਪੱਤੀ ਪੱਤੀ ਖੁਸ਼ਬੂਆਂ ਦਾ ਸਾਇਆ
ਓਸ ਫੁੱਲ ਦੇ ਨੈਣ ਨਕਸ਼ ਨੇ, ਬਾਗ਼ ਬਹਿਸ਼ਤ ਬਣਾਇਆ।
ਖੌਰੇ ਗੱਲ ਕੀ ਹੋ ਗੀ ਸਾਥੋਂ, ਉਸ ਮੱਥੇ ਵੱਟ ਚਾ ਪਾਇਆ
ਦੱਸੋ ਕੋਈ ਹੁਣ ਰੁੱਸਿਆ ਸੱਜਣ, ਜਾਵੇ ਕਿਵੇਂ ਮਨਾਇਆ।
ਉਸ ਦਾ ਰੋਸਾ ਫੁੱਲਾਂ ਦਾ ਰੋਸਾ, ਜਿਉਂ ਬੱਦਲੀ ਦਾ ਸਾਇਆ
ਉਸਦੇ ਨਾਜ਼ ਬਾਜ਼ ਦੇ ਹਾਣੀ ਰਾਜ਼ ਕਿਸੇ ਨਾ ਪਾਇਆ।
ਦੱਸੋ ਨੀ ਕੋਈ ਜਾਦੂ ਟੂਣਾ, ਜਾ ਕੋਈ ਹੋਰ ਉਪਾਇਆ
ਰੁੱਸੇ ਹੋਏ ਨਾਜ਼ਕ ਫੁੱਲ ਨੂੰ, ਜਾਵੇ ਜਿਵੇਂ ਮਨਾਇਆ।

ਨਵਾਂ ਸਤਾਰਾ

ਚੜ੍ਹ ਰਿਹਾ ਹੈ ਚੜ੍ਹ ਰਿਹਾ,
ਕਿਰਤੀ ਦੀ ਕਿਸਮਤ ਦਾ ਤਾਰਾ ਚੜ੍ਹ ਰਿਹਾ
ਪੜ੍ਹ ਰਿਹਾ ਪੜ੍ਹ ਰਿਹਾ, ਜ਼ਮਾਨਾ ਕ੍ਰਾਂਤੀ ਦਾ ਕਿੱਸਾ ਪੜ੍ਹ ਰਿਹਾ।
ਘੜ ਰਿਹਾ ਹੈ ਘੜ ਰਿਹਾ, ਮਜ਼ਦੂਰ ਭਾਗ ਆਪਣਾ ਘੜ ਰਿਹਾ।
ਜੜ ਰਿਹਾ ਹੈ ਜੜ ਰਿਹਾ,
ਕ੍ਰਾਂਤੀ 'ਚ ਸ਼ਾਤੀ ਦਾ ਨਗੀਨਾ ਜੜ ਰਿਹਾ।
ਵੱਧ ਰਿਹਾ ਹੈ ਵੱਧ ਰਿਹਾ, ਨਿੱਤ ਨਿੱਤ ਕਾਫ਼ਲਾ ਹੈ ਅੱਗੇ ਵੱਧ ਰਿਹਾ।
ਲੜ ਰਿਹਾ ਹੈ ਲੜ ਰਿਹਾ ਹੈ,
ਇਹਦਾ ਲੜਨਾ ਵੀ ਵੈਰੀ ਨੂੰ ਲੜ ਰਿਹਾ।
ਝੜ ਰਿਹਾ ਹੈ ਝੜ ਰਿਹਾ ਹੈ,
ਭੈੜੇ ਨਿਜ਼ਾਮ ਦਾ ਜਾਲਾ ਝੜ ਰਿਹਾ ਹੈ।
ਸੜ ਰਿਹਾ ਹੈ ਸੜ ਰਿਹਾ,
ਸਾਮਰਾਜ ਦਾ ਜਨਾਜ਼ਾ ਸਾਵੇਂ ਸੜ ਰਿਹਾ ਹੈ।
ਚੜ੍ਹ ਰਿਹਾ ਹੈ ਚੜ੍ਹ ਰਿਹਾ ਹੈ,
ਕਿਰਤੀਆਂ ਨੂੰ ਚਾਅ ਨਿੱਤ ਨਿੱਤ ਚੜ੍ਹ ਰਿਹਾ।
ਚੜ੍ਹ ਰਿਹਾ ਹੈ ਚੜ੍ਹ ਰਿਹਾ ਹੈ
ਇਨ੍ਹਾਂ ਦੀ ਕਿਸਮਤ ਦਾ ਤਾਰਾ ਚੜ੍ਹ ਰਿਹਾ ਹੈ।

ਜ਼ਿੰਦਗੀ

ਇਕ ਆਰ ਜ਼ਿੰਦਗੀ ਇਕ ਪਾਰ ਜ਼ਿੰਦਗੀ
ਪੂਰੇ ਹੋਣਗੇ ਕਿਵੇਂ ਇਕਰਾਰ ਜ਼ਿੰਦਗੀ
ਔਹ ਬੈਠ ਸਾਹਵੇਂ ਕਿਸੇ ਮਹੀਵਾਲ ਜ਼ਿੰਦਗੀ
ਕੱਚੇ ਘੜੇ ਨਾਲ ਹੋਣਾ ਅੱਜ ਪਾਰ ਜ਼ਿੰਦਗੀ
ਜੀਵਨ ਮਰਨ ਦੀ ਨਾ ਕਰੇਗੀ ਵਿਚਾਰ ਜ਼ਿੰਦਗੀ
ਦਿਲਦਾਰ ਲਈ ਹੋਈ ਬੇਕਰਾਰ ਜ਼ਿੰਦਗੀ
ਭਾਵੇਂ ਡੁੱਬ ਜਾਇ ਜਾ ਕੇ ਮੰਝਧਾਰ ਜ਼ਿੰਦਗੀ
ਪਰ ਬੈਠ ਨਹੀਂ ਸਕਦੀ ਕਿਵੇਂ ਉਰਾਰ ਜ਼ਿੰਦਗੀ
ਬਿਨ੍ਹਾਂ ਰੋਗ ਤੋਂ ਹੀ ਹੋਈ ਕੁਛ ਬੀਮਾਰ ਜ਼ਿੰਦਗੀ
ਦੱਸਣੋਂ ਵੈਦ ਨੂੰ ਵੀ ਕਰੇ ਇਨਕਾਰ ਜ਼ਿੰਦਗੀ
ਆ ਕੇ ਦੱਸੋ ਲਵੇ ਕੌਣ ਇਹਦੀ ਸਾਰ ਜ਼ਿੰਦਗੀ
ਹਾਇ ਬ੍ਹਿਹੁੰ, ਕਸਾਈ ਲਈ ਮਾਰ ਜ਼ਿੰਦਗੀ
ਇਕ ਪਾਸੇ ਹੈ ਕੀਤਾ ਇਕਰਾਰ ਜ਼ਿੰਦਗੀ
ਦੂਜੇ ਪਾਸੇ ਰਹੇ ਮੌਤ ਵੰਗਾਰ ਜ਼ਿੰਦਗੀ
ਪਤਝੜ 'ਚ ਦੇਖੇ ਨਵੀਂ ਬਹਾਰ ਜ਼ਿੰਦਗੀ
ਪਾਰੋਂ ਸੁਣ ਰਾਹੀਂ ਵੀਣਾ ਦੀ ਝੁਨਕਾਰ ਜ਼ਿੰਦਗੀ।

ਦੁੱਖ

ਆਉਂਦੇ ਦੁੱਖ ਜਾਂ 'ਕੱਠੇ ਹੋ ਕੇ
ਆਪਣਾ ਆਉਣ ਇਹ ਕਿਸੇ ਨੂੰ ਦੱਸਦੇ ਨਾ
ਚੁੱਪ ਕੀਤੇ ਹੀ ਚਾਰਿਆਂ ਪਾਸਿਓਂ 'ਥੋਂ
ਆ ਘੇਰਦੇ ਕਸਦੇ ਪਸਦੇ ਨਾ
ਪਰਖ ਲੈਂਦੇ ਇੱਕ ਵਾਰ ਦਿਲ ਮਰਦ ਵਾਲਾ
ਫੂਕੇ ਇਨ੍ਹਾਂ ਦੇ ਮੁੜ ਕੇ ਲਸਦੇ ਨਾ
ਜਿਧਰ ਪਾਉਣ ਫੇਰਾ ਹੋ ਇੱਕ ਵੇਰ 'ਕੱਠੇ
ਉਧਰ ਖੇੜੇ ਕਿਸਮਤ ਦੇ ਮੁੜ ਵਸਦੇ ਨਾ
ਸ਼ਾਲਾ ਰੱਖੇ ਸਲਾਮਤ ਦੂਰ ਇਨ੍ਹਾਂ ਤੋਂ
ਕਦੇ ਭੁੱਲ ਕੇ ਚਾ ਫੇਰਾ ਪਾਉਣ ਆ ਕੇ
ਸੁਖੀ ਵਸੇ ਦੁਨੀਆਂ 'ਦੀਨ' ਇੱਥੇ
ਦੁੱਖਾਂ ਪਿੱਛੋਂ ਸੁੱਖ ਮੁੜ ਆਉਣ ਜਾ ਕੇ।

ਖ਼ਰਗੋਸ਼

ਖ਼ਰਗੋਸ਼ ਭੀ ਖ਼ੂਬ ਹੈ ਇਹ, ਇਹਦੀ ਖ਼ੂਬੀ ਨਿਰਾਲੀ ਏ
ਮਾਸੂਮੀਅਤ ਦੀ ਮੂਰਤਿ, ਦਿੱਖ ਭੋਲੀ ਭਾਲੀ ਏ।
ਕੋਈ ਨਾਜ਼ਕ ਫੁੱਲਾਂ ਦੀ ਹਰਿਆਲੀ ਡਾਲੀ ਏ
ਇਹ ਚੜ੍ਹਦੇ ਸੂਰਜ ਦੀ, ਗੋਰੀ ਜਿਹੀ ਲਾਲੀ ਏ।
ਇਹਦਾ ਮਸਤਕ ਉਜਲਾ ਏ, ਖ਼ਤੋਂ ਖਾਲ ਨਿਰਾਲੀ ਏ
ਇਹਦੀ ਗੱਲ ਕਿਵੇਂ ਕਰੀਏ, ਅਜੇ ਉਮਰਾ ਬਾਲੀ ਏ।

ਕੋਈ ਰੂੰ ਦਾ ਗੋਹੜਾ ਜੇਹਾ, ਪਿਆ ਭੱਜਿਆ ਫਿਰਦਾ ਏ
ਚੰਨ ਉਤਰਿਆ ਧਰਤੀ 'ਤੇ, ਇਹ ਸਜਿਆ ਫਿਰਦਾ ਏ।
ਇਹ ਨੰਗਾ ਨੰਗਾ ਵੀ, ਜਿਵੇਂ ਕੱਜਿਆ ਫਿਰਦਾ ਏ
ਇਹ ਚੁਪ ਚੁਪਾਤਾ ਹੀ, ਸ਼ੇਰ ਗੱਜਿਆ ਫਿਰਦਾ ਏ।
ਇਹ ਚੰਚਲ ਚੱਪਲ ਜੇਹਾ ਇਹਦੀ ਢਾਲ ਨਿਰਾਲੀ ਏ
ਅਸੀਂ ਵਿੱਚ ਵਲੈਤਾਂ ਦੇ, ਖ਼ਰਗੋਸ਼ ਮੁਹਾਲੀ ਏ।
ਇਹ ਟਿਕ ਕੇ ਬਹਿੰਦਾ ਨਾ, ਦੌੜੰਗੇ ਲਾਉਂਦਾ ਹੈ
ਕਿਤੇ ਝਾੜੀ ਜਾ ਲੁਕਦਾ, ਨਾ ਸਾਨੂੰ ਖਿਆਉਂਦਾ ਹੈ।
ਚੁੰਗੀਆਂ ਪਿਆ ਭਰਦੈ, ਅੱਖੀਆਂ ਮਟਕਾਉਂਦਾ ਹੈ
ਫਿਰ ਜੋਤਿ ਤੇ ਕਿੱਕੇ ਨੂੰ ਕੱਢ ਦੰਦ ਦਿਖਾਉਂਦਾ ਹੈ ।
ਝੱਟ ਦਰਸ਼ਨ ਵੀ ਦਿੰਦਾ, ਆ ਕਾਹਲੀ ਕਾਹਲੀ ਏ
ਇਹ ਵਾਵਰੋਲਾ ਜੇਹਾ, ਇਹ ਅੱਗ ਭਬੂਕਾ ਏ।
ਇਹ ਛੋਹਲਾ ਛੋਹਲਾ ਜਿਹਾ, ਛੋਹਰ ਕੋਈ ਸ਼ੂਕਾ ਏ
ਧੱਮਾਲਾਂ ਪਾਉਂਦਾ ਕੋਈ ਮਸਤਾਨਾ ਕੂਕਾ ਏ।
ਇਹ ਕ੍ਰਿਸ਼ਣ ਕਨ੍ਹਈਆ ਜੇ, ਮੱਖਣ ਮਲੂਕਾ ਏ
ਇਹਦੀ ਜ਼ਾਤ ਨਿਰਾਲੀ ਏ, ਇਹਦੀ ਬਾਤ ਨਿਰਾਲੀ ਏ।
ਇਹ ਲਿਖਦਾ ਪੜ੍ਹਦਾ ਨਾ, ਨਿੱਕਾ ਜੇਹਾ ਘੋਗਾ ਏ
ਇਹ ਲੜਦਾ ਭਿੜਦਾ ਨਾ, ਚਿੜੀਆਂ ਦਾ ਚੋਗਾ ਏ।
ਇਹ ਰੁਸਣ ਜਾਣੇ ਨਾ, ਮੌਜਾਂ ਦਾ ਮੋਘਾ ਏ
ਇਹ ਕੰਮ ਘੜੰਮ ਕਰੇ, ਫਿਰ ਜੀਵਣ ਜੋਗਾ ਏ।
ਮਾਂ ਦਾ 'ਮ੍ਰਿਗਿੰਦ' ਹੈ ਇਹ, ਖ਼ਰਗੋਸ਼ ਖਿਆਲੀ ਏ
ਅਸੀਂ ਵਿੱਚ ਵਲੈਤਾਂ ਦੇ, ਖ਼ਰਗੋਸ਼ ਮੁਹਾਲੀ ਏ।

ਨਵੇਂ ਸ਼ਗੂਫ਼ੇ

ਨਵੇਂ ਸ਼ਗੂਫ਼ੇ ਅਸੀਂ ਨਵੇਂ ਨਵੇਂ ਹੀ
ਦੁਨੀਆਂ ਅੰਦਰ ਆਏ
ਸ਼ੌਕ ਖਿੜਨ ਮਹਿਕਨ ਦੇ ਮਾਨੋਂ
ਮਿੱਟੀਓਂ ਧੂਹ ਲਿਆਏ
ਚੜ੍ਹ ਸ਼ਾਖਾ ਦੀ ਪੌੜੀ ਥਾਣੀਂ
ਅਸਾਂ ਉੱਚੀ ਥਾਂ ਇਹ ਮੱਲੀ
ਤੱਕੀਏ ਤਾਂਹ 'ਪਦਮ' ਕੋਈ ਕਿਰਣ ਜੇ
ਸਾਨੂੰ ਦਏ ਖਿੜਾਏ।

ਰਹਿਮਤ

ਜੇਕਰ ਗੁਨਹਗਾਰ ਮੈਂ ਭਾਰਾ
ਤਿਰੀ ਰਹਿਮਤ ਵੀ ਹੈ ਭਾਰੀ, ਬਖਸ਼ਨਹਾਰੀ
ਰਹਿਮ ਕਰ ਰਹਿਮਤ ਦੇ ਮਾਲਕ!
ਦਰ 'ਤੇ ਪਿਆ ਭਿਖਾਰੀ, ਸ਼ਰਣ ਤੁਮਾਰੀ
ਲਾ ਲੈ ਲੜ ਇਸ ਕਮਲੇ ਤਾਈਂ,
ਠੂਠਾ ਸੱਖਣਾ ਭਰ ਦੇ, ਨਦਰਾਂ ਕਰ ਦੇ
ਸੋਹਿਲੇ ਗਾਂਦਾ ਰਹਾਂ ਨਿੱਤ ਤੇਰੇ,
ਜੇ ਹੋਵੇ ਨਦਰਿ ਤੁਮਾਰੀ, ਜਾਂ ਬਲਿਹਾਰੀ।

ਪੁਰਾਣਾ ਯਾਰ

ਕਰਾਂ ਕਰਾਂ ਅਰਦਾਸਾਂ ਕੀ ਪੁੱਛਦਾ ਏ ਮਰਜ਼ਾਂ ਤੂੰ ਤਾਂ ਠਹਿਰਿਆ ਪੁਰਾਣਾ ਯਾਰ
ਭਾਵੇਂ ਅਸੀਂ ਤੈਨੂੰ ਭੁੱਲ ਗਏ ਹਾਂ, ਤੈਨੂੰ ਤਾਂ ਹੋਸੀ ਯਾਦ ਇਕਰਾਰ
ਮੇਰਾ ਬਣੀਂ ਮੈਂ ਤੇਰਾ ਰਹਾਂਗਾ, ਮੈਂ ਕੀ ਆਖਾਂ ਹੋਰ ਵੀਚਾਰ
ਗੁੰਗੇ ਦੀਏ ਮਾਇ ਤੂੰ ਆਪੇ ਹੀ ਜਾਣੇਂ, ਗੁੰਗੇ ਦੇ ਸਾਰੇ ਰਾਜ਼ ਅਸਰਾਰ।

ਨੀਤੀ

ਜੇ ਕੋਈ ਆ ਨਵੀਂ ਗੱਲ ਸੁਨਾਵੇ, ਆਪ ਸੁਣਾਈਏ ਤਾਜ਼ੀ
ਹਾਜੀ ਨਾਲ ਹਾਜੀ ਬਣ ਜਾਈਏ ਕਾਜ਼ੀ ਨਾਲ ਆ ਕਾਜ਼ੀ
ਹੱਥਾਂ 'ਤੇ ਚੱਕੇ ਸਿਰ 'ਤੇ ਚੱਕੀਏ, ਗੱਲੀਂ ਬਾਤੀਂ ਪੂਰੇ
ਕੌੜਾ ਬੋਲ ਨਾ ਕਿਸੇ ਨੂੰ ਕਹੀਏ ਸਭ ਨੂੰ ਕਹੀਏ ਹਾਂ ਜੀ।

ਕਰਜ਼

ਬੂਟੇ ਪਾਣੀ ਪਾਵਾਂ ਨਿੱਤ ਨਿੱਤ ਅਸਾਂ ਵਧਣਾ ਦੋਹਾਂ ਰਲ ਕੇ
ਇਹ ਤਾਂ ਫਲ ਵੀ ਆਖਰ ਦੇਸੀ ਮੈਂ ਕੀ ਦੇਸਾਂ ਭਲਕੇ
ਬਾਲ ਸਖਾਈ ਦੇ ਫਲ ਖਾ ਖਾ ਪੇਟ ਪਾਲਾਂ ਮੈਂ ਜੀਵਾਂ
ਇੰਜ ਤੇ ਬੂਟੇ ਦਾ ਕਰਜ਼ਾਈ ਹੋ ਜਾਸਾਂ ਮੈਂ ਬਲਕਿ।

ਸਿੱਖ ਦਾ ਜੀਵਨ

ਮਨ ਮੌਲਾ ਦੇ ਚਰਨਾਂ ਅੰਦਰ, ਤਨ ਸੇਵਾ ਵਿੱਚ ਸੀਵਨ
ਧਨ ਸਭ ਮੂੰਹ ਗ਼ਰੀਬਾਂ ਪਾਉਣਾ, ਫੇਰ ਨਿਮਾਣੇ ਥੀਵਨ
ਚਿਤਾਵਨਾ ਵੀ ਨਾ ਬੁਰਾ ਕਿਸੇ ਦਾ, 'ਪਦਮ' ਮੰਨਣਾ ਭਾਣਾ
ਸਾਦਾ ਖਾਣਾ, ਸਾਦਾ ਬਾਣਾ, ਗੁਰਸਿੱਖ ਦਾ ਇਹ ਜੀਵਨ।

ਮਿਥਿਆ

ਹਰ ਦਮ ਇੱਕ ਸਮਾਨ ਨਾ ਰਹਿੰਦੇ,
ਨਦੀ ਦਾ ਪਾਣੀ ਚੜ੍ਹੀ ਜਵਾਨੀ
ਚਾਰ ਦਿਨਾਂ ਵਿੱਚ ਚੜ੍ਹ ਫਿਰ ਲਹਿੰਦੇ,
ਰਹਿੰਦੀ ਇੱਕ ਕਹਾਣੀ ਰਤਾ ਨਿਸ਼ਾਨੀ
ਕਿਸ ਲਈ ਫਿਰ ਹੰਕਾਰੇਂ ਕਵੀਆ,
ਕਿਉਂ ਕਰੇ ਕੂੜਾ ਮਾਣਾ, ਟੁਰ ਹੀ ਜਾਣਾ
ਜਿਸ ਨੈਂ 'ਤੇ ਤੂੰ ਕਿਸ਼ਤੀ ਠੇਲ੍ਹੇਂ ਉਹ ਤੇ
ਸੁਕ ਮੁਕ ਜਾਣੀ, ਹੋਸੀ ਫਾਨੀ।

ਦੁੱਖ ਦਾਰੂ

ਸ਼ਾਲਾ! ਦੁੱਖ ਤਕਲੀਫਾਂ ਆਵਣ, ਵਾਰੀ ਮੁੜ ਮੁੜ ਆਵਣ
ਅੰਦਰ ਬੈਠੇ ਰੱਬ ਹੋਰਾਂ ਦੀ, ਆ ਕੇ ਯਾਦ ਕਰਾਵਣ
ਰੱਬ ਦੀ ਹੋਂਦ ਸਮਝ ਵਿੱਚ ਆਵੇ ਤਾਂ ਹੋਵੇ ਦੁੱਖ ਦਾਰੂ
ਚੜ੍ਹ ਵਕਤ (ਔਖਾਂ) ਦੀ ਸੀੜ੍ਹੀ ਥਾਣੀਂ, ਸੁੱਖ ਦੀ ਮੰਜ਼ਲ ਬਿਠਾਵਣ।

ਜੀਵਨ ਚਾਲ

ਬਹਿ ਦਰਿਆਵਾਂ ਕਰੀ ਨਾ ਮਸਲਤ, ਅਸਾਂ ਕਿਤਨੀ ਦੂਰ ਹੈ ਜਾਣਾ
ਕਿੱਦਾਂ ਕਿਸ ਰਸਤੇ ਕਿਸ ਧਰਤੀ, ਅੱਗੇ ਕਦਮ ਵਧਾਣਾ
ਟੁਰ ਪੈਂਦੇ ਚੁੱਪ ਕੀਤੇ, ਟੋਰੇ ਜਾਂਦੇ ਨੱਚਦੇ ਕੁੱਦਦੇ
ਵਗਦੇ ਜਾਂਦੇ, ਸੁਕਦੇ ਜਾਂਦੇ ਜੀਵਨ ਜਾਣਾ ਈ ਜਾਣਾ।

ਨੇਹੁੰ ਨਾ ਲੱਗਦੇ ਜੋਰੀ

ਇਸ਼ਕ ਮੰਗਿਆ ਨਹੀਂ ਜੇ ਮਿਲਦਾ ਮੈਂ ਚਾਹਾਂ ਕਿਤੋਂ ਮਿਲ ਜਾਏ
ਨਕਦ ਹੁਦਾਰਾ, ਜਿਕਣ ਕਿੱਕਣ ਇਸ਼ਕ ਨਦੀ ਵਿੱਚ ਠਿਲ੍ਹ ਜਾਏ
'ਐਪਰ ਨੇਹੁੰ ਨਾ ਲੱਗਦੇ ਜੋਰੀ' ਇਹ ਵੀ ਚਤਰੁ ਤਜਰਬਾ ਏ
ਆਖੋ ਸੂਰਜ ਨੂੰ ਉਹ ਆਵੇ, 'ਪਦਮ' ਪੁਸ਼ਪ ਇਹ ਖਿਲ ਜਾਏ।

ਨਦੀਆਂ

ਜੀਮ ਜਿਨ੍ਹਾਂ ਨੂੰ ਇਸ਼ਕ ਦੀ ਚੋਟ ਲੱਗੀ,
ਉਹ ਨਹੀਂ ਜੱਗ ਦੇ ਜੋਗੀਆ ਰਹਿੰਦੀਆਂ ਨੀ।
ਲਿਟਾਂ ਛੱਡ ਹੋ ਜੋਗਣਾ ਵਾਂਙ ਨਦੀਆਂ,
ਸਿੱਧੀਆਂ ਸਾਗਰ ਦੇ ਵੱਲ ਨੂੰ ਵਹਿੰਦੀਆਂ ਨੇ।
ਢੂੰਡ ਸਾਗਰ ਦੀ ਵਿੱਚ ਦੀਵਾਨੀਆਂ ਹੋ,
ਕਦੀ ਚੜ੍ਹਦੀਆਂ ਨੀ ਕਦੀ ਲਹਿੰਦੀਆਂ ਨੀ।
'ਦੀਨ' ਜਿਨ੍ਹਾਂ ਪ੍ਰੀਤ ਦੀ ਸਾਰ ਜਾਤੀ,
ਗੱਲਾਂ ਫਾਲਤੂ ਕਦੀ ਨਾ ਕਹਿੰਦੀਆਂ ਨੀ।

ਇਸ਼ਕ ਦੀ ਖੇਡ

ਜਿਹੜੇ ਵਿੱਚ ਝਨਾਂ ਦੇ ਡੁੱਬੇ,
ਬੇੜੇ ਉਨ੍ਹਾਂ ਦੇ ਪਾਰ ਹੋ ਗਏ
ਜਿਹੜੇ ਥਲਾਂ ਦੇ ਅੰਦਰ ਸੜ ਕੇ,
ਸੀਨੇ ਉਨ੍ਹਾਂ ਦੇ ਠੰਢੇਠਾਰ ਹੋ ਗਏ
ਜਿਨ੍ਹਾਂ ਨੂੰ ਹਾਰ ਜਗਤ ਵਿੱਚ ਮਿਲੀ
ਉਹ ਜਿੱਤ ਦੇ ਯਾਰ ਹੋ ਗਏ
'ਪਦਮ' ਇਸ਼ਕ ਦੀਆਂ ਪੁੱਠੀਆਂ ਖੇਡਾਂ,
ਜਿਹੜੇ ਮਰਗੇ ਜੀਵਨਹਾਰ ਹੋ ਗਏ।

ਚੁੱਪ ਦਾ ਪਿਆਰ

ਵਧਦਾ ਪਿਆਰ ਚੁੱਪ ਦੇ ਅੰਦਰ ਬੋਲਦਿਆਂ ਖੋ ਹੁੰਦਾ
ਜਾਣੇ ਭੇਤ ਜਾਂ ਇਸ ਦਾ ਪ੍ਰੇਮੀ ਉਹ ਫਿਰ ਕਦੀ ਨਾ ਕੂੰਦਾ
ਜਿਉਂ ਪਹਿਲੋਂ ਭੌਰਾ ਪਿਆ ਗੂੰਜੇ, ਮਸਤ ਫੁੱਲ ਦੀ ਮੌਜੀਂ
ਭੇਤ ਪਿਆਰ ਦਾ 'ਦੀਨ' ਜਾਣ ਕੇ ਹੋਂਦਾ ਚੁੱਪ ਗੜੂੰਦਾ।

ਲਾਲ ਨਦੀ

ਪਰਬਤ ਪੇਕਿਓਂ ਧੀ ਨਦੀ ਜਦ, ਸਾਗਰ ਸਹੁਰੀਂ ਚੱਲੀ
ਪੱਥਰ ਦਿਲ ਪਿਓ ਦੀ ਵੀ ਵੇਦਨ, ਸੀਨੇ ਗਈ ਨਾ ਠੱਲ੍ਹੀ
ਰੋਂਦਿਆਂ ਰੋਂਦਿਆਂ ਖੂਨ ਜਿਗਰ ਦਾ ਹੰਝੂ ਬਣ ਵਹਿ ਟੁਰਿਆ
ਵਿੱਚ ਵਿਛੋੜੇ ਹੋ ਕੇ ਜ਼ਖ਼ਮੀ, ਛਾਤੀ ਗਈ ਜਾਂ ਸੱਲੀ।

ਛੋਟੇ ਪੱਤੇ

ਵਿੱਚ ਨਿੱਕੇਪਣ ਦੇ ਸੁਹੱਪਣ, ਪਿਆ ਲਿਸ਼ਕਾਰੇ ਮਾਰੇ
ਛੋਟੇ ਛੋਟੇ ਕੋਮਲ ਪਤ੍ਰ ਲੱਗਦੇ ਸੋਹਣੇ ਭਾਰੇ
ਉਨ੍ਹਾਂ ਵਿੱਚ ਇੱਕ ਦਮਕ ਅਨੋਖੀ, ਜੋ ਦੂਰੋਂ ਪਈ ਟਹਿਕੇ
ਜਿਉਂ ਨਿੱਕੇ ਬੱਚੇ ਦੇ ਅੰਗ ਸਭ ਦੇਂਦੇ 'ਦੀਨ' ਹੁਲਾਰੇ।

ਟਾਲ੍ਹੀ ਦੇ ਪੱਤੇ

ਕਿਸੇ ਦਾ ਫੁੱਲ ਕਿਸੇ ਦਾ ਫਲ਼ ਹੀ ਦਿਲ ਨੂੰ ਸੋਹਣਾ ਲੱਗੇ
ਪਰ ਹੇ ਟਾਲ੍ਹੀ ਤਿਰੇ ਪੱਤੇ ਨੱਚਦੇ ਸੋਹਣੇ ਲੱਗੇ
ਤੱਕ ਸਫਾਈ ਅਤੇ ਗੋਲਾਈ ਦਿਲ ਮੇਰਾ ਗਿਆ ਮੋਹਿਆ
ਤੱਕ ਨ੍ਰਿਤਕਾਰੀ ਨਾਚ ਪਰੀਆਂ ਦਾ, ਆਉਂਦਾ 'ਦੀਨ' ਮੈਂ ਅੱਗੇ।

ਚਾਹ ਦੇ ਪੱਤੇ

ਕੁਛ ਬੂਟਿਆਂ ਨੂੰ ਫੁੱਲ ਉਸ ਦਿੱਤੇ ਕੁਛ ਨੂੰ ਫਲ ਵੀ ਲਾਇਆ
ਕੁਝ ਨੂੰ ਫਲ ਫੁੱਲ ਦੋਵੇਂ ਦਿਤੇ ਰਹਿਮਤ ਮੀਂਹ ਵਰਸਾਇਆ
ਕਈਆਂ ਨੂੰ ਫਲ ਫੁੱਲ ਬਿਨਾਂ ਹੀ ਪਤ ਬਖਸ਼ੇ ਪਰਮੇਸ਼ਰ
ਚਾਹ ਦੇ ਪੱਤਿਆਂ ਦੀ ਪਤ ਰੱਖੇ, ਐਸੀ ਉਸ ਦੀ ਮਾਇਆ।

ਕੁਦਰਤ ਰਾਣੀ

ਇੱਕੋ ਜੇਹੀ ਨਾ ਰਹਿੰਦੀ ਦੁਨੀਆਂ, ਖ਼ਿਨ ਖ਼ਿਨ ਭੇਸ ਵਟਾਉਂਦੀ
ਜਿਹੜੀ ਅੱਜ ਹੈ, ਅੱਗੇ ਉਹੋ, ਕੱਲ੍ਹ ਪਰਸੋਂ ਬਣ ਆਉਂਦੀ
ਅੱਜ ਪਤਝੜ ਤੇ ਕੱਲ੍ਹ ਬਸੰਤ ਹੋ, ਅੱਜ ਗ੍ਰੀਖ਼ਮ ਕੱਲ੍ਹ ਬਰਖਾ
ਕੁਦਰਤ ਰਾਣੀ 'ਪਦਮ' ਨਵੇਲੀ, ਜਾਮਾ ਨਿੱਤ ਬਦਲਾਉਂਦੀ।

ਕੈ ਦਰ ਜਾਵਾਂ

ਤੂੰ ਮੂੰਹੋਂ ਨਾ ਬੋਲੇਂ ਪ੍ਰੀਤਮ, ਦੱਸ ਮੈਂ ਕਿਵੇਂ ਬੁਲਾਵਾਂ
ਗੀਤਾਂ ਮਿੱਠੀਆਂ ਰਿਝਾ ਨਾ ਸਕੀਆਂ, ਦੱਸ ਹੁਣ ਕਿਵੇਂ ਰਿਝਾਵਾਂ
ਮੈਂ ਕੁਚੱਜੀ ਚੱਜ ਨਾ ਜਾਣਾ, ਕਿਹੜੀ ਵਿਧੀ ਬਣਾਵਾਂ
ਰੋਂਨੀ ਹਾਂ ਭਰ ਭਰ ਅੱਖੀਆਂ ਸਾੜਦੀਆਂ ਠੰਢੀਆਂ ਵਾਵਾਂ
ਤੂੰਹੀਓਂ ਦੱਸ ਇਹ ਸਮਾਂ ਅਮੁੱਲਾ, ਭਰਿਆ ਮਲ੍ਹਾਰਾਂ ਤੇ ਚਾਵਾਂ
ਸਭ ਸਹੀਆਂ ਸਹੁ ਰਾਵਣ ਗਈਆਂ, ਮੈਂ ਦਾਧੀ ਕੈ ਦਰ ਜਾਵਾਂ।

ਇਸ਼ਕ

ਜੋਬਨ ਨਾਜ਼ ਤੇ ਹੁਸਨ ਰਲਾ ਕੇ, ਨਾਲੇ ਪ੍ਰੀਤ ਮਿਲਾ ਕੇ
ਕੀ ਕੁਝ ਬਣਿਆ? ਨਾਂ ਨਾ ਆਵੇ, ਲਿਆਓ ਸਰਾਫ਼ ਬੁਲਾ ਕੇ
ਕੀ ਉਹ ਜਾਣੇ ਤੇ ਕੀ ਉਹ ਦੱਸੂ, ਉਹ ਪੱਥਰਾਂ ਦਾ ਜਾਣੂੰ
ਇਹਦਾ ਨਾਂ ਕੋਈ ਪਾਗਲ ਮਜਨੂੰ, ਦੱਸ ਸਕਦੈ ਸਮਝਾ ਕੇ।

ਪ੍ਰੀਤਮ ਦੇ ਚੋਰ

ਸੁੱਤੀ ਸੱਸੀ ਨੂੰ ਹੋਇਆ ਸਵੇਰਾ, ਵਿੱਚ ਭੰਬੋਰ ਪਈ ਕੁਰਲਾਵੇ।
ਵੇ ਪੁੰਨੂੰ ਨੂੰ ਚੁਰਾਵਣ ਵਾਲਿਓ, ਥੋਨੂੰ ਸਾੜਨ ਸੱਸੀ ਦੇ ਹਾਵੇ।
ਰੱਬ ਇਨਸਾਫ਼ ਪਸੰਦ ਸੁਣੀਂਦਾ, ਅਦਲ ਉਸ ਦਾ ਹੋਸੀ
ਪੁੰਨੂੰ ਮੇਰਾ ਮੈਨੂੰ ਮਿਲਸੀ, ਤੁਹਾਡੇ (ਹਰਗਿਜ਼) ਹੱਥ ਨਾ ਆਵੇ।

ਗੁਆਂਢਣ ਸੱਸੀ ਨੂੰ

ਕਮਲੀ ਸੱਸੀਏ! ਸੋਹਣਾ ਪੁੰਨੂੰ ਛੱਡ ਕੇ, ਤੈਨੂੰ ਨੀਂਦ ਚੰਦਰੀ ਕਿਉਂ ਆਈ
ਰਾਤ ਜਾਗਦੀ ਪਹਿਰਾ ਦਿੰਦੀ, ਤੈਨੂੰ ਸੁਰਤ ਨਾ ਚੋਰਾਂ ਦੀ ਕਾਈ
ਤੜਕੇ ਉੱਠ ਪਛਤਾਉਣ ਲੱਗੀ ਐ, ਹੁਣ ਕੀ ਬਣਨਾ ਹੈਸੀ
ਸੁੱਤੇ ਸਦਾ ਮੁਹਾਏ ਜਾਂਦੇ, ਇਹ ਚਿਰ ਦੀ ਗੱਲ ਚੱਲੀ ਆਈ।

ਵਸਲ ਦੀ ਰਾਤ

ਪ੍ਰੀਤਮ ਦੇ ਗਲ਼ ਲੱਗੀ ਹੋਈ ਆਂ, ਰੱਬ ਰਾਤ ਵਸਲ ਦੀ ਮੇਲੀ
ਤਾਰਿਓ ਜਾਓ ਅਜੇ ਨਾ ਤੁਸੀਂ, ਮੇਰਾ ਘਰ ਆਇਆ ਅੱਜ ਬੇਲੀ
ਚੰਨਾ ਟੁਰ ਤੂੰ ਹੌਲੀ ਹੌਲੀ, ਸਾਡੀ ਦੀਨਾਂ ਦੀ ਅਰਜ਼ੋਈ
ਨਾ ਪ੍ਰਭਾਤ ਅਸਾਡੇ ਆਈਂ, ਜੇ ਤੂੰ ਮੇਰੀ ਸਹੇਲੀ।

ਇੱਕ ਜੋਦੜੀ

ਤੁਸਾਂ ਤਾਂ ਨਹੀਂ ਮੇਹਰ ਮੀਂਹ ਪਾਇਆ, ਅਸਾਂ ਹੰਝੂਆਂ ਬਰਖਾ ਲਾਈ
ਤੁਸਾਂ ਨਾ ਫਰਜ਼ ਕੀਤੇ ਨਿਜ ਪੂਰੇ, ਅਸਾਂ ਮੁੜ ਮੁੜ ਯਾਦ ਦਿਲਾਈ
ਢੂੰਡ ਟੋਲ ਅਸੀਂ ਥੱਕੇ ਤੁਹਾਨੂੰ, ਤੁਸਾਂ ਰਤਾ ਸਾਰ ਨਹੀਂ ਲੀਤੀ
ਅੱਛਾ ਜੋ ਕੁਝ ਵੀ ਇਹ ਹੋਇਆ, ਭਲਾ ਹੀ ਭਲਾ ਜੇ ਸਾਈਂ
ਹੁਣ ਜੇ ਕਦੀ ਫੇਰਾ 'ਚ ਘਤੋ, ਮੀਂਹ ਮੇਹਰ ਪਾ ਜਾਣਾ
ਸੀਨੇ ਨੂੰ ਕਰ ਸੀਤਲ ਠੰਢਾ, ਫਰਜ਼ ਵੀ ਚਾ ਭੁਗਤਾਣਾ
ਸਾਥੋਂ ਕੱਲਿਆਂ ਕੁਝ ਨਾ ਹੋਵੇ, ਬਿਨ ਤੁਹਾਡੇ ਹੱਥ ਵਟਾਇਆਂ
ਇੱਕੋ ਝਾਤ 'ਦੀਨ' ਆ ਪਾਵੀਂ, ਫਿਰ ਕਿਧਰੇ ਚੱਕਰ ਲਾਣਾ।

ਦਿਲ ਦਾ ਕੌਲ

ਅੱਜ ਕੋਈ ਸਾਨੂੰ ਚਿਰ ਵਿਛੁੰਨਾ ਮਿਲ ਗਿਆ
ਐਸਾ ਸੂਰਜ ਚੜ੍ਹਿਆ ਕੌਲ ਦਿਲ ਦਾ ਖਿਲ ਗਿਆ
ਇਸ ਫੁੱਲ ਦੀ ਖ਼ੁਸ਼ਬੋ ਦਾ ਕੋਈ ਅੰਤ ਪਾਰ ਨਾ
ਪਤਾ ਨੀ ਉਹਦੇ ਮਿਲਣ 'ਤੇ ਕੀ ਕੀ ਮਿਲ ਗਿਆ
ਔਹ ਦੇਖੋ ਮੋਤੀਆਂ ਨਾਲ ਪੱਲਾ ਭਰ ਗਿਆ
ਹੋਰ ਕੁਛ ਨਹੀਂ ਗਿਆ ਇੱਕੋ ਇੱਕ ਦਿਲ ਗਿਆ।

ਦਿਲ ਨੂੰ

ਨਾ ਕਰ ਬਦੀਆਂ ਓ ਪਾਗਲ ਦਿਲ, ਲੇਖਾ ਅੱਗੇ ਦੇਣਾ ਤੈਂ
ਹੋਊ ਪੁੱਛ ਜਾ ਵਿੱਚ ਕਚਹਿਰੀ, ਚੁੱਪ ਕੀਤਾ ਹੋ ਰਹਿਣਾ ਤੈਂ
ਵਸ ਦੂਤਾਂ ਦੇ ਪੈ ਕੇ ਬੰਦੇ, ਪਛਤਾਉਣਾ ਤੇ ਰੋਣਾ ਤੈਂ
ਹੁਣ ਹੀ ਕਰਨੈ ਜੋ ਕੁਛ ਕਰਨਾ, ਫਿਰ ਸਦਾ ਦੀ ਨੀਂਦ ਸੌਣਾ ਤੈਂ।

ਟੁੱਟੀ ਗੰਢੇ

ਰੱਸੀ ਟੁੱਟੀ ਏ ਗੰਢ ਹੁੰਦੀ, ਟੁੱਟੇ ਭਾਂਡੇ ਵੀ ਪੱਜ ਹੋਣ
ਪਾਟੇ ਕਪੜੇ ਵੀ ਸਿਊਂ ਹੁੰਦੇ, ਸਿਆਣੇ ਲੋਹੇ ਨੂੰ ਗੰਢ ਲੈਣ
ਘਰ ਪਾਟੇ ਵੀ ਜੁੜਦੇ ਮੁੜ ਕੇ, ਘਾ ਲੱਗੇ ਵੀ ਮਿਲਦੇ ਆ
'ਦੀਨ' ਸਭੇ ਟੁੱਟੇ ਗੰਢ ਹੁੰਦੇ, ਧੁਰ ਦੀ ਟੁੱਟੀ ਗੰਢੇ ਕੌਣ?

ਪਿਆਰ

ਰੱਖ ਕੇ ਸੀਸ ਤਲੀ ਟੁਰ ਹੁੰਦਾ,
ਪੈਂਦਾ ਆਪ ਗਵਾਉਣਾ ਤਪਦਾ ਤੌਣਾ
ਰਾਹ ਵਿੱਚ ਲੱਖ ਮੁਸੀਬਤਾਂ ਆਵਣ,
ਔਖਾਂ ਸਮਾਂ ਲੰਘਾਉਣਾ ਖੱਲ ਉਧੜੋਣਾ
ਦੇਸ ਸੱਜਣ ਦਾ ਦੂਰ ਸੁਣੀਂਦਾ,
ਜਾਈਦਾ ਕੱਟ ਪਹਾੜਾਂ ਵਿੱਚ ਉਜਾੜਾਂ
'ਦੀਨ', ਇਸੇ ਲਈ ਸਿਆਣੇ ਆਖਣ,
ਮੁਸ਼ਕਲ ਪਿਆਰ ਨਿਭਾਉਣਾ ਸੌਖਾ ਲਾਉਣਾ

ਮੌਤ

ਤੇਰੀ ਦੋਸਤੀ ਦਾ ਦਮ ਕੀ ਭਰੀਏ
ਵਾਂਗ ਕੱਚ ਦੀ ਵੰਗ ਜੋ ਟੁੱਟ ਜਾਣੀ।
ਪਿਆਸੇ ਮਰਨਗੇ ਆਸ ਜੋ ਕਰਨ ਵਾਲੇ
ਇਹ ਬਰਸਾਤ ਦੀ ਨੈਂ ਨਿਖੁੱਟ ਜਾਣੀ।
ਕੰਚਨ ਕਾਇਆ ਪਿਆਲੀ ਹੈ ਪੀਣ ਵਾਲੀ
ਕਾਲ ਬਲੀ ਨੇ ਤੋੜ ਕੇ ਸੁੱਟ ਜਾਣੀ।
ਐਵੇਂ ਹੁਸਨ ਦਾ ਨਾ ਗੁਮਾਨ ਕਰੀਏ
ਕੋਈ ਦਿਨ ਦੀ ਮੌਜ ਹੈ ਲੁੱਟ ਜਾਣੀ।

ਆਪਣਾ ਚੋਰ

ਚੋਰ ਕਦੀ ਨਾ ਰਹਿੰਦਾ ਛੁਪਿਆ, ਆਖਰ ਖ਼ਬਰ ਹੈ ਮਿਲਦੀ
ਸਾਡਾ ਦਿਲ ਚੁਰਾਇਆ ਕਿਸੇ, ਹੋਰ ਚੋਰੀ ਨਾ ਤਿਲ ਦੀ।
ਦਿੱਤੀ ਰਪਟ ਅਸਾਂ ਸਰਕਾਰੇ, ਅਦਲ ਕਰੇ ਜੇ ਕੋਈ
ਆਪਣਾ ਚੋਰ ਅਸੀਂ ਹਾਂ ਮੰਗਦੇ, 'ਦੀਨ' ਲੋੜ ਨਹੀਂ ਏ ਦਿਲ ਦੀ।

ਆਸ਼ਕ

ਜੇ ਸੜ ਜਾਣਾ ਕੁੜੇ ਦੀਵਾ ਨਾ ਹੁੰਦੇ, ਕਿੱਥੇ ਸੜਦੇ ਆ ਪਰਵਾਨੇ
ਜੇ ਸੂਲੀ ਦੀ ਪੀਂਘ ਨਾ ਹੁੰਦੀ, ਕਿੱਥੇ ਝੂਟਦੇ ਮਨਸੂਰ ਦੀਵਾਨੇ
ਡੁੱਬ ਜਾਣਾ ਜੇ ਝਨਾਂ ਨਾ ਹੁੰਦਾ ਤਾਂ ਸੋਹਣੀ ਕਿੱਥੇ ਡੁੱਬਦੀ
ਇਹ ਤਾਂ 'ਦੀਨ' ਆਸ਼ਕਾਂ ਖਾਤਰ, ਬਣੇ ਈ ਸਭ ਠਿਕਾਣੇ।

ਮਨੁੱਖ ਜਨਮ

ਮਨੁੱਖ ਜਨਮ ਦਰ ਰੱਬ ਪਾਉਣ ਦਾ, ਇਹ ਸਮਾਂ ਅਮੋਲ ਸਦਾਵੇ
ਪਰ ਗੰਜਾ ਸਿਰ ਖੁਰਕ ਖੁਰਕ ਕੇ, ਹੱਥੋਂ ਸਮਾਂ ਗੁਆਵੇ
ਮੁੜ ਮੁੜ ਫੇਰੇ ਪਾਉਂਦਾ ਫਿਰਦਾ, ਨਾ ਦਰ ਹੱਥ ਵਿੱਚ ਆਉਂਦਾ
ਅੱਛਾ ਹੋਵੇ ਸਤਿਗੁਰੂ ਨਾਨਕ, ਬਾਂਹ ਫੜ ਪਾਰ ਲੰਘਾਵੇ।

ਰੇਸ਼ਮ ਦਾ ਕੀੜਾ

ਰੇਸ਼ਮ ਦਾ ਕੀੜਾ ਵੀ ਕੀੜਾ, ਉਹ ਰਹਿਮਤ ਵਿੱਚ ਪਲਿਆ
ਉੱਚਾ ਜੱਗ ਵਿੱਚ ਰੌਸ਼ਨ ਹੋਇਆ, ਨਜ਼ਰ ਦਾਨਿਆਂ ਚੜ੍ਹਿਆ
ਕੀਟ ਨਾਚੀਜ਼ ਰੱਖੇ ਕੀ ਕੀਮਤ, ਰੱਖਦਾ ਉਂਞ ਨਹੀਂ ਕੋਈ
ਸਾਰਾ ਮੁੱਲ ਮਿਹਰ ਦਾ ਪੈਂਦਾ, ਜੋ ਮਿਹਰਿਆ ਸੋ ਤਰਿਆ।

ਧੁੱਪ

ਕੰਮ ਅਸਾਡਾ ਹੋਰ ਨਾ ਕੋਈ, ਚਮਕਣਾ ਤੇ ਚਮਕਾਣਾ
ਪਰਬਤਾਂ ਤਾਈਂ ਮੈਦਾਨਾ ਤਾਈਂ, ਦਮਕਣਾ ਤੇ ਦਮਕਾਣਾ
ਕਿਧਰੇ ਹੋਈਏ ਵਿੱਚ ਅਸਮਾਨਾਂ, ਚਾਹੇ ਮਿੱਟੀ ਉੱਤੇ
ਬਾਝ ਲਿਸ਼ਕਣ ਦਾ ਕੰਮ ਨਾ ਕੋਈ, ਨਾ ਕੋਈ ਹੋਰ ਟਿਕਾਣਾ।

ਤੰਗ ਦਰਵਾਜ਼ਾ

ਤੰਗ ਦਰਵਾਜ਼ਾ ਪ੍ਰੀਤ ਗਲੀ ਦਾ, ਸੂਖਮ ਹੋ ਕੇ ਜਾਈਦਾ
ਸਿਰ ਉੱਚਾ ਰੱਖ ਲੰਘ ਨਹੀਂ ਹੁੰਦਾ, ਤਲੀ 'ਤੇ ਸੀਸ ਟਿਕਾਈਦਾ
ਮਜਨੂੰ ਸੀ ਸੁੱਕ ਤੀਲਾ ਹੋਇਆ, ਏਥੋਂ ਲੰਘਣ ਖਾਤਰ ਹੀ
ਤੀਲਾ ਹੋ ਕੇ 'ਦੀਨ' ਇਸ ਤਰ੍ਹਾਂ ਖਾਲ੍ਹੇ ਆਈ ਜਾਈ ਦਾ

ਕੁਦਰਤ ਦੇ ਖੇਡ

ਇਕਨਾ ਨੂੰ ਸੁਹੱਪਣ ਜੇ ਦਿੱਤੀ, ਇਕਨਾ ਨੇ ਸੁਗੰਧੀ
ਇੱਕ ਰੱਖੇ ਵਾਂਜੇ ਦੋਹਾਂ ਤੋਂ, ਕੁਦਰਤ ਕਾਦਰ ਸੰਦੀ
ਇਕਨਾ ਨੂੰ ਪਰ ਦੋਵੇਂ ਦਿੱਤੇ, ਬਖਸ਼ਸ਼ ਭਰੇ ਪਿਆਲੇ
ਵਾਂਗ ਫੁੱਲ ਗੁਲਾਬ ਦੇ 'ਪਦਮਾ' ਸੁੰਦਰਤਾ ਤੇ ਗੰਧੀ।

ਦੁਨੀਆਂ

ਇੱਕੋ ਜਿਹੀ ਨਾ ਰਹਿੰਦੀ ਦੁਨੀਆਂ ਖਿਨ ਖਿਨ ਭੇਸ ਵਟਾਉਂਦੀ
ਜਿਹੜੀ ਅੱਜ ਹੈ ਅੱਗੇ, ਉਹ ਭਲਕੇ ਕੱਲ੍ਹ ਬਣ ਆਉਂਦੀ
ਅੱਜ ਪਤਝੜ ਤੇ ਕੱਲ੍ਹ ਬਸੰਤ ਹੈ, ਅੱਜ ਗ੍ਰੀਖ਼ਮ ਕੱਲ੍ਹ ਬਰਖਾ
ਕੁਦਰਤ ਰਾਣੀ 'ਦੀਨ' ਨਵੇਲੀ ਜਾਮਾ ਨਿੱਤ ਬਦਲਾਉਂਦੀ।

ਕਈ ਵਾਰ

ਤੇਰੇ ਕਹੇ 'ਤੇ ਕਈ ਵਾਰ ਅਸਾਂ ਚੋਲ਼ਾ ਹੈ ਬਦਲਾਇਆ
ਕਈ ਵਾਰ ਤੇਰੇ ਆਖਣ 'ਤੇ ਜਾਮਾ ਨਵਾਂ ਸਵਾਇਆ।
ਕਈ ਵਾਰ ਅਸਾਂ ਧੋਤਾ ਇਸ ਨੂੰ ਮੁੜ ਮੁੜ ਖੁੰਬ ਚੜ੍ਹਾਇਆ
ਪਰ ਅਫਸੋਸ ਸੱਜਣਾ ਤੈਨੂੰ ਅਜੇ ਪਸੰਦ ਨਾ ਆਇਆ।
ਕੀ ਕਰੀਏ ਤੂਹੀਓਂ ਦੱਸ ਕਿਹੜਾ ਰੰਗ ਲਿਆਈਐ
ਤੇਰੀ ਖ਼ਾਤਰ ਕਿਹੜਾ ਦਰ ਖੜਕਾਈਐ।

ਫੁਲਿਆ ਫੁੱਲ

ਫੁਲ ਫੁਲ ਬੈਠ ਨਾ ਫੁੱਲ ਮਤਵਾਲੇ, ਤੈਨੂੰ ਖ਼ਬਰ ਆਥਣ ਹੈ ਆਉਂਦਾ
ਜੋ ਸਭ ਦੇ ਹਾਸੇ ਤੇ ਖੇਲਾਂ, ਖਿਨ ਵਿੱਚ ਆ ਮਿਟਾਉਂਦਾ
ਕਿਸੇ ਦੀ ਤਾਕਤ ਨਹੀਂ ਏ, ਜਿਹੜਾ ਬੋਲੇ ਉਸ ਦੇ ਅੱਗੇ
ਸਭ ਦੇ ਮੂੰਹ 'ਤੇ 'ਦੀਨ' ਪਲਕ ਵਿੱਚ, ਚਾਦਰ ਨੇਰ੍ਹ ਦੀ ਪਾਉਂਦਾ।

ਦਾਨੇ

ਜਾਂ ਕਿਤਾਬ ਲਿਖਣ 'ਤੇ ਵੀ ਸਜ਼ਾ ਹੁੰਦੀ ਹੈ
ਤਾਂ ਹਰ ਮੋਮਨ ਦੀ ਨਿਮਾਜ਼ ਕਜ਼ਾ ਹੁੰਦੀ ਹੈ
ਇਹ ਕਹਿਣਾ ਠੀਕ ਨਹੀਂ ਕਿ ਇਉਂ ਉਸ ਦੀ ਰਜ਼ਮੰਦੀ ਹੈ
ਬਲਕਿ ਮਾਲਕ ਨੂੰ ਤਾਂ ਤਕਲੀਫ਼ ਬੇਵਜ੍ਹਾ ਹੁੰਦੀ ਹੈ।

ਸ੍ਵਾਂਤ ਬੂੰਦ

ਤੇਰੀ ਪ੍ਰੀਤ ਦਾ ਇੱਕ ਹੁਲਾਰਾ ਜੇ ਦਿਲ ਆ ਵੱਜੇ, ਤਦ ਮਨ ਰੱਜੇ।
ਲੋੜ ਨਾ ਰਹਸੀ ਹੋਰ ਕੋਈ ਵੀ, ਰੰਗ ਤਿਰੇ 'ਚ ਭਿੱਜੇ ਨਿਹੁੰ ਲਾ ਸਜੇ
ਰਹਿਮਤ ਭਰੇ ਸਾਂਵਲੇ ਮੇਘਾਂ ਦਰ ਤਿਰੇ 'ਤੇ ਆਇਆ 'ਦੀਨ' ਤਿਹਾਇਆ
ਚਿਰ ਦੇ ਪਿਆਸੇ ਚਾਤ੍ਰਿਕ ਦੇ ਮੂੰਹ, ਬੂੰਦ ਸ੍ਵਾਂਤ ਪਾ ਰੱਜੇ, ਚਿੰਤਾ ਤਜੇ।

ਜੋਦੜੀ

ਹਿਸਾਬਾਂ ਨਾਲ ਤਾਂ ਨਹੀਂ ਚੁੱਕਣਾ ਇਹ ਝੇੜਾ
ਜਨਾਬਾਂ ਦੀਆਂ ਮੇਹਰਾਂ ਤੇ ਹੋਣਾ ਨਿਬੇੜਾ
ਤੇਰਾ ਹੀ ਲਿਖਿਆ ਤੂੰ ਹੀ ਮੇਟ ਸਕੇਂ,
ਮੇਰੇ ਲਈ ਤੈਂ ਬਿਨ ਹੋਰ ਦੱਸ ਕੇਹੜਾ।
ਮਰਜ਼ੀ ਹੈ ਤੇਰੀ ਅਰਜ਼ੀ ਹੈ ਸਾਡੀ
ਕਰੋ ਜੀ ਜੋ ਚਾਹੇ ਤੇਰੇ 'ਤੇ ਹੀ ਛੱਡੀ,
ਤੇਰੀ ਹੀ ਮਰਜ਼ੀ।

ਪਤਾ

ਪੱਤੇ ਪੱਤੇ 'ਚ ਉਸ ਦਾ ਪਤਾ ਮਿਲਦਾ
ਤੈਨੂੰ ਪਤੈ ਤੇਰਾ ਵੀ ਪਤਾ ਉਹਨੂੰ
ਤੇਰੀ ਇੱਕ ਇੱਕ ਨਾੜ ਪਛਾਣਦਾ ਹੈ
ਤੇਰੀ ਖ਼ੂਬੀ ਤੇ ਤੇਰੀ ਖ਼ਤਾ ਉਹਨੂੰ
ਅੰਦਰ ਬੈਠਿਆਂ ਹੀ ਉਸ ਨੂੰ ਦਿਸ ਪੈਂਦੇ
ਲਹਿੰਦੀ ਚੜ੍ਹਦੀ ਅਸਮਾਨ ਦੀ ਘਟਾ ਉਹਨੂੰ
ਤੇਰਾ ਸਭ ਕੁਝ ਉਸ ਦੀ ਨਜ਼ਰ ਅੰਦਰ
ਤੇਰੇ ਦਿਲ ਦਾ ਸਭ ਪਤਾ ਉਹਨੂੰ।

ਪਰਬਤ ਦਾ ਪਾਸਾ

ਭਾਵੇਂ ਜੰਗਲੀਂ ਲੱਗੇ ਤੰਬੂ ਹੋਣ, ਸੱਜਣਾ ਕੋਲ ਵਾਸਾ ਅੱਛਾ ਹੈ
ਨਦੀਆਂ ਦੀਆਂ ਅਜਬ ਬਹਾਰਾਂ ਨੇ, ਪਰਬਤ ਦਾ ਪਾਸਾ ਅੱਛਾ ਹੈ
ਇਹ ਬਹਿਣਾ ਉੱਠਣਾ ਮੌਜਾਂ ਦਾ, ਐਵੇਂ ਦਾ ਹਾਸਾ ਅੱਛਾ ਹੈ
ਇਹ ਰੁੱਸਣਾ ਮੰਨਣਾ ਫਿਰ ਰੁੱਸਣਾ, ਇਹ ਪ੍ਰੀਤ ਪਤਾਸਾ ਅੱਛਾ ਹੈ
ਸਾਨੂੰ ਲੋੜ ਨੀ ਨੜੀਆਂ ਨੌਕਰੀਆਂ, ਅਸਮਾਨੀਂ ਭਰਵਾਸਾ ਅੱਛਾ ਹੈ
ਇਹ ਰੰਗ ਤਮਾਸ਼ਾ ਅੱਛਾ ਹੈ, ਏਥੇ ਵਾਸਾ ਖ਼ਾਸਾ ਅੱਛਾ ਹੈ।

ਨਿੱਕੀ ਝਾੜੀ

ਆਈ ਅਨ੍ਹੇਰੀ ਸ਼ੂਕ ਮਾਰਦੀ ਦਿੱਤੇ ਬ੍ਰਿਛ ਭੰਨ ਤੋੜ
ਕੰਕਰ ਪੱਥਰ ਮਿੱਟੀ ਘੱਟਾ, ਉਡਦੇ ਜਾਂਦੇ ਤੋੜ
ਧਰਤੀ ਨਾ ਅਕਾਸ਼ ਹੀ ਦਿਸੇ, ਚਾਨਣ ਪਾ ਗਏ ਮੋੜ
ਇੱਕ ਨਿੱਕੀ ਜਿਹੀ ਝਾੜੀ ਝੂਮੇ ਖਲੀ ਇਹ 'ਪਦਮ' ਅਮੋੜ।

ਲਾਜਵੰਤੀ

ਨਾਮ ਤੁਸਾਂ ਦਾ ਪੁੱਛਣ ਖਾਤਰ ਅਸੀਂ ਕਈ ਦਰ ਹੋਇ ਸਵਾਲੀ
ਪਰ ਨਾ ਖ਼ੈਰ ਕਿਤੋਂ ਵੀ ਪਈਆ, ਰਹੇ ਖਾਲੀ ਦੇ ਖਾਲੀ।
ਆਖ਼ਰ ਛੋਹ ਤੁਸਾਡੀ ਪਾਈ, ਭੇਤ ਹਥੋ ਹੀ ਆਯਾ।
ਨਾਮ ਤੁਸਾਂ ਦਾ ਲਾਜਵੰਤੀ ਏ ਤੂੰ ਕੋਮਲ ਦਿਲ ਵਾਲੀ।

ਗੁਣ

ਤੱਕੀਏ ਫੁੱਲ ਗੁਲਾਬ ਦਾ ਹਰਦਮ, ਕੰਡਿਆਂ ਵੱਲ ਨਾ ਤੱਕੀਦਾ
ਪਾਰਸ ਰੱਖੀਏ ਸਾਂਭ ਸਾਂਭ ਕੇ, ਪੱਥਰ ਸਮਝ ਨਾ ਧੱਕੀਦਾ
ਚੰਦਨ ਭਾਵੇਂ ਬਨ ਦੀ ਲੱਕੜ, ਨਾਲ ਅਦਬ ਦੇ ਚੱਕੀਦਾ
ਗੁਣ ਹੋਵੇ ਮੂਰਖ ਦੇ ਕੋਲ ਵੀ, ਲੈਣੋਂ ਕਦੀ ਨਾ ਜਕੀਦਾ
ਜੇਕਰ ਸਿੱਪੀਆਂ ਦੇ ਵਿੱਚ ਮੋਤੀ, ਗੁਣ ਨਾ ਉਸ ਦਾ ਢਕੀਦਾ।

ਸੁੱਕੀ ਸਰ੍ਹੋਂ

ਖਟਿਆ ਕੀ ਸ਼ੁਦੈਣੇ ਤੈਂ ਇਹ ਨਾਲ ਫੁੱਲਾਂ ਧ੍ਰੋਹ ਕਮਾਇਆ
ਨਾਜ਼ਕ ਧੁੱਪਾਂ ਵਿੱਚ ਸੁਕਾ ਕੇ, ਆਪਣਾ ਰੂਪ ਗਵਾਇਆ
ਖੜ੍ਹੀ ਏਂ ਹੁਣ ਉਦਾਸ ਚੁੱਪ ਕੀਤੀ, ਗਰਦਨ ਹੇਠ ਝੁਕਾਈ
ਜਾਇ ਲਤਾੜੀ, ਕੋਹਲੂ ਪੀੜੀ, ਕੱਢਣ ਖ਼ੂਨ ਸਵਾਇਆ।

ਚੂੰਗੜੇ

ਮਿੱਟੀ ਦੇ ਅਸੀਂ ਚੂੰਗੜੇ ਰੋਸ਼ਨੀ ਸਾਡੀ ਜਾਤ
ਦਿਨ ਨੂੰ ਸੌਂਈਏਂ ਮੌਜ ਨਾਲ, ਜਾਗੀਏ ਸਾਰੀ ਰਾਤ
ਜਾਗੀਏ ਸਾਰੀ ਰਾਤ, ਇਹੋ ਹੈ ਫਰਜ਼ ਅਸਾਡਾ
ਮਾਲਕ ਦੇ ਉਸ ਹੁਕਮ ਦਾ, ਸਿਰ ਕਰਜ਼ ਅਸਾਡਾ
ਵੰਡੀਏ ਚਾਨਣ ਜੱਗ ਨੂੰ, ਸਾਡੀ ਚਾਦਰ ਚਿੱਟੀ
ਦੱਸਣ ਵਿੱਚ ਸੰਕੋਚ ਨਾ, ਸਾਡੀ ਮਾਂ ਹੈ ਮਿੱਟੀ।

ਬ੍ਰਿਹੁੰ ਦਾ ਪਾਣੀ

ਹੋ ਕੇ ਭਾਫ ਹੌਕਿਆਂ ਰਾਹੀਂ, ਨਿਕਲੇ ਬਿਰਹੂੰ ਦਾ ਪਾਣੀ
ਜਾਂ ਪੰਘਰ ਕੇ ਨਿਕਲ ਟੁਰਦਾ, ਚਸ਼ਮੇ ਚਸ਼ਮਾ ਥਾਣੀਂ
ਜੇ ਨਾ ਨਿਕਲੇ ਕਿਵੇਂ ਵੀ ਬਾਹਰ, ਪੱਥਰ ਬਣ ਕੇ ਜੰਮਦਾ
ਛੱਡਦਾ ਨਾ ਹੋਸ਼ਾਂ ਦੇ ਅੰਦਰ, ਮੰਗਦਾ ਅੰਦਰੋਂ ਪਾਣੀ।

ਯੂਸਫ਼ ਨੂੰ

ਯੂਸਫ਼ ਰੂਪ ਦਾ ਮਾਣ ਕਰੀਂ ਨਾ ਇਹਦੀ ਕੀਮਤ ਕੁਝ ਨਹੀਂ ਪੈਣੀ
ਪਊ ਜੇ ਇੱਕ ਅੱਟੀ ਮੁੱਲ ਪੈਸੀ, ਕਦਰ ਨਾ ਕਿਸੇ ਦੇ ਨੈਣੀ
ਕਦਰ ਵੀ ਕਾਹਦੀ ਹੋਸੀ ਯੂਸਫ਼ ਜਾਂ ਇਹ ਕੁਝ ਵੀ ਹੈ ਨਹੀਂ
ਥੋੜ੍ਹੇ ਚਿਰ ਪ੍ਰਭਾਤ ਦਾ ਖੇੜਾ, 'ਦੀਨ' ਸ਼ਾਮ ਹੈ ਪੈਣੀ।

ਹਰਾ ਘਾਹ

ਹਰੇ ਹਰੇ ਘਾਹ ਦੇ ਵਿਛੇ ਵਿਛੌਣੇ, ਤਿਰਾ ਰੂਪ ਮਖਮਲੀ ਰੰਗ ਦਾ
ਤੱਕ ਕੋਮਲਤਾ ਤੇ ਸੁਹੱਪਣ ਤੇਰਾ, ਸਾਡਾ ਪੈਰ ਧਰਨੋਂ ਦਿਲ ਸੰਗਦਾ
ਖਿੜ੍ਹੇ ਗੁਲਜ਼ਾਰ ਹਮੇਸ਼ਾ ਤੇਰੀ, ਦਿਲ ਨੂੰ ਠੰਢਾ ਕਰਦੀ
'ਦੀਨ' ਵੀ ਤਿਰਾ ਭੀਖਕ ਬਣ ਕੇ, ਤਿਰਾ ਰੂਪ ਤੈਥੋਂ ਹੈ ਮੰਗਦਾ।

ਚਿੜੀਏ

ਚੰਗਾ ਕੀਤਾ ਨੀ ਚਿੜੀਏ! ਤੂੰ ਪਹੁ-ਫੁਟੀ 'ਤੇ ਜਾਗ ਪਈ
ਮੈਂ ਆਲਸ ਦੇ ਅੰਦਰ ਰਹਿ ਗਈ, ਸੁੱਤੀ ਤੇਰੇ ਲਾਗ ਪਈ
ਤੈਂ ਸੁਣ ਲਏ ਸਜਰੇ ਰਾਗ ਗੀਤ ਤੇ ਤੱਕ ਲਿਆ ਨਵਾਂ ਸਵੇਰਾ ਆ
ਮੈਂ ਸੁੱਤੀ ਨੂੰ ਧੁੱਪਾਂ ਚੜ੍ਹੀਆਂ ਸੁੰਞੀ ਰਹੀ ਨਿਭਾਗ ਪਈ।

ਜਾਮ

ਇਹ ਚਾਹ ਦਾ ਜਾਮ ਯਾ ਕੋਈ ਮੁਹੱਬਤ ਦਾ ਜਾਮ ਹੈ
ਕੈਸੀ ਰੰਗੀਨ ਇਹ ਸੁਬ੍ਹਾ ਵਰਗੀ ਸ਼ਾਮ ਹੈ
ਧੁੰਦਲੇ ਜਿਹੇ ਅਕਾਸ਼ 'ਤੇ ਤਾਰਾ ਕੋਈ ਨਹੀਂ ਚਮਕਦਾ
ਫਿਰ ਤਾਰਿਆਂ ਨਾਲ ਭਰ ਗਿਆ, ਕਿਉਂ ਸੀਨੇ ਦਾ ਧਾਮ ਹੈ
ਇਹ ਚਾਹ ਦਾ ਜਾਮ ਯਾ ਕੋਈ ਮੁਹੱਬਤ ਦਾ ਜਾਮ ਹੈ।

ਮੇਰਾ ਹਾਰ

ਹਾਰ ਮੇਰਾ ਮੁਰਝਾਂਦਾ ਜਾਵੇ, ਮੈਂ ਕਿਸ ਦੇ ਗਲ਼ ਪਾਵਾਂ
ਯਾਰ ਮੇਰਾ ਮੁਸਕਾਂਦਾ ਜਾਵੇ, ਕਿੱਦਾਂ ਇਹਨੂੰ ਬੁਲਾਵਾਂ
ਵਾਸ਼ਨਾ ਇਸ ਦੀ ਉਡਦੀ ਜਾਵੇ, ਰੰਗ ਬਣਿਆ ਪਰਛਾਂਵਾਂ
ਪੱਤੀ-ਪੱਤੀ ਡਿਗ-ਡਿਗ ਪੈਂਦੀ, ਕਿਸ ਬਿਧਿ ਇਹਨੂੰ ਬਚਾਵਾਂ।

ਸ਼ਬਨਮ

ਸ਼ਬਨਮ਼ ਦਾ ਕਤਰਾ ਹਾਂ ਇੱਕ ਰਾਤ ਰਹਿਣਾ ਹੈ
ਪਰ ਕੰਚਨ ਕਾਇਆ ਨੂੰ ਲਿਸ਼ਕਾ ਕੇ ਰਹਿਣਾ ਹੈ।
ਤਾਰਿਆਂ ਦੀ ਛਾਂਇਆ 'ਚ ਖਾਮੋਸ਼ ਵਿਚਰੀਏ
ਦਿਨ ਦੇ ਰੌਲਿਆਂ ਤੋਂ ਅਸਾਂ ਕੀ ਲੈਣਾ ਹੈ।
ਫੇਰੀ ਤਾਂ ਸਾਡੀ ਜੋਗੀਆਂ ਵਾਲੀ
ਤੇ ਪ੍ਰਭਾਤਾਂ ਨੂੰ ਅਸਾਂ ਰਾਹ ਪੈਣਾ ਹੈ।
ਛੋਟਾ ਮਤ ਸਮਝਣਾ ਏਸ ਹਸਤੀ ਨੂੰ
ਸੂਰਜ ਇਹ ਸਾਡੇ ਸੀਨੇ ਦਾ ਗਹਿਣਾ ਹੈ।

ਸੋਮਾ

ਆਵੇ ਦੂਰੋਂ ਉੱਤਰ ਪਹਾੜੋਂ, ਸੋਮਾ ਝਰਦਾ ਝਰਦਾ
ਭਰਿਆ ਵਿੱਚ ਉਤਸ਼ਾਹਾਂ ਟੁਰਦਾ, ਛੇਤੀ ਛੇਤੀ ਕਰਦਾ
ਲੱਖਾਂ ਬ੍ਰਿਛ ਤੇ ਪੱਥਰ ਬੱਟੇ, ਵਿੱਚ ਅਟਕਾਰਾਂ ਪਾਵਣ
ਸੱਟਾਂ 'ਪਦਮ' ਸਭ ਦੀਆਂ ਸਹਿ ਸਹਿ ਸਿਰ ਮੱਥੇ 'ਤੇ ਜਰਦਾ।
ਪਿਆਸ ਬੁਝਾਉਣ ਵਾਲੇ ਦੇ ਅੰਦਰ, ਲੱਗੀਆਂ ਆਪ ਪਿਆਸਾਂ
ਬੇਮੁਹਾਰਾ ਰਾਹ ਬਣਾਂਦਾ, ਜਾਂਦਾ ਕਰਦਾ ਆਸਾਂ
ਅੱਗੇ ਮਿਲ ਕੇ ਨਦੀ ਨਾਲਿਆਂ, ਕਰ ਅਵਾਜ਼ ਰਾਹ ਪੁੱਛੇ
ਟੁਰਦਾ ਨਾਲ ਹੈ, ਸਮਝੇ ਹੁਣ ਮੈਂ, ਸ਼ਹੁ ਸਾਗਰ ਮਿਲ ਜਾਸਾਂ।

ਉਡਣਾ ਪੰਛੀ

ਆਖ਼ਰ ਉਹ ਪੰਛੀ ਉਡਣਾ ਸੀ, ਉਹ ਫ਼ੱਕਰ ਉਡਾਰੀ ਮਾਰ ਗਿਆ
ਅਸੀਂ ਇਧਰ ਉਧਰ ਵੇਂਹਦੇ ਰਹੇ, ਉਹ ਖੰਭ ਖਿਲਾਰ ਕੇ ਪਾਰ ਗਿਆ।
ਤੇਰੇ ਇਨ੍ਹਾਂ ਪਿਆਰਾਂ ਦਾ ਕਰਜ਼ਾ ਕੌਣ ਉਤਾਰੇਗਾ
ਤੂੰ ਰਾਹੀ ਨਦੀਓਂ ਪਾਰ ਗਿਆ।

ਮੰਦਰ

ਮੈਂ ਚੱਲੀ ਸਾਂ ਮੰਦਰ ਵੱਲ ਨੂੰ ਵਾਜ ਅਕਾਸ਼ੋਂ ਆਈ
ਕਿਧਰ ਨਿਕਲ ਤੁਰੀ ਤੂੰ ਪਾਗਲ! ਅੰਦਰ ਬੈਠਾ ਸਾਈਂ
ਕਿਸ ਦੀ ਖਾਤਰ ਦੀਵੇ ਬਾਲੇ ਜੋਤਾਂ ਪਈ ਜਗਾਵੇ
ਉਹ ਤੇ ਅੱਗੇ ਘਟ ਘਟ ਅੰਦਰ, ਕਰ ਰਹਿਆ ਰੁਸ਼ਨਾਈ।

ਸਬਰ

ਮੈਂ ਕੀ ਕਰਨਾ ਤੇਰਾ ਸਾਗਰ ਹੀਰੇ ਮੋਤੀਆਂ ਵਾਲਾ
ਮੈਂ ਤੇ ਠੰਢਾ ਨਿਰਮਲ ਚਾਹਾਂ ਇੱਕੋ ਇਕ ਪਿਆਲਾ
'ਮੋਤੀਆਂ ਵਾਲੇ' ਖਾਰੇ ਹੁੰਦੇ ਜਾਣ ਗਈ ਸਭ ਦੁਨੀਆਂ
ਏਸ ਇਸ਼ਕ ਤੋਂ ਚੰਗਾ ਜਾਪੇ, ਕਰਨਾ ਟਾਲਮਟਾਲਾ।

ਤੇਰੀ ਬੰਸਰੀ

ਤੇਰੀ ਬੰਸਰੀ ਦੀ ਧੁਨਿ ਸੁਣ ਕੇ ਮੈਂ ਘਰੋਂ ਤੁਰ ਆਈ
ਲੋਕ ਲਾਜ ਤੇ ਕੁਲ ਸਮਾਜ ਦੀ ਮੈਂ ਸਿਰ ਤੋਂ ਲੋਈ ਲਾਹੀ
ਆਪਣਾ ਘਰ ਤੇ ਛੱਡ ਬੈਠੀ ਹਾਂ ਹੋ ਤੇਰੀ ਦੀਵਾਨੀ
ਐਪਰ ਵਿੱਚ ਅੰਧੇਰੇ ਤੇਰੀ ਕੁਟੀਆ ਅਜੇ ਨੀ ਥਿਆਈ।

ਮੁਹੱਬਤ ਦੀ ਮਲਕਾ

ਇੱਕ ਪਾਸੇ ਮੁਹੱਬਤ ਦੀ ਮਲਕਾ, ਇੱਕ ਪਾਸੇ ਅਫਲਾਤੂਨ ਹੋਵੇਗਾ
ਸੋਚਦੇ ਹਾਂ ਅੱਜ ਦੀ ਗੁਫ਼ਤਗੂ ਦਾ ਆਖ਼ਰ ਕੀ ਮਜ਼ਮੂਨ ਹੋਵੇਗਾ।
ਜ਼ਮਾਨੇ ਨੇ ਤਾਂ ਪੜ੍ਹਿਆ ਤੇ ਬਹੁਤ ਕੁਝ ਹੈ ਲਿਖਿਆ
ਮਸਲਿਆਂ ਦੇ ਹੱਲ ਦਾ ਪੰਚ ਕੋਈ ਅਹਲਿ ਜਨੂੰਨ ਹੋਵੇਗਾ।
ਸਿਆਸਤ ਦੀ ਸੋਚ ਹੈ, ਛੇਤੀ ਇਹ ਕਾਲੀ ਪੱਟੀ ਪੋਚ ਲਈਏ
ਐਟਮ ਨੂੰ ਬੋਚ ਲਈਏ ਨਹੀਂ ਤਹਿਜ਼ੀਬ ਦਾ ਖ਼ੂਨ ਹੋਵੇਗਾ।
ਸ਼ਰਮ ਤੇ ਧਰਮ ਦੀ ਗੱਲ ਹੁਣ ਦੱਸੋ ਕੌਣ ਸੁਣਦੈ
ਇਹ ਆਤਮਘਾਤ ਰੋਕਣ ਲਈ ਕਿਹੜਾ ਲਾਗੂ ਕਾਨੂੰਨ ਹੋਵੇਗਾ।

ਚੰਦਨ

ਇਸ ਘਰ ਵਿੱਚ ਜਾਈਏ ਨਾ ਜਾਈਏ, ਦਿਲ ਨੂੰ ਕੀ ਸਮਝਾਈਏ
ਜਿੰਦੜੀ ਇੱਕ ਚੰਦਨ ਦਾ ਬੂਟਾ, ਕਿਸ ਵਿਹੜੇ ਵਿੱਚ ਲਾਈਏ
ਜੋ ਕੋਈ ਇਸ ਥੀਂ ਪਾਣੀ ਦੇਵੇ, ਜਿੰਦ ਨਾਲ ਜਿੰਦ ਵਟਾਈਏ
ਖੁਸ਼ਬੂਆਂ ਦੇ ਉਡਨ ਖਟੋਲੇ ਦੇਸ ਸੱਜਣ ਦੇ ਜਾਈਏ
ਰਲ ਮਿਲ ਖੁਸ਼ਬੂਆਂ ਦੀ ਉੱਥੇ, ਬਾਂਕੀ ਛਹਿਬਰ ਲਾਈਏ।

ਸਾਕੀ

ਉਲਝੀ ਜ਼ੁਲਫ ਜ਼ਮਾਨੇ ਦੀ ਅੱਜ, ਕੌਣ ਇਸ ਨੂੰ ਸੰਵਾਰੇ
ਸਾਇੰਸ ਅਤੇ ਸਿਆਸਤ ਵਾਲੇ, ਥੱਕੇ ਸੋਚ ਵਿਚਾਰੇ
ਜਾਮ ਮੁਹੱਬਤ ਡੋਲ੍ਹ ਹਾਂ ਬੈਠੇ, ਮੈਖ਼ਾਨਾ ਵੀ ਭੁੱਲੇ
ਸਾਡਾ ਸਾਕੀ ਗੁੰਮ ਗਿਆ ਹੈ, ਉਸ ਨੂੰ ਕੌਣ ਪੁਕਾਰੇ।

ਪਿੱਪਲ ਦੇ ਪੱਤੇ

ਪਿੱਪਲਾ ਵੇ ਤਿਰੇ ਕੋਮਲ ਪੱਤ
ਰਲ ਮਿਲ ਗਿੱਧਾ ਪਾਵਣ ਨਾਚ ਦਿਖਾਵਣ
ਕਰ ਕਰ ਨਖਰੇ ਭਾਂਤ ਭਾਂਤ ਦੇ
ਦਿਲ ਸਾਡਾ ਲੁਭਾਵਣ ਜਾਦੂ ਪਾਵਣ
ਕੋਮਲਤਾ ਤੇ ਪਿਆਰ 'ਚ ਭਿੰਨੀ ਆਈ
ਨਵੀਂ ਜੁਆਨੀ ਰੂਪ ਲਾਸਾਨੀ
ਯਾ ਫਿਰ ਕੁਦਰਤ ਰਾਣੀ ਦੇਖਣ ਸਾਵਣ
ਹੁਸਨ ਦਿਖਾਵਣ ਹਰਮਨ ਭਾਨੀ।

ਤੇਰੇ ਦਰ ਦਾ ਕੁੱਤਾ

ਫਿਰ ਫਿਰ ਥੱਕਿਆ ਦਰੀਂ ਅਨੇਕੀਂ, ਕਿਸੇ ਨਾ ਸਾਰਿਆ ਬੁੱਤਾ
ਖਾ ਖਾ ਸੋਟੇ ਹਰ ਦਰ ਦਰ ਦੇ, ਫ਼ਿਕਰਾਂ ਵਿੱਚ ਵਿਗੁੱਤਾ
'ਪਦਮ' ਪਈ ਕਨਸੋ ਤੁੱਧ ਦੀ, ਆਇਆ ਸੋਆਂ ਲੈਂਦਾ
ਬੁਰਕੀ ਚਾਹਾਂ ਰਹਿਮਤ ਵਾਲੀ, ਤੇਰੇ ਦਰ ਦਾ ਕੁੱਤਾ।

ਸੁਆਦ ਤੇ ਸਾਦਗੀ

ਸੋਹਣੇ ਸੁਆਦ ਮਸਾਲੇ ਪਾ ਕੇ, ਨਾ ਕੁਝ ਸੌਰਦਾ ਜਾਪੇ
ਰੰਗ ਬਰੰਗੇ ਪਾ ਕਪੜੇ ਵੀ, ਦੁਖੀਆ ਦਿਲ ਵਿਰਲਾਪੇ
'ਇਉਂ ਚਾਹੀਦਾ ਸੀ ਹੋਰ ਕੁਝ ਵੀ, ਸੱਚ ਪੁੱਛੇਂ ਜੇ ਬੀਬਾ!
ਸਦਾ ਅਨੰਦ ਸਾਦਗੀ ਅੰਦਰ ਸੁਆਦਾਂ ਵਿੱਚ ਸਿਆਪੇ।

ਘੜੀ ਦੀ ਟਿਕ ਟਿਕ

ਘੜੀਏ ਅੜੀਏ! ਚਾਲ ਕੀ ਫੜੀਏ, ਟਿਕ ਟਿਕ ਹਰ ਦਮ ਕਹਿੰਦੀ
ਹੋਰਾਂ ਨੂੰ ਉਪਦੇਸ਼ ਐਪਰ, ਆਪ ਨਾ ਟਿਕ ਕੇ ਬਹਿੰਦੀ।
ਖਾਵੇਂ ਨਿੱਤ ਮਰੋੜੇ, ਫਿਰ ਵੀ, ਦੁਗਣਾ ਟਿਕ ਟਿਕ ਕਰਦੀ
ਕਿਉਂ ਨਹੀਂ ਕਰਦੀ ਜੋ ਕੁਝ ਕਹਿੰਦੀ, ਦੁੱਖ ਕਿਉਂ ਇੰਨੇ ਸਹਿੰਦੀ
ਕਿਹਾ ਘੜੀ 'ਟਿਕ ਟਿਕ' ਦਾ ਮਤਲਬ ਤੈਨੂੰ ਸਮਝ ਨਾ ਆਇਆ
ਟਿਕਣਾ ਠਹਿਰਣ ਨੂੰ ਆਖਣ, 'ਟਿਕ ਟਿਕ' ਇੱਕ ਰਸ ਭਾਇਆ
ਇਹ ਜੁ ਕਹੇਂ ਤੂੰ 'ਪਦਮ' ਮਰੋੜ, ਇਹ ਹੈ ਮੇਰਾ ਜੀਵਨ
ਇਸ ਇੱਕ ਰਸ 'ਟਿਕ ਟਿਕ' ਤੋਂ ਹੈ, ਮੈਨੂੰ ਟੁਰਨਾ ਆਇਆ।

ਹਰਾ ਹਰਾ ਘਾਹ

ਮੇਰਿਆਂ ਜੀਵਨ ਰਾਹਾਂ 'ਤੇ ਵਿਛਿਆ ਹਰਾ ਹਰਾ ਘਾਹ
ਇਨ੍ਹਾਂ ਰਾਹਾਂ ਨੂੰ ਤੱਕ ਤੱਕ ਕੇ, ਨਿਕਲੇ ਮੂੰਹੋਂ ਵਾਹ ਵਾਹ
ਮੈਂ ਮੰਜ਼ਲ 'ਤੇ ਨਹੀਂ ਪੁੱਜਣਾ, ਤੇ ਨਾਹੀ ਐਸੀ ਕੋਈ ਚਾਹ
ਮੇਰਿਆਂ ਜੀਵਨ ਰਾਹਾਂ 'ਤੇ ਵਿਛਿਆ ਹਰਾ ਹਰਾ ਘਾਹ
ਮੈਂ ਖੁਸ਼ੀ ਖੁਸ਼ੀ ਨੱਚ ਉੱਠਦਾ ਦੇਖ ਕੇ ਹਰਾ ਹਰਾ ਘਾਹ
ਏਸ ਨੂੰ ਤੱਕ ਤੱਕ ਕੇ, ਮੈਂ ਲੈਂਦਾ ਹਾਂ ਕੁਛ ਕੁਛ ਗਾ
ਇਨ੍ਹਾਂ ਗੀਤਾਂ ਦੀ ਧੁਨ ਸੁਣ ਕੇ ਪੰਛੀ ਪੈਂਦੇ ਮੁਸਕਰਾ
ਮੇਰਿਆਂ ਜੀਵਨ ਰਾਹਾਂ 'ਤੇ ਵਿਛਿਆ ਹਰਾ ਹਰਾ ਘਾਹ।

(15-11-49)

ਅਜ਼ਾਦ ਜੀਵਨ

ਜਿਸ ਵਿੱਚ ਨਾ ਯਾਦ ਬਜ਼ੁਰਗਾਂ ਦੀ, ਹੁੰਦੀ ਉਹ ਕੌਮ ਆਬਾਦ ਨਹੀਂ।
ਨਾ ਸਬਕ ਚੰਗੂ ਸਮਝਾ ਸਕੇ, ਆਖੀਦਾ ਉਹ ਉਸਤਾਦ ਨਹੀਂ।
ਰਲ ਮਿਲ ਨਾ ਬੈਠਣ ਲੋਕ ਜਿੱਥੇ, ਉਹ ਬਸਤੀ ਵੀ ਆਬਾਦ ਨਹੀਂ।
ਹੁੰਦਾ ਨਾ ਗਾਇਨ ਰਸੀਲਾ ਜੋ, ਉਸ ਗਾਉਣ ਦਾ ਕੋਈ ਸੁਆਦ ਨਹੀਂ।
ਜਿੱਤੇ ਨਾ ਜਿਸ ਨੇ ਪੰਜ ਬਲੀ, ਹੁੰਦਾ ਉਹ ਪੂਰਾ ਸਾਧ ਨਹੀਂ।
ਕਵਿਤਾ ਨਾ ਉਸ ਨੂੰ ਆਖੀਦਾ, ਜਿਸ ਅੰਦਰ ਕਾਵਿ ਮਰਯਾਦ ਨਹੀਂ।
ਲੱਗੇ ਨਾ ਹੂ ਬਹੂ ਉਹੀ, ਉਹ ਕੀਤਾ ਕੁਝ ਅਨੁਵਾਦ ਨਹੀਂ।
ਜੋ ਜੀਵਨ 'ਪਦਮ' ਆਜ਼ਾਦ ਨਹੀਂ, ਉਸ ਜੀਵਨ ਦਾ ਕੋਈ ਸੁਆਦ ਨਹੀਂ।

ਬੂੰਦ

ਸਿਰ ਪਰਨੇ ਨੀਲੇ ਅਸਮਾਨੋਂ, ਬੂੰਦ ਤੜਪਦੀ ਆਈ
ਸਾਗਰ ਦੀ ਛਾਤੀ 'ਤੇ ਡਿਗ ਕੇ, ਬੋਲੀ ਇਉਂ ਮੁਸਕਰਾਈ
ਕੁੱਲ ਅੱਗੇ ਜੁਜ ਤਾਈਂ ਹਮੇਸ਼ਾ, ਬਣਦਾ ਸੀਸ ਝੁਕਾਉਣਾ
ਇਸ ਤੋਂ ਬਿਨਾਂ ਨਾ ਥਲ ਪਰਬਤ ਵਿੱਚ ਸ਼ਾਂਤੀ ਕਿਤੇ ਥਿਆਈ।

ਰੁੱਖ

ਰੁੱਖਾਂ ਦਾ ਕੰਮ ਹੈ ਸਦਾ ਸਦਾ ਫੁੱਲ ਵੰਡਣਾ ਫਲ਼ ਵੰਡਣਾ
ਛਾਂਵਾਂ ਦਾ ਲੰਗਰ ਲਾ ਲਾ ਰਾਹੀਆਂ ਨਾਲ ਯਾਰੀ ਗੰਢਣਾ
ਪੰਛੀਆਂ ਦੇ ਕਵੀ ਦਰਬਾਰ ਦਾ ਸੋਹਣਾ ਸ਼ਾਮਿਆਨਾ ਹੈ
ਬਿਨਾਂ ਕਿਸੇ ਪੁੱਛ ਗਿੱਛ ਦੇ ਆਉਣਾ ਤੇ ਜਾਣਾ ਹੈ
ਖੁਸ਼ਬੂਆਂ ਦੀ ਖੇਡ ਕਰਨ, ਵਾਵਾਂ ਦਾ ਖਜ਼ਾਨਾ ਹੈ
ਧਰਤੀ 'ਤੇ ਪੈਰ ਰੱਖ ਕੇ, ਅਸਮਾਨਾਂ ਵੱਲ ਨਿਗਾਹ ਰੱਖਣੀ
ਪੌਣ ਨਾਲ ਰਲ ਕੇ ਖੇਲਣਾ, ਪਾਣੀ ਦਾ ਅੰਮ੍ਰਿਤ ਚੱਖਣਾ।

ਪਿਆਰ

ਰੱਖ ਕੇ ਸੀਸ ਤਲੀ ਟੁਰ ਹੁੰਦਾ, ਪੈਂਦਾ ਆਪ ਗਵਾਉਣਾ ਤਪਦਾ ਤੌਣਾ
ਰਾਹ ਵਿੱਚ ਲੱਖ ਮੁਸੀਬਤਾਂ ਆਵਣ, ਔਖਾ ਸਮਾਂ ਲੰਘਾਉਣਾ ਖਲ ਉਧੜੌਣਾ
ਦੇਸ ਸੱਜਣ ਦਾ ਦੂਰ ਸੁਣੀਂਦਾ, ਜਾਈਦਾ ਕੱਟ ਪਹਾੜਾਂ ਵਿੱਚ ਉਜਾੜਾਂ
'ਦੀਨ' ਇਸੇ ਲਈ ਸਿਆਣੇ ਆਖਣ, ਮੁਸ਼ਕਲ ਪਿਆਰ ਨਿਭਾਉਣਾ ਸੌਖਾ ਲਾਉਣਾ।

ਪਤਿਬ੍ਰਤਾ

ਪਤਿਬ੍ਰਤਾ ਹੈ ਧਰਮ ਉਚੇਰਾ, ਜਾਣੇ ਸਭ ਲੁਕਾਈ
ਜਿਨਾ ਨਾਉਂ ਸੋਹਾਗਣ ਹੈਸੀ, ਤਿਨਾ ਝਾਕ ਨਾ ਕਾਈ
ਭਾਵੇਂ ਸੋਲਾਂ ਕਲਾਂ ਸੰਪੂਰਨ, ਚੰਦ ਹੋਵੇ ਅਤੀ ਸੁੰਦਰ
ਪਰ ਨਾ 'ਪਦਮ' ਪਦਮਨੀ ਤੱਕੇ ਬਿਨਾਂ ਸੂਰਜ ਦੇ ਕਾਈ।

ਭੋਲੇ ਲੋਕ

ਭੋਲੇ ਲੋਕੀ ਥਹੁ ਨਾ ਜਾਣਨ, ਗੱਲ ਨਾ ਮੰਨਣ ਦੱਸੀ
ਫਿਰਦੇ ਮਗਰ ਪਖੰਡੀ ਗੁਰੂਆਂ, ਉਲਟੀ ਮਤ ਦਿਲ ਵੱਸੀ
ਇਨ੍ਹਾਂ ਤਿਲਾਂ ਵਿੱਚ ਤੇਲ ਹੈ ਨਹੀਂ, ਚੰਗਾ ਭਲਾ ਪਛਾਨਣ
ਫਿਰ ਵੀ 'ਪਦਮ' ਕਮਲੇ ਪਏ ਭਾਲਣ, ਝੋਟਿਆਂ ਘਰੋਂ ਲੱਸੀ।

ਫੁੱਲਾਂ ਦੀ ਅਰਜ਼ੋਈ

ਹੱਸਣ ਦੀ ਹੈ ਬਾਣ ਅਸਾਡੀ, ਪੁੱਤ ਅਸੀਂ ਹਾਂ ਮਾਲੀ ਦੇ,
ਹੋ ਬੇਫਿਕਰ ਨੱਚੀਏ ਕੁੱਦੀਏ, ਸਿਰ ਆਪਣੀ ਮਾਂ ਡਾਲੀ ਦੇ।
ਨਾਲ ਪਿਆਰ ਦੇ ਲਾਡਾਂ ਅੰਦਰ, ਰੱਖਿਆ ਸਾਨੂੰ ਸਾਂਭ ਉਨ੍ਹਾਂ
ਨਾ ਤੋੜੀਂ ਪ੍ਰਦੇਸੀ ਰਾਹੀਆ, ਦਿਲ ਨਹੀਂ ਕਿਸੇ ਦੇ ਜਾਲੀਦੇ।

ਮੈਂ ਇਮਾਰਤਸਾਜ਼ ਨਹੀਂ

ਮੈਂ ਇਮਾਰਤਸਾਜ਼ ਨਹੀਂ ਕੇਵਲ ਨਕਸ਼ਾ ਨਵੀਸ ਹਾਂ
ਤੂੰ ਹੀ ਦੱਸ ਮੈਂ ਤੇਰੀ ਕਿਵੇਂ ਕਰ ਸਕਦਾ ਰੀਸ ਹਾਂ
ਤੇਰਾ ਬ੍ਰਹਮੰਡ ਵਿਸ਼ਾਲ ਹੈ ਤੇ ਤੇਰਾ ਸਾਗਰ ਬੇਅੰਦਾਜ਼
ਤੇਰੇ ਜੀਅ ਜੰਤ ਅਸੰਖ ਇਥੇ ਮੈਂ ਕੀ ਖਵੀਸ ਹਾਂ
ਮਿੱਟੀ ਦੀ ਨਿੱਕੀ ਜੇਹੀ ਗਾਗਰ ਹੈ
ਵਿੱਚ ਪਾਇਆ ਕਿਸੇ ਕਿਵੇਂ ਸਾਗਰ ਹੈ
ਸਾਗਰ ਦੀ ਥਾਹ ਦੱਸ ਕਿੰਜ ਪਾਈਏ
ਏਸ ਨਦੀ ਦਾ ਸਾਨੂੰ ਭੇਤ ਨਹੀਂ, ਚਾਂਦੀ ਦਾ ਪਾਣੀ ਹੇਤ ਨਹੀਂ।

ਝੇੜੇ

ਪਦਮਾ ! ਦੁਨੀਆਂ ਵਿੱਚ ਆ ਕੇ ਤੇ ਵਾਧੂ ਹੀ ਛੇੜੇ ਝੇੜੇ ਨੇ
ਨਾ ਮੁੱਕਣ ਤੇਰੇ ਮੁੱਕਣ ਤੱਕ, ਨਾ ਪਿੱਛੇ ਕਿਸੇ ਨਿਬੇੜੇ ਨੇ
ਝੇੜਿਆਂ ਦੀ ਨਦੀ ਦੇ ਲੰਘਣ ਵਿੱਚ, ਕਿਤਨੇ ਹੀ ਡੁੱਬੇ ਬੇੜੇ ਨੇ
ਛੱਡ ਖਹਿੜਾ ਦੁਖੜੀ ਦੁਨੀਆਂ ਦਾ ਕੀ ਲੈਣੇ ਇੱਥੋਂ ਪੇੜੇ ਨੇ?

ਚੰਦਨ

ਚੰਦਨਾ! ਤੂੰ ਕਿਧਰ ਭੁੱਲ ਆਇਓਂ, ਬਾਂਸਾਂ ਦੇ ਵਣ ਅੰਦਰ
ਜ਼ਾਲਮ ਲੋਕ ਇਹ ਸੜਦੇ ਰਹਿੰਦੇ, ਦੇਖਣ ਰਿੰਡ ਨਾ ਸੰਦਲ
ਆਪ ਤਾਂ ਸੜਨ ਆਪੋ ਵਿੱਚ ਖਹਿਕੇ ਹੋਰਾਂ ਨੂੰ ਵੀ ਸਾੜਨ
ਕਦਰ ਭਲੇ ਦੀ ਜਾਣਨ ਨਾ ਇਹ ਆਕੜ ਕੰਨੇ ਚੰਧੜ।
ਉੱਤਰ
ਆਇਆ ਸਾਂ ਮੈਂ ਇਨ੍ਹਾਂ ਸੁਧਾਰਣ, ਮੁੱਕੇ ਖਹਿ ਇਨ ਸੰਦੀ
ਮਿਟ ਜਾਵੇ ਸਭ ਦੂਆ ਤੀਆ, ਭਰੀ ਜਾਇ ਸੁਗੰਧੀ
ਪਰ ਮੂਰਖਾਂ ਸਮਝ ਨਾ ਕੀਤੀ, ਸਾੜ ਮੈਨੂੰ ਵੀ ਸੁਟਿਆ
ਅੱਛਾ ਫਿਰ ਵੀ ਗੋਰ ਅਸਾਡੀ, ਦੇਸੀ ਸਦਾ ਸੁਗੰਧੀ।

ਇਸ ਗਲਤੀ ਨੂੰ

ਇਸ ਗਲਤੀ ਨੂੰ ਦੱਸੋ ਕਿਦਾਂ, ਕਿਸ ਤੋਂ ਮਾਫ ਕਰਾਈਏ
ਕਿਸ ਨੂੰ ਕਹਿ ਕੇ ਇਸ ਜਿੰਦੜੀ ਨੂੰ, ਸੱਜਰਾ ਸਾਲੂ ਪਾਇਆ।
ਖੁਸ਼ਬੂਆਂ ਦੇ ਪਿਛੇ ਲੱਗ ਕੇ, ਕਦਮ ਇਧਰ ਚੱਲ ਆਏ
ਅੱਗੋਂ ਵੀ ਕੋਈ ਆ ਕੇ ਦੱਸੇ, ਕਿਸ ਪਾਸੇ ਨੂੰ ਜਾਈਏ।
ਪੈਂਡਾਂ ਜੇ ਮੁਸ਼ਕਲ ਵੀ ਹੋਵੇ, ਮੁਸ਼ਕਲ ਸਹਿਲ ਬਣਾਈਏ
ਏਸ ਜਿੰਦ ਨੂੰ ਕਿਸੇ ਬਹਾਨੇ, ਕਿਸੇ ਦੇ ਲੇਖੇ ਲਾਈਏ।
ਸਧਰਾਂ ਸਾਡੀਆਂ ਛੋਪ ਪੂਰਿਆ, ਜਿੰਦ ਜਗਾਈਆਂ ਜੋਤਾਂ
ਇਸ ਮੰਦਰ ਦੇ ਠਾਕੁਰ ਨੂੰ ਹੁਣ ਕਿੱਥੋਂ ਲੱਭ ਕੇ ਲਿਆਈਏ।

ਜਮਨਾ ਕਿਨਾਰੇ

ਬੜੇ ਚਿਰ ਪਿਛੋਂ ਜਮਨਾ ਕਿਨਾਰੇ
ਕਲਮ ਦੀ ਗੱਲ ਛਿੜਨ ਲੱਗੀ ਹੈ
ਸਦੀਆਂ ਬਾਦ ਸ਼ਾਇਦ ਜਮਨਾ ਕਿਨਾਰੇ,
ਸਨਮ ਦੀ ਗੱਲ ਛਿੜਨ ਲੱਗੀ ਹੈ
ਇਸ ਕਲਮ ਤੇ ਸਨਮ ਦੇ ਸਦਕੇ,
ਕੋਈ ਤਾਂ ਮਰਮ ਪਾਏਗਾ?
ਲਗਦੈ ਜਿਉਂ ਮਾਰੂਥਲ 'ਚ
ਕੋਈ ਚੰਬੇਲੀ ਖਿੜਨ ਲੱਗੀ ਹੈ।

ਅੰਤ

ਲੱਕ ਝੁਕਦਾ ਝੁਕਦਾ ਜਾਂਦਾ ਹੈ
ਤਨ ਸੁੱਕਦਾ ਸੁੱਕਦਾ ਜਾਂਦਾ ਹੈ
ਸਾਹ ਰੁਕਦਾ ਰੁਕਦਾ ਜਾਂਦਾ ਹੈ
ਪੰਧ ਮੁਕਦਾ ਮੁਕਦਾ ਜਾਂਦਾ ਹੈ
ਲੇਖਾ ਚੁਕਦਾ ਚੁਕਦਾ ਜਾਂਦਾ ਹੈ
ਵੇਲਾ ਢੁੱਕਦਾ ਢੁੱਕਦਾ ਜਾਂਦਾ ਹੈ
ਕਾਲ ਜਾਦੂ ਹੁਕਦਾ ਜਾਂਦਾ ਹੈ
ਤੇਲ ਮੁੱਕਦਾ ਮੁੱਕਦਾ ਜਾਂਦਾ ਹੈ।

ਇਸ਼ਨਾਨ

ਤੜਕੇ ਉੱਠ ਕੇ ਕਰੋ ਇਸ਼ਨਾਨ
ਤਨ ਮਨ ਦਾ ਹੋਵੇ ਕਲਿਆਣ
ਜੇ ਕੋਈ ਠੰਢੇ ਪਾਣੀ ਨ੍ਹਾਵੇ
ਜਾਂ ਦਰਿਆ ਵਿੱਚ ਗੋਤਾ ਲਾਵੇ
ਮੈਲ ਸਾਰੀ ਹੀ ਧੋਤੀ ਜਾਵੇ
ਸਾਰੇ ਬਦਨ 'ਚ ਖੇੜਾ ਲਿਆਵੇ
ਨ੍ਹਾ ਕੇ ਬੰਦਾ ਚੁਸਤ ਹੈ ਹੁੰਦਾ
ਦਿਲ ਦਿਮਾਗ਼ ਦਰੁਸਤ ਹੈ ਹੁੰਦਾ
ਰੋਗ ਕੋਈ ਨਾ ਨੇੜੇ ਆਵੇ
ਜਿੱਥੇ ਜਾਵੇ ਸ਼ੋਭਾ ਪਾਵੇ।

ਕਲੀ

ਬੁੱਕਾਂ ਭਰ ਭਰ ਧਰਤੀ ਦਿੱਤੀ, ਵਰ੍ਹਿਆਂ ਦੀ ਖ਼ੁਸ਼ਬੋਈ
ਕਲੀ ਨਿਮਾਣੀ ਦੀ ਜਿੰਦ ਨਿਕੜੀ, ਚੰਦ ਚਾਨਣੀ ਹੋਈ
ਅਸਮਾਨੋਂ ਤੁਰ ਆਏ ਤਾਰੇ, ਸ਼ਬਨਮ ਬਣ ਬਣ ਚਮਕੇ
ਵਾਰੇ ਸਦਕੇ ਜਾਹ ਕਲੀ ਤੋਂ, ਲੋਟ ਪੋਟ ਸਭ ਹੋਈ।

(26-5-62)

ਗੋਲੇ ਕਬੂਤਰ

ਇਹ ਗੋਲੇ ਕਬੂਤਰ ਵੀ ਗੁਰੂ ਦੇ ਦੁਆਰੇ ਰਹਿੰਦੇ ਨੇ
ਮੰਗਾਂ ਮੁਰਾਦਾਂ ਤੋਂ ਬੇਪ੍ਰਵਾਹ, ਗੁਰੂ ਦੇ ਪਿਆਰੇ ਰਹਿੰਦੇ ਨੇ
ਨਾ ਖਾਣ ਦੀ ਖਾਹਸ਼ ਨਾ ਪਾਣ ਦੀ ਜ਼ਹਿਮਤ
ਪੌਂਡਾਂ ਦੇ ਪੁਆੜੇ ਤੋਂ ਇਹ ਕਿਨਾਰੇ ਰਹਿੰਦੇ ਨੇ।

ਯੁਵਰਾਜ

ਹਰ ਇੱਕ ਪੀੜ੍ਹੀ ਜਣਦੀ ਆਈ, ਨਵਾਂ ਨਵਾਂ ਯੁਵਰਾਜ
ਹਰ ਇੱਕ ਮਹਿਫਲ ਅੰਦਰ ਗੂੰਜੇ, ਆਪਣਾ ਆਪਣਾ ਸਾਜ਼।

ਲੇਖਕ - ਜਾਣ ਪਛਾਣ

ਪ੍ਰੋ. ਪਿਆਰਾ ਸਿੰਘ ਪਦਮ ਅਜਿਹੇ ਕਰਮਯੋਗੀ ਕਲਾਤਮਕ ਸ਼ੈਲੀ ਦੇ ਕਲਮਧਾਰੀ ਸਨ ਜਿਨ੍ਹਾਂ ਨੇ 50 ਸਾਲਾ ਸਾਹਿਤਕ ਸਾਧਨਾਂ ਸਦਕਾ ਆਪਣੇ ਆਪ ਨੂੰ ਇਕ ਸੰਸਥਾ ਦੇ ਰੂਪ ਵਿੱਚ ਸਥਾਪਤ ਕਰ ਲਿਆ ਸੀ। ਉਨ੍ਹਾਂ ਨੇ ਪੰਜਾਬੀ ਭਾਸ਼ਾ, ਸਾਹਿੱਤ, ਲਿੱਪੀ ਅਤੇ ਸਿੱਖ ਮਤ ਅਤੇ ਸਭਿਆਚਾਰ ਬਾਰੇ ਵਿਗਿਆਨਕ ਤੇ ਪ੍ਰਮਾਣਿਕ ਢੰਗ ਨਾਲ ਅਜੇਹੀਆਂ ਰਚਨਾਵਾਂ ਦਿੱਤੀਆਂ ਹਨ ਜੋ ਅੱਜ ਤੱਕ ਅਣਗੌਲੀਆਂ ਸਨ। ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿੱਤ ਦੀ ਰੂਪ ਰੇਖਾ ਤੇ ਕਲਮ ਦੇ ਧਨੀ ਉਨ੍ਹਾਂ ਦੀਆਂ ਆਲੋਚਨਾਤਮਿਕ ਪ੍ਰਤਿਭਾ ਦਾ ਪ੍ਰਮਾਣ ਹਨ ਤੇ ਪ੍ਰਾਚੀਨ ਪੰਜਾਬੀ ਸਾਹਿੱਤ ਦੀ ਸੰਭਾਲ ਲਈ ਜਿਵੇਂ ਉਨ੍ਹਾਂ ਕਾਵਿ ਰੂਪਾਂ ਦੇ ਆਧਾਰ ਤੇ ਵਿਧੀਵਤ ਸਾਹਿੱਤਕ ਅਧਿਐਨ ਪੇਸ਼ ਕੀਤੇ ਹਨ, ਉਸ ਲਈ ਉਨ੍ਹਾਂ ਨੂੰ ਸਦਾ ਯਾਦ ਕੀਤਾ ਜਾਵੇਗਾ ਕਿਉਂਕਿ ਇਸ ਖੋਜ ਨੇ ਦੋ ਸੌ ਤੋਂ ਵੱਧ ਅਗਿਆਤ ਕਵੀਆਂ ਦਾ ਪਰਿਚਯ ਪਾਠਕਾਂ ਤੱਕ ਪਹੁੰਚਾਇਆ ਹੈ।

ਸਿੱਖ ਧਰਮ ਤੇ ਸਿੱਖ ਸਾਹਿੱਤ ਦੇ ਗੰਭੀਰ ਅਧਿਐਨ ਬਾਰੇ ਉਨ੍ਹਾਂ ਦਾ ਕਾਰਜ ਬਹੁਤ ਮਹੱਤਵਪੂਰਨ ਹੈ। ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਰਹਿਤਨਾਮਿਆਂ ਤੇ ਹੋਰ ਦੁਰਲੱਭ ਇਤਿਹਾਸਕ ਲਿਖਤਾਂ ਸਬੰਧੀ ਉਨ੍ਹਾਂ ਦੀ ਖੋਜ ਨਵੀਂ ਦ੍ਰਿਸ਼ਟੀ ਉਘਾੜਦੀ ਹੈ। ਉਲਾਰ ਵਿਚਾਰ ਜਾਂ ਕੱਟੜਤਾ ਦਾ ਕੁਠਾਰ ਉਨ੍ਹਾਂ ਨੂੰ ਸਵੀਕਾਰ ਨਹੀਂ ਸੀ। ਉਨ੍ਹਾਂ ਨੇ ਸਿੱਖ ਮਤ ਨੂੰ ਸਦਾ ਵਿਸ਼ਵ-ਧਰਮ ਦੇ ਰੂਪ ਵਿੱਚ ਹੀ ਪੇਸ਼ ਕਰਨ ਦਾ ਯਤਨ ਕੀਤਾ।

ਇਹ ਹਥਲਾ ਕਾਵਿ ਸੰਗ੍ਰਹਿ 'ਬਗੀਚਾ' ਉਨ੍ਹਾਂ ਦੀ ਕਾਵਿਕ ਸ਼ੈਲੀ ਦਾ ਇਕ ਵੱਖਰਾ ਰੰਗ ਹੈ।

ਜੀਵਨ ਯਾਤਰਾ :-

ਜਨਮ 28 ਦਸੰਬਰ, 1921	- ਘੁੰਗਰਾਣਾ (ਲੁਧਿਆਣਾ)
ਮਈ 43 - ਅਪ੍ਰੈਲ 1950	- ਲੈਕਚਰਾਰ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ।
ਅਪ੍ਰੈਲ 50 - ਅਕਤੂਬਰ 1965	- ਭਾਸ਼ਾ ਵਿਭਾਗ, ਪਟਿਆਲਾ।
ਜੂਨ 66 - ਦਸੰਬਰ 1983	- ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਅਕਾਲ ਚਲਾਣਾ	- 1 ਮਈ, 2001



INDO PRINTERS 98142-20571